ਧੰਨ ਧੰਨ
ਸ੍ਰੀ ਗੁਰੂ ਰਵਿਦਾਸ ਜੀ
ਦੇ 646ਵੇਂ ਪ੍ਰਕਾਸ਼
ਦਿਹਾੜੇ ਦੀਆਂ ਅਦਾਰਾ
"ਦੇਸ਼ ਦੁਆਬਾ"
ਵੱਲੋਂ ਸਮੂਹ ਮਾਨਵਤਾ ਨੂੰ
ਲੱਖ-ਲੱਖ ਵਧਾਈਆਂ

11ਵਾਂ ਸਾਲ ਹਫਤਾਵਾਰੀ

# ਦੇਸ਼ ਦੁਆਬਾ

VOL -11 ISSUE -46
February 22, 2023
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ



ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ 5 ਮਾਰਚ 2023 ਦਿਨ ਐਤਵਾਰ ਨੂੰ, ਸ੍ਰੀ ਗੁਰੂ ਰਵਿਦਾਸ ਟੈਂਪਲ, ਰਿਓਲਿੰਡਾ (ਸੈਕਰਾਮੈਂਟੋ) ਵਿਖੇ ਗੁਰਪੁਰਬ ਅਤੇ ਵਿਸ਼ਾਲ ਨਗਰ ਕੀਰਤਨ 12 ਮਾਰਚ 2023 ਦਿਨ ਐਤਵਾਰ ਨੂੰ ਅਤੇ ਸ੍ਰੀ ਗੁਰੂ ਰਵਿਦਾਸ ਟੈਂਪਲ (ਪ੍ਰਾਪਰਟੀ) ਯੂਨੀਅਨ ਸਿਟੀ (ਕੈਲੇਫੋਰਨੀਆ) ਵਿਖੇ 26 ਮਾਰਚ 2023 ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਜੀ ਦਾ 646ਵੇਂ ਪ੍ਰਕਾਸ਼ ਦਿਹਾੜੇ ਬਹੁਤ ਹੀ ਸ਼ਰਧਾ ਪੂਰਵਕ ਮਨਾਏ ਜਾ ਰਹੇ ਹਨ। ਪੂਰੀ ਜਾਣਕਾਰੀ ਲਈ ਸਬੰਧਤ ਗੁਰੂ ਘਰਾਂ ਨਾਲ ਸੰਪਰਕ ਕਰੋ ਜੀ। **-ਸੰਪਾਦਕ**

# ਅਮਰੀਕਾ 'ਚ ਬਰਫੀਲੇ ਤੂਫਾਨ ਦਾ ਕਹਿਰ ਹਾਲੇ ਵੀ ਜਾਰੀ

## 1600 ਤੋਂ ਵੱਧ ਉਡਾਣਾਂ ਰੱਦ, 65 ਹਜ਼ਾਰ ਤੋਂ ਵੱਧ ਲੋਕਾਂ ਦੇ ਘਰਾਂ 'ਚ ਬਿਜਲੀ ਕਟੌਤੀ

**ਵਾਸ਼ਿੰਗਟਨ (ਬਿਊਰੋ)–** ਅਮਰੀਕਾ ਦੇ ਕਈ ਇਲਾਕੇ ਇਨ੍ਹੀਂ ਦਿਨੀਂ ਭਾਰੀ ਬਰਫੀਲੇ ਤੂਫਾਨ ਦਾ ਸਾਹਮਣਾ ਕਰ ਰਹੇ ਹਨ। ਇਸ ਕਾਰਨ ਉਡਾਣਾਂ ਰੱਦ ਹੋਣ ਤੋਂ ਇਲਾਵਾ ਸੜਕੀ ਆਵਾਜਾਈ ਵੀ ਪ੍ਰਭਾਵਿਤ ਹੋਈ ਹੈ। ਤੂਫਾਨ ਕਾਰਨ ਬੁੱਧਵਾਰ ਨੂੰ ਐਰੀਜ਼ੋਨਾ ਤੋਂ ਵਯੋਮਿੰਗ ਤੱਕ ਅੰਤਰਰਾਜੀ ਹਾਈਵੇਅ ਬੰਦ ਕਰ ਦਿੱਤੇ ਗਏ ਸਨ। ਇਸ ਕਾਰਨ ਡਰਾਈਵਰ ਕਾਰਾਂ ਵਿੱਚ ਫਸ ਗਏ ਅਤੇ ਹਜ਼ਾਰਾਂ ਲੋਕਾਂ ਨੂੰ ਬਿਜਲੀ ਦੇ ਕੱਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਦਹਾਕਿਆਂ ਵਿੱਚ ਦੱਖਣੀ ਕੈਲੀਫੋਰਨੀਆ ਵਿੱਚ ਆਉਣ ਵਾਲਾ ਸਭ ਤੋਂ ਭਿਆਨਕ ਤੂਫਾਨ ਹੈ। ਇਨ੍ਹਾਂ ਨਾਜ਼ੁਕ ਹਾਲਾਤਾਂ ਤੋਂ ਅਗਲੇ ਕੁਝ ਦਿਨਾਂ ਤੱਕ ਰਾਹਤ ਮਿਲਣ ਦੀ ਸੰਭਾਵਨਾ ਨਹੀਂ ਹੈ।




ਠੰਢੇ ਮੌਸਮ ਦੀ ਸ਼ੁਰੂਆਤ ਦੇ ਨਾਲ, ਤੂਫਾਨ ਨੇ ਉੱਤਰੀ ਅਮਰੀਕਾ ਵਿੱਚ ਗੰਭੀਰ ਪ੍ਰਭਾਵ ਪਾਇਆ। ਸਕੂਲਾਂ, ਦਫਤਰਾਂ ਦੇ ਨਾਲ-ਨਾਲ ਮਿਨੀਸੋਟਾ ਵਿਧਾਨ ਸਭਾ ਨੂੰ ਵੀ ਬੰਦ ਕਰ ਦਿੱਤਾ ਗਿਆ ਹੈ। ਖ਼ਰਾਬ ਮੌਸਮ ਕਾਰਨ ਅਮਰੀਕਾ ਵਿੱਚ 1600 ਤੋਂ ਵੱਧ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਹਨ। ਇਸ ਤੋਂ ਇਲਾਵਾ ਦੇਸ਼ ਭਰ 'ਚ 5000 ਤੋਂ ਵੱਧ ਉਡਾਣਾਂ 'ਚ ਦੇਰੀ ਹੋਈ ਹੈ। ਡੇਨਵਰ ਇੰਟਰਨੈਸ਼ਨਲ ਏਅਰਪੋਰਟ 'ਤੇ ਲੋਕਾਂ ਨੂੰ ਘਰ ਜਾਣ ਲਈ ਦੋ ਘੰਟੇ ਤੋਂ ਵੱਧ ਦੇਰੀ ਹੋਈ।

ਵਾਇਮਿੰਗ ਹਾਈਵੇਅ ਬਚਾਅ ਕਰੂ ਦੇ ਮੈਂਬਰ ਜੇਰੇਮੀ ਬੀਕ ਨੇ ਕਿਹਾ ਕਿ ਬਚਾਅ ਕਰਮਚਾਰੀਆਂ ਨੇ ਵਾਹਨਾਂ ਵਿੱਚ ਫਸੇ ਲੋਕਾਂ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ, ਪਰ ਤੇਜ਼ ਹਵਾਵਾਂ ਨੇ ਇਸਨੂੰ ਲਗਪਗ ਅਸੰਭਵ ਬਣਾ ਦਿੱਤਾ। ਉਹ ਆਪਣਾ ਟਿਕਾਣਾ ਜਾਣਦੇ ਹਨ ਪਰ ਉਨ੍ਹਾਂ ਤੱਕ ਪਹੁੰਚਣਾ ਬਹੁਤ ਮੁਸ਼ਕਲ ਹੈ। ਵਯੋਮਿੰਗ ਦੇ ਟਰਾਂਸਪੋਰਟ ਵਿਭਾਗ ਨੇ ਸੋਸ਼ਲ ਮੀਡੀਆ ਰਾਹੀਂ ਜਾਣਕਾਰੀ ਦਿੱਤੀ ਹੈ ਕਿ ਸੂਬੇ ਦੇ ਉੱਤਰੀ ਹਿੱਸੇ ਦੀਆਂ ਜ਼ਿਆਦਾਤਰ ਸੜਕਾਂ ਲੰਘਣ ਯੋਗ ਨਹੀਂ ਹਨ।

ਪ੍ਰਸ਼ਾਂਤ ਉੱਤਰੀ-ਪੱਛਮ ਵਿੱਚ ਤੇਜ਼ ਹਵਾਵਾਂ ਅਤੇ ਭਾਰੀ ਬਰਫ਼ਬਾਰੀ ਵੀ ਵਾਸ਼ਿੰਗਟਨ ਵਿੱਚ ਕਲੈਚੈਂਕ ਪੀਕ ਉੱਤੇ ਪਿਛਲੇ ਹਫਤੇ ਦੇ ਅੰਤ ਵਿੱਚ ਮਾਰੇ ਗਏ ਤਿੰਨ ਪਰਬਤਾਰੋਹੀਆਂ ਦੀਆਂ ਲਾਸ਼ਾਂ ਦੀ ਖੋਜ ਕਰਨ ਲਈ ਬਚਾਅ ਦਲ ਦਾ ਕਾਰਨ ਬਣ ਰਹੀ ਹੈ। ਹਾਲਾਂਕਿ, ਉਹ ਲਾਸ਼ਾਂ ਨੂੰ ਲੱਭਣ ਲਈ ਇਸ ਹਫਤੇ ਬਾਅਦ ਦੁਬਾਰਾ ਕੋਸ਼ਿਸ਼ ਕਰਨਗੇ।

# ਜਾਤੀ ਆਧਾਰਿਤ ਵਿਤਕਰੇ 'ਤੇ ਪਾਬੰਦੀ ਲਗਾਉਣ ਵਾਲਾ ਅਮਰੀਕਾ ਦਾ ਪਹਿਲਾ ਸ਼ਹਿਰ ਬਣਿਆ ਸਿਆਟਲ








(ਰਿਪੋਰਟ ਅਤੇ ਤਸਵੀਰਾਂ ਅੰਦਰ ਦੇਖੋ)

DR. TAKHAR'S FAMILY
MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM,
Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SAROAY
INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
RAMESH SUMAN
Broker Realtor
RCS-D TM
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ
ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

ਪਰਾਧੀਨਤਾ ਪਾਪ ਹੈ ਜਾਣ ਲਿਓ ਰੇ ਮੀਤ
ਰਵਿਦਾਸ ਦਾਸ ਪ੍ਰਾਧੀਨ ਕੌ ਕੌਣ ਕਰੈ ਹੈ ਪ੍ਰੀਤ

# ਸ੍ਰੀ ਗੁਰੂ ਰਵਿਦਾਸ ਸਭਾ, ਫਰਿਜ਼ਨੋ (ਕੈਲੇਫੋਰਨੀਆ)



ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ) ਵੱਲੋਂ
ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 646ਵਾਂ
ਪ੍ਰਕਾਸ਼ ਦਿਹਾੜਾ 3, 4, 5 ਮਾਰਚ 2023 ਨੂੰ ਮਨਾਇਆ ਜਾ ਰਿਹਾ ਹੈ

## ਪ੍ਰੋਗਰਾਮਾਂ ਦਾ ਵੇਰਵਾ

ਆਰੰਭ ਸ੍ਰੀ ਅਖੰਡ ਪਾਠ ਸਹਿਬ – 3 ਮਾਰਚ 2023, 10 ਵਜੇ ਸਵੇਰੇ
ਨਿਸ਼ਾਨ ਸਾਹਿਬ ਦੀ ਸੇਵਾ – 4 ਮਾਰਚ 2023, 5 ਵਜੇ ਸ਼ਾਮੀ
ਭੋਗ ਸ੍ਰੀ ਅਖੰਡ ਪਾਠ ਸਾਹਿਬ – 5 ਮਾਰਚ 2023, ਸਵੇਰੇ 10 ਵਜੇ

ਹੋਰ ਵਧੇਰੇ ਜਾਣਕਾਰੀ ਲਈ ਗੁਰੂ ਘਰ ਦੇ ਫੋਨ ਨੰਬਰ:

**559-486-3091** ’ਤੇ ਸੰਪਰਕ ਕੀਤਾ ਜਾ ਸਕਦਾ ਹੈ

**Shri Guru Ravidass Sabha (CV) Fresno (California)**
**5025 S. Cherry Ave., Fresno (California) 93706**



# SUNSHINE AUTO CARE INC.

## WE REPAIR ALL MAKES & MODELS. AUTO, DIESEL TRUCK & TRAILERS

- DPF Filter Cleaning
- Clutch
- Transmission
- New/Used Tires
- Oil Changes
- Wheel Balancing
- Truck & Trailer Repair
- All Major & Minor Repairs
- We Do Aluminum Welding
- Computer Check
- Differential
- Inspections
- Van/Reefer Work

WE PROVIDE SHUTLE SERVICE FOR ALL CUSTOMERS

hablamos español
We Speak English, Spanish & Punjabi

We Provide Towing &
24/7 Mobile Road Services
For All Autos, Trucks & Trailers

Open Monday to Saturday

Com-Check
T-Check
EFS Check

ACCEPTED HERE
VISA MasterCard AMERICAN EXPRESS DISCOVER NETWORK





**1003 Moffat Blvd,**
**Manteca CA 95336**

# 209-239-1551

# ਜਾਤੀ ਆਧਾਰਿਤ ਵਿਤਕਰੇ 'ਤੇ ਪਾਬੰਦੀ ਲਗਾਉਣ ਵਾਲਾ ਅਮਰੀਕਾ ਦਾ ਪਹਿਲਾ ਸ਼ਹਿਰ ਬਣਿਆ ਸਿਆਟਲ









**ਸਿਆਟਲ, 22 ਫਰਵਰੀ (ਹਰਮਨਪ੍ਰੀਤ ਸਿੰਘ)**–ਸਿਆਟਲ, ਅਮਰੀਕਾ ਦਾ ਪਹਿਲਾ ਸ਼ਹਿਰ ਬਣ ਗਿਆ ਹੈ, ਜਿਸ ਨੇ ਭੇਦ-ਭਾਵ ਵਿਰੋਧੀ ਕਾਨੂੰਨ ਵਿਚ 'ਜਾਤੀ' ਸ਼ਬਦ ਨੂੰ ਵੀ ਸ਼ਾਮਲ ਕਰ ਲਿਆ ਹੈ । ਸਿਆਟਲ ਸਿਟੀ ਕੌਂਸਲ ਦੀ ਮੈਂਬਰ ਕਸਮਾ ਸਾਵੰਤ ਵਲੋਂ ਪੇਸ਼ ਕੀਤੇ ਇਸ ਮਤੇ ਨੂੰ 61 ਵੋਟਾਂ ਨਾਲ ਪਾਸ ਕਰ ਦਿੱਤਾ ਗਿਆ। ਕਸਮਾ ਸਾਵੰਤ ਨੇ 'ਅਜੀਤ' ਨਾਲ ਵਿਸ਼ੇਸ਼ ਗੱਲ ਕਰਦਿਆਂ ਕਿਹਾ ਕਿ ਕਾਫ਼ੀ ਸਮੇਂ ਤੋਂ ਇਹ ਸ਼ਿਕਾਇਤਾਂ ਮਿਲ ਰਹੀਆਂ ਸਨ ਕਿ ਕਈ ਵੱਡੀਆਂ ਕੰਪਨੀਆਂ 'ਚ ਉੱਚ ਅਹੁਦਿਆਂ 'ਤੇ ਬੈਠੇ ਕਈ ਹਿੰਦੂ ਬ੍ਰਾਹਮਣਵਾਦੀ ਸੋਚ ਵਾਲੇ ਵਿਅਕਤੀ ਦਲਿਤਾਂ ਅਤੇ ਕਈ ਹੋਰ ਕੌਮਾਂ ਦੇ ਵਿਅਕਤੀਆਂ ਨਾਲ ਭਾਰੀ ਵਿਤਕਰਾ ਕਰਦੇ ਹਨ ਅਤੇ ਇਸੇ ਤਹਿਤ ਹੀ ਕੈਲੀਫੋਰਨੀਆ ਦੀਆਂ ਅਦਾਲਤਾਂ 'ਚ ਕੁਝ ਕੇਸ ਵੀ ਚਲ ਰਹੇ ਹਨ ਪਰ ਅਮਰੀਕੀ ਕਾਨੂੰਨ 'ਚ ਜਾਤੀ ਵਿਤਕਰੇ ਦਾ ਲਫ਼ਜ਼ ਸ਼ਾਮਿਲ ਨਹੀਂ ਹੈ । ਇਸੇ ਕਾਰਨ ਅਸੀਂ ਇਹ ਮਤਾ ਸਿਆਟਲ ਸਿਟੀ ਕੌਂਸਲ 'ਚ ਅੱਜ ਪਾਸ ਕਰਵਾਇਆ, ਜੋ ਹੁਣ ਕਾਨੂੰਨ ਬਣ ਗਿਆ ਹੈ । ਉਨ੍ਹਾਂ ਦੱਸਿਆ ਕਿ ਜੇਕਰ ਕੋਈ ਵਿਅਕਤੀ ਹੁਣ ਜਾਤੀ, ਨਸਲ, ਰੰਗ, ਧਰਮ, ਲਿੰਗ, ਕੌਮੀਅਤ ਦੇ ਆਧਾਰ 'ਤੇ ਵਿਤਕਰਾ ਕਰੇਗਾ ਤਾਂ ਉਸ ਨੂੰ ਇਸ ਕਾਨੂੰਨ ਤਹਿਤ ਸਜ਼ਾ ਅਤੇ ਜੁਰਮਾਨਾ ਹੋਵੇਗਾ । ਇਸ ਮੌਕੇ ਭਾਰੀ ਗਿਣਤੀ 'ਚ ਭਾਰਤ ਸਮੇਤ ਵੱਖ-ਵੱਖ ਮੁਲਕਾਂ ਦੇ ਲੋਕ ਮਤੇ ਦੇ ਹੱਕ 'ਚ ਪਹੁੰਚੇ ਹੋਏ ਸਨ, ਜਦੋਂਕਿ ਮਤੇ ਦੇ ਹੱਕ ਵਿਚ 100 ਤੋਂ ਵੱਧ ਬੁਲਾਰਿਆਂ ਨੇ ਆਪਣੇ ਵਿਚਾਰ ਰੱਖੇ। ਪੰਜਾਬੀ ਭਾਈਚਾਰੇ ਵਲੋਂ ਖ਼ਾਲਸਾ ਗੁਰਮਤਿ ਸੈਂਟਰ ਦੇ ਮੁੱਖ ਪ੍ਰਬੰਧਕ ਡਾ. ਜਸਮੀਤ ਸਿੰਘ ਅਤੇ ਹੀਰਾ ਸਿੰਘ ਭੁੱਲਰ ਨੇ ਬੇਬਾਕ ਹੋ ਕੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਭਾਰਤ 'ਚ ਪਹਿਲਾਂ ਹੀ ਦਲਿਤਾਂ ਤੇ ਹੋਰ ਪਛੜੀਆਂ ਜਾਤੀਆਂ ਨਾਲ ਹੋ ਰਹੇ ਵਿਤਕਰੇ ਬਾਰੇ ਵੀ ਵਿਚਾਰ ਪੇਸ਼ ਕੀਤੇ । ਕੁਝ ਹਿੰਦੂ ਸੰਗਠਨਾਂ ਦੇ ਨੁਮਾਇੰਦਿਆਂ ਨੇ ਕਈ ਵਾਰ ਮਤੇ ਦੇ ਵਿਰੋਧ 'ਚ ਰੌਲਾ ਪਾਇਆ, ਜਿਸ 'ਤੇ ਸਪੀਕਰ ਨੇ ਤਿੰਨ ਵਾਰ ਉਨ੍ਹਾਂ ਨੂੰ ਝਾੜ ਪਾਈ ਅਤੇ ਅਖ਼ੀਰ 'ਚ ਮਤਾ ਵੋਟਾਂ ਨਾਲ 6-1 ਦੇ ਫ਼ਰਕ ਨਾਲ ਪਾਸ ਹੋ ਗਿਆ, ਜਿਸ ਦੀ ਸਾਰੇ ਭਾਈਚਾਰਿਆਂ ਖ਼ਾਸ ਕਰ ਏ-ਸ਼ਿਆਈ ਲੋਕਾਂ ਨੇ ਖ਼ੁਸ਼ੀ ਮਨਾਈ। ਇਸ ਇਤਿਹਾਸਕ ਮੌਕੇ ਪ੍ਰਸਿੱਧ ਸਿੱਖ ਚਿੰਤਕ ਤੇ ਬੁੱਧੀਜੀਵੀ ਸਤਪਾਲ ਸਿੰਘ ਪੁਰੇਵਾਲ, ਪ੍ਰਸਿੱਧ ਬੁਲਾਰੇ ਇੰਦਰਜੀਤ ਸਿੰਘ ਬੱਲੋਵਾਲ, ਦਿਲਬਾਗ ਸਿੰਘ, ਬਲਵੀਰ ਸਿੰਘ ਅਤੇ ਸਿਮਰਨ ਸਿੰਘ ਆਦਿ ਹਾਜ਼ਰ ਸਨ ।

**(ਧੰਨਵਾਦ ਸਹਿਤ)**



Pictures courtesy Inderjit Singh Ballowalia and Simran Singh

**www.deshdoaba.com**
**www.ambedkartimes.com**


# SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376




ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ

# ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

## ਜੀ ਦਾ 646ਵਾਂ ਗੁਰਪੁਰਬ ਮਿਤੀ 10, 11 ਅਤੇ 12 ਮਾਰਚ 2023 ਨੂੰ

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ

ਗੁਰੂ ਪਿਆਰੀ ਸਾਧ ਸੰਗਤ ਜੀ ਆਪ ਸਭ ਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਵੇਗੀ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 646ਵਾਂ ਗੁਰਪੁਰਬ ਦਿਹਾੜਾ ਮਿਤੀ 10, 11 ਅਤੇ 12 ਮਾਰਚ 2023 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, ਰਿਓਲਿੰਡਾ (ਕੈਲੇਫੋਰਨੀਆ) ਵਿਖੇ ਬੜੀ ਸ਼ਰਧਾ, ਪਿਆਰ, ਸਤਿਕਾਰ ਸਹਿਤ ਮਨਾਇਆ ਜਾ ਰਿਹਾ ਹੈ ਅਤੇ 12 ਮਾਰਚ 2023 ਨੂੰ 23ਵਾਂ ਮਹਾਨ ਨਗਰ ਕੀਰਤਨ ਵੀ ਕੱਢਿਆ ਜਾ ਰਿਹਾ ਹੈ। ਆਪ ਸਭ ਨੂੰ ਸਨਿਮਰ ਬੇਨਤੀ ਹੈ ਕਿ ਸਮੂਹ ਪਰਿਵਾਰ ਸਮੇਤ ਤਿੰਨੋ ਦਿਨ ਗੁਰੂ ਘਰ ਵਿਖੇ ਆਪਣੀਆਂ ਹਾਜ਼ਰੀਆਂ ਲਗਾ ਕੇ ਗੁਰੂ ਸਾਹਿਬਾਨ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਵਧੇਰੇ ਜਾਣਕਾਰੀ ਲਈ ਗੁਰੂ ਘਰ ਦੇ ਫੋਨ ਨੰਬਰ 'ਤੇ ਸੰਪਰਕ ਕਰੋ ਜੀ : 916-992-1710**

## Shri Guru Ravidass Temple, 6221 16th Street, Rio Linda, (CA) 95673






ਗੁਰੂ ਪਿਆਰੀ ਸਾਧ ਸੰਗਤ ਜੀ ਆਪ ਸਭ ਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਵੇਗੀ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 646ਵਾਂ ਗੁਰਪੁਰਬ ਦਿਹਾੜਾ ਮਿਤੀ 10, 11 ਅਤੇ 12 ਮਾਰਚ 2023 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, ਰਿਓਲਿੰਡਾ (ਕੈਲੇਫੋਰਨੀਆ) ਵਿਖੇ ਬੜੀ ਸ਼ਰਧਾ, ਪਿਆਰ, ਸਤਿਕਾਰ ਸਹਿਤ ਮਨਾਇਆ ਜਾ ਰਿਹਾ ਹੈ ਅਤੇ 12 ਮਾਰਚ 2023 ਨੂੰ 23ਵਾਂ ਮਹਾਨ ਨਗਰ ਕੀਰਤਨ ਵੀ ਕੱਢਿਆ ਜਾ ਰਿਹਾ ਹੈ।

ਆਪ ਸਭ ਨੂੰ ਸਨਿਮਰ ਬੇਨਤੀ ਹੈ ਕਿ ਸਮੂਹ ਪਰਿਵਾਰ ਸਮੇਤ ਤਿੰਨੋ ਦਿਨ ਗੁਰੂ ਘਰ ਵਿਖੇ ਆਪਣੀਆਂ ਹਾਜ਼ਰੀਆਂ ਲਗਾ ਕੇ ਗੁਰੂ ਸਾਹਿਬਾਨ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਸਮੂਹ ਕਾਜਲਾ ਪਰਿਵਾਰ ਵੱਲੋਂ ਆਪ ਸਭ ਨੂੰ ਲੱਖ-ਲੱਖ ਵਧਾਈਆਂ**

# ਹੰਸ ਰਾਜ ਕਾਜਲਾ



# ਜਾਤ ਅਧਾਰਿਤ ਭੇਦ ਭਾਵ ਬਾਰੇ ਕੀ ਕਹਿੰਦੇ ਨੇ ਭਾਰਤੀ-ਅਮਰੀਕੀ ਲੋਕ

ਅਮਰੀਕਾ ਦੇ ਸ਼ਹਿਰ ਸਿਆਟਲ ਵਿੱਚ ਜਾਤੀ ਅਧਾਰਿਤ ਵਿਤਕਰਾ ਹੁਣ ਗ਼ੈਰ-ਕਾਨੂੰਨੀ ਹੈ। ਸਿਆਟਲ ਜਾਤੀ ਆਧਾਰਿਤ ਭੇਦਭਾਵ 'ਤੇ ਪਾਬੰਦੀ ਲਗਾਉਣ ਵਾਲਾ ਅਮਰੀਕਾ ਦਾ ਪਹਿਲਾ ਸ਼ਹਿਰ ਬਣ ਗਿਆ ਹੈ। ਸਿਆਟਲ ਸਿਟੀ ਕੌਂਸਲ ਨੇ ਮੰਗਲਵਾਰ ਨੂੰ ਸ਼ਹਿਰ ਦੇ ਵਿਤਕਰੇ ਵਿਰੋਧੀ ਕਾਨੂੰਨ ਵਿੱਚ ਜਾਤੀ ਭੇਦਭਾਵ ਨੂੰ ਵੀ ਸ਼ਾਮਲ ਕਰ ਲਿਆ ਹੈ। 6-1 ਨਾਲ ਪਾਸ ਹੋਏ ਆਰਡੀਨੈਂਸ ਦੇ ਸਮਰਥਕਾਂ ਨੇ ਕਿਹਾ ਕਿ ਜਾਤੀ ਅਧਾਰਿਤ ਵਿਕਤਰਾ ਕੌਮੀ ਅਤੇ ਧਾਰਮਿਕ ਤੌਰ 'ਤੇ ਨਿਰਧਾਰਿਤ ਕੀਤੀਆਂ ਗਈਆਂ ਹੱਦਾਂ ਦੀ ਉਲੰਘਣਾ ਹੈ। ਅਜਿਹੇ ਕਾਨੂੰਨ ਬਗ਼ੈਰ ਜਾਤੀ ਭੇਦਭਾਵ ਦਾ ਸਾਹਮਣਾ ਕਰਨ ਵਾਲਿਆਂ ਦੀ ਸੁਰੱਖਿਆ ਨਹੀਂ ਕੀਤੀ ਜਾ ਸਕਦੀ।

ਸਿਆਟਲ ਦੀ ਸਿਟੀ ਕੌਂਸਲ ਵਿੱਚ ਇੱਕ ਹਿੰਦੂ ਪ੍ਰਤੀਨਿਧੀ ਨੇ ਇੱਕ ਪ੍ਰਸਤਾਵ ਪੇਸ਼ ਕੀਤਾ ਸੀ, ਜਿਸ ਨੇ ਭਾਰਤੀ ਮੂਲ ਦੇ ਲੋਕਾਂ ਵਿੱਚ ਬਹਿਸ ਛੇੜ ਦਿੱਤੀ ਸੀ। ਇਹ ਪ੍ਰਸਤਾਵ ਜਾਤੀ ਆਧਾਰਿਤ ਵਿਤਕਰੇ 'ਤੇ ਰੋਕ ਲਗਾਉਣ ਲਈ ਆਰਡੀਨੈਂਸ ਲਿਆਉਣ ਨਾਲ ਸਬੰਧਤ ਸੀ। ਇਸ ਪ੍ਰਸਤਾਵ ਨੂੰ ਪੇਸ਼ ਕਰਨ ਵਾਲੀ ਪ੍ਰਤੀਨਿਧੀ ਕਸ਼ਮਾ ਸਾਵੰਤ ਹੈ। ਕੌਂਸਲ ਨੇ ਮੰਗਲਵਾਰ ਨੂੰ ਪ੍ਰਸਤਾਵ 'ਤੇ ਵੋਟਿੰਗ ਕੀਤੀ, ਜਿਸ ਤੋਂ ਬਾਅਦ ਸਿਆਟਲ ਅਮਰੀਕਾ ਦਾ ਪਹਿਲਾ ਸ਼ਹਿਰ ਬਣ ਗਿਆ ਹੈ, ਜਿੱਥੇ ਜਾਤੀ ਅਧਾਰਿਤ ਵਿਤਕਰਾ ਗ਼ੈਰ-ਕਾਨੂੰਨੀ ਹੋ ਗਿਆ ਹੈ। ਪਰ ਇਸ ਮਤੇ ਦੇ ਪਾਸ ਹੋਣ ਤੋਂ ਬਾਅਦ ਦੱਖਣੀ ਏਸ਼ੀਆਈ ਭਾਈਚਾਰੇ ਦੇ ਲੋਕ ਦੋ ਮੱਤ ਹੋ ਗਏ ਹਨ। ਉਨ੍ਹਾਂ ਦਰਮਿਆਨ ਵਿਚਾਰਧਾਰਕ ਵੰਡ ਸਾਫ਼ ਦੇਖੀ ਜਾ ਸਕਦੀ ਹੈ। ਇਸ ਭਾਈਚਾਰੇ ਦੇ ਲੋਕ ਗਿਣਤੀ ਵਿੱਚ ਥੋੜ੍ਹੇ ਹਨ, ਪਰ ਉਨ੍ਹਾਂ ਨੂੰ ਪ੍ਰਭਾਵਸ਼ਾਲੀ ਸਮੂਹ ਵਜੋਂ ਦੇਖਿਆ ਜਾਂਦਾ ਹੈ। ਇਹ ਆਪਣੀ ਕਿਸਮ ਦਾ ਪਹਿਲਾ ਪ੍ਰਸਤਾਵ ਹੈ ਜੋ ਅਮਰੀਕਾ ਦੀ ਸਿਟੀ ਕੌਂਸਲ ਵਿੱਚ ਪੇਸ਼ ਕੀਤਾ ਗਿਆ ਹੋਵੇ। ਸਮਰਥਕ ਇਸ ਨੂੰ ਸਮਾਜਿਕ ਨਿਆਂ ਅਤੇ ਬਰਾਬਰਤਾ ਲਿਆਉਣ ਦੀ ਰਾਹ ਵੱਲ ਜਾਂਦਾ ਇੱਕ ਅਹਿਮ ਕਦਮ ਦੱਸ ਰਹੇ ਹਨ। ਦੂਜੇ ਪਾਸੇ, ਤਕਰੀਬਨ ਅੱਧੀ ਗਿਣਤੀ ਉਨ੍ਹਾਂ ਲੋਕਾਂ ਦੀ ਹੈ ਜੋ ਇਸ ਦਾ ਵਿਰੋਧ ਕਰ ਰਹੇ ਹਨ। ਵਿਰੋਧ ਕਰਨ ਵਾਲਿਆਂ ਦਾ ਇਲਜ਼ਾਮ ਹੈ ਕਿ ਇਸ ਮਤੇ ਦਾ ਮਕਸਦ ਦੱਖਣੀ ਏਸ਼ੀਆ ਦੇ ਲੋਕਾਂ ਖ਼ਾਸ ਕਰਕੇ ਭਾਰਤੀ ਅਮਰੀਕੀਆਂ ਨੂੰ ਨਿਸ਼ਾਨਾ ਬਣਾਉਣਾ ਹੈ। ਕਸ਼ਮਾ ਸਾਵੰਤ ਖ਼ੁਦ ਉੱਚ ਜਾਤੀ ਨਾਲ ਸਬੰਧਿਤ ਹਨ। ਉਨ੍ਹਾਂ ਕਿਹਾ, "ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਭਾਵੇਂ ਅਮਰੀਕਾ ਵਿੱਚ ਦਲਿਤਾਂ ਨਾਲ ਵਿਤਕਰਾ ਉਸ ਪੱਧਰ 'ਤੇ ਨਜ਼ਰ ਨਹੀਂ ਆਉਂਦਾ ਜਿੰਨਾ ਦੱਖਣੀ ਏਸ਼ੀਆ ਵਿੱਚ ਹਰ ਥਾਂ ਦੇਖਿਆ ਜਾ ਸਕਦਾ ਹੈ। ਪਰ ਫ਼ਿਰ ਵੀ ਅਮਰੀਕਾ ਵਿੱਚ ਅਜਿਹਾ ਵਿਤਕਰਾ ਹੁੰਦਾ ਹੈ ਤੇ ਇੱਕ ਹਕੀਕਤ ਹੈ।" ਭਾਰਤੀ ਮੂਲ ਦੇ ਕਈ ਅਮਰੀਕੀਆਂ ਦਾ ਵਿਚਾਰ ਹੈ ਕਿ ਜਾਤ ਨੂੰ ਨੀਤੀ ਦਾ ਹਿੱਸਾ ਬਣਾਉਣ ਨਾਲ ਅਮਰੀਕਾ ਵਿੱਚ 'ਹਿੰਦੂਫ਼ੋਬੀਆ' ਦੀਆਂ ਘਟਨਾਵਾਂ ਵਧ ਸਕਦੀਆਂ ਹਨ। ਅਮਰੀਕਾ ਵਿੱਚ 42 ਲੱਖ ਤੋਂ ਵੱਧ ਭਾਰਤੀ ਰਹਿੰਦੇ ਹਨ



ਪਿਛਲੇ ਤਿੰਨ ਸਾਲਾਂ ਦੌਰਾਨ ਪੂਰੇ ਅਮਰੀਕਾ ਵਿੱਚ ਦਸ ਹਿੰਦੂ ਮੰਦਰਾਂ ਅਤੇ ਪੰਜ ਮੂਰਤੀਆਂ ਦੀ ਭੰਨਤੋੜ ਦੀਆਂ ਘਟਨਾਵਾਂ ਵਾਪਰੀਆਂ ਹਨ। ਇਨ੍ਹਾਂ ਵਿੱਚ ਮਹਾਤਮਾ ਗਾਂਧੀ ਅਤੇ ਮਰਾਠਾ ਰਾਜਾ ਛਤਰਪਤੀ ਸ਼ਿਵਾਜੀ ਦੀ ਮੂਰਤੀ ਨਾਲ ਛੇੜਛਾੜ ਦਾ ਮਾਮਲਾ ਵੀ ਸ਼ਾਮਲ ਹੈ। ਕੁਝ ਲੋਕਾਂ ਨੇ ਇਨ੍ਹਾਂ ਘਟਨਾਵਾਂ ਨੂੰ ਹਿੰਦੂ ਭਾਈਚਾਰੇ ਨੂੰ ਡਰਾਉਣ ਦੀ ਕੋਸ਼ਿਸ਼ ਦੱਸਿਆ ਸੀ। ਅਮ-ਰੀਕਾ ਵਿੱਚ ਭਾਰਤੀ ਮੂਲ ਦੇ ਲੋਕਾਂ ਦੀ ਆਬਾਦੀ ਪ੍ਰਵਾਸੀਆਂ ਵਿੱਚ ਦੂਜੇ ਨੰਬਰ 'ਤੇ ਹੈ। ਅਮਰੀਕੀ ਕਮਿਊਨਿਟੀ ਸਰਵੇ ਦੇ 2018 ਦੇ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਨਿਊਜ਼ ਏਜੰਸੀ ਪੀਟੀਆਈ ਨੇ ਦੱਸਿਆ ਹੈ ਕਿ ਅਮਰੀਕਾ ਵਿੱਚ ਭਾਰਤੀ ਮੂਲ ਦੇ 42 ਲੱਖ ਲੋਕ ਰਹਿੰਦੇ ਹਨ।

ਸਿਆਟਲ ਸਿਟੀ ਕੌਂਸਲ ਦਾ ਆਰਡੀਨੈਂਸ ਉਸੇ ਤਰ੍ਹਾਂ ਦਾ ਹੈ ਜਿਸ ਤਰ੍ਹਾਂ ਦਾ 2021 ਵਿੱਚ ਸਾਂਟਾ ਕਲਾਰਾ ਮਨੁੱਖੀ ਅਧਿਕਾਰ ਕਮਿਸ਼ਨ ਵਿੱਚ ਇਕਓਵੈਲਟੀ ਲੈਬ (ਬਰਾਬਰਤਾ ਦੀ ਸੀਮਾ) ਲਿਆਉਣ ਦੀ ਕੋਸ਼ਿਸ਼ ਕੀਤੀ ਗਈ ਸੀ। ਅਮਰੀਕਾ ਵਿੱਚ ਰਹਿ ਰਹੇ ਭਾਰਤੀ ਮੂਲ ਦੇ ਲੋਕਾਂ ਦੇ ਇਤਰਾਜ਼ਾਂ ਨੂੰ ਸੁਣਨ ਤੋਂ ਬਾਅਦ ਇਸ ਪ੍ਰਸਤਾਵ ਨੂੰ ਰੱਦ ਕਰ ਦਿੱਤਾ ਗਿਆ ਸੀ। ਸਿਆਟਲ ਵਿੱਚ ਪੇਸ਼ ਪ੍ਰਸਤਾਵ ਵਿੱਚ ਸਮਾਨਤਾ ਲੈਬਜ਼ ਦੁਆਰਾ ਇੱਕ ਜਾਤੀ-ਅਧਾਰਤ ਸਰਵੇਖਣ ਦੀ ਵਰਤੋਂ ਕੀਤੀ ਗਈ ਹੈ। ਮਤੇ ਵਿੱਚ ਹਿੰਦੂ ਸ਼ਬਦ ਦੀ ਵਰਤੋਂ ਨਹੀਂ ਕੀਤੀ ਗਈ ਸੀ ਪਰ ਜਾਤੀ ਸਰਵੇਖਣ ਦੇ ਮਾਮਲੇ ਨੂੰ ਲੈ ਕੇ ਵਿਵਾਦ ਖੜ੍ਹਾ ਹੋ ਗਿਆ ਹੈ। ਅੰਬੇਡਕਰ ਫੂਲੇ ਨੈੱਟਵਰਕ ਆਫ਼ ਅਮਰੀਕਨ ਦਲਿਤਸ ਅਤੇ ਬਹੁਜਨਜ਼ ਨੇ ਇੱਕ ਬਿਆਨ ਜਾਰੀ ਕੀਤਾ ਹੈ। ਬਿਆਨ ਵਿੱਚ ਕਿਹਾ ਗਿਆ ਹੈ, "ਜਾਤੀ ਨੂੰ ਖ਼ਾਸ ਤੌਰ 'ਤੇ ਸੁਰੱਖਿਅਤ ਸ਼੍ਰੇਣੀ ਵਿੱਚ ਸ਼ਾਮਲ ਕਰਨ ਨਾਲ ਦੱਖਣ ਏਸ਼ੀਆਈ ਮੂਲ ਦੇ ਸਾਰੇ ਲੋਕਾਂ ਨੂੰ ਅਣਉਚਿਤ ਤਰੀਕੇ ਨਾਲ ਵੰਡੇ ਜਾਣਗੇ।" ਇਨ੍ਹਾਂ ਵਿੱਚ ਦਲਿਤ ਅਤੇ ਬਹੁਜਨ ਸਮਾਜ ਸ਼ਾਮਲ ਹਨ।"

ਬਿਆਨ ਵਿੱਚ ਕਿਹਾ ਗਿਆ ਹੈ, "ਜੇ ਇਹ ਕਾਨੂੰਨ ਪਾਸ ਹੋ ਜਾਂਦਾ ਹੈ, ਤਾਂ ਇਹ ਸਿਆਟਲ ਦੇ ਰੁਜ਼ਗਾਰ ਦੇਣ ਵਾਲੇ ਲੋਕ ਦੱਖਣੀ ਏਸ਼ੀਆ ਤੋਂ ਲੋਕਾਂ ਨੂੰ ਨੌਕਰੀ 'ਤੇ ਰੱਖਣ ਲੱਗਿਆਂ ਸੋਚਣ ਲੱਗਣਗੇ॥" ਬਿਆਨ ਵਿੱਚ ਕਿਹਾ ਗਿਆ ਹੈ,"ਇਸ ਨਾਲ ਦੱਖਣੀ ਏਸ਼ੀਆਈ ਮੂਲ ਦੇ ਲੋਕਾਂ ਨੂੰ ਮਿਲਣ ਵਾਲੇ ਰੁਜ਼ਗਾਰ ਦੇ ਮੌਕੇ ਘੱਟ ਜਾਣਗੇ।"

ਅਧਿਕਾਰਾਂ ਲਈ ਆਵਾਜ਼ ਉਠਾਉਣ ਵਾਲੀ ਇੱਕ ਖ਼ਾਸ ਸੰਸਥਾ ਇਕਊਐਲਟੀ ਲੈਬ ਨੇ ਸੋਮਵਾਰ ਨੂੰ ਸਿਟੀ ਕੌਂਸਲ ਦੇ ਮੈਂਬਰਾਂ ਨੂੰ 'ਹਾਂ' ਦੇ ਹੱਕ ਵਿਚ ਵੋਟ ਪਾਉਣ ਦੀ ਅਪੀਲ ਕੀਤੀ ਸੀ। ਇਕਓਐਲਟੀ ਲੈਬ ਨੇ ਕਿਹਾ, "ਅਸੀਂ ਲੰਬੇ ਸਮੇਂ ਤੋਂ ਜਾਣਦੇ ਹਾਂ ਕਿ ਅਮਰੀਕਾ ਦੇ ਸਕੂਲਾਂ ਅਤੇ ਕਾਰਜ ਸਥਾਨਾਂ ਵਿੱਚ ਨਸਲੀ ਵਿਤਕਰਾ ਹੁੰਦਾ ਹੈ, ਫ਼ਿਰ ਵੀ ਇਹ ਇੱਕ ਦੱਬਿਆ ਹੋਇਆ ਮੁੱਦਾ ਬਣਿਆ ਹੋਇਆ ਹੈ।"

ਕੋਲੀਏਸ਼ਨ ਆਫ਼ ਹਿੰਦੂਜ਼ ਆਫ਼ ਨਾਰਥ ਅਮਰੀਕਾ ਨਾਲ ਸਬੰਧਿਤ ਪੁਸ਼ਪਿਤਾ ਪ੍ਰਸਾਦ ਦਾ ਕਹਿਣਾ ਹੈ, "ਇਹ ਦੇਖਕੇ ਡਰ ਲੱਗਦਾ ਹੈ ਕਿ ਕਿ ਨਫ਼ਰਤ ਸਮੂਹਾਂ ਦੇ ਗ਼ਲਤ ਅੰਕੜਿਆਂ ਦੇ ਅਧਾਰ 'ਤੇ ਗੈਰ-ਪ੍ਰਮਾਣਿਤ ਦਾਅਵਿਆਂ ਦੁਆਰਾ ਘੱਟ ਗਿਣਤੀ ਭਾਈਚਾਰੇ ਨੂੰ ਖੁੱਲ੍ਹੇਆਮ ਅਲੱਗ-ਥਲੱਗ ਕਰ ਦਿੱਤਾ ਜਾਵੇ।" ਪੁਸ਼ਪਿਤਾ ਪ੍ਰਸਾਦ ਦਾ ਸਮੂਹ ਅਮਰੀਕਾ ਭਰ ਵਿੱਚ ਅਜਿਹੇ ਪ੍ਰਸਤਾਵਾਂ ਖ਼ਿਲਾਫ਼ ਮੁਹਿੰਮ ਚਲਾ ਰਿਹਾ ਹੈ। ਉਹ ਕਹਿੰਦੇ ਹਨ, "ਪ੍ਰਸਤਾਵਿਤ ਆਰਡੀਨੈਂਸ ਘੱਟਗਿਣਤੀ ਭਾਈਚਾਰੇ (ਦੱਖਣੀ ਏਸ਼ੀਆਈ ਲੋਕਾਂ ਦੇ) ਦੇ ਨਾਗਰਿਕ ਅਧਿਕਾਰਾਂ ਦੀ ਉਲੰਘਣਾ ਕਰੇਗਾ ਕਿਉਂਕਿ ਪਹਿਲਾਂ ਇਹ ਉਨ੍ਹਾਂ ਨੂੰ ਦੋ-ਫ਼ਾੜ ਕਰਕੇ ਮੁੱਖ ਧਾਰਾ ਤੋਂ ਬਾਹਰ ਕਰ ਦੇਵੇਗਾ। ਦੂਜਾ ਇਹ ਮਾਨਤਾ ਹੈ ਕਿ ਦੱਖਣੀ ਏਸ਼ੀਆ ਦੇ ਲੋਕਾਂ ਨਾਲ ਵਿੱਚ ਹੋਰ ਮਨੁੱਖੀ ਭਾਈਚਾਰਿਆਂ ਮੁਕਾਬਲੇ ਵਿਤਕਰੇ ਦੀ ਭਾਵਨਾ ਜ਼ਿਆਦਾ ਹੈ ਤੇ ਇਹ ਰਵੱਈਏ ਵਿੱਚ ਵੀ ਹੈ। ਇਸ ਦੇ ਨਾਲ ਹੀ ਇੱਕ ਹੋਰ ਗੱਲ ਵੀ ਕੇ ਇਹ ਧਾਰਨਾ ਵੀ ਨਫ਼ਰਤ ਸਮੂਹਾਂ ਦੇ ਗ਼ਲਤ ਅੰਕੜਿਆਂ 'ਤੇ ਅਧਾਰਤ ਹੈ। ਆਰਡੀਨੈਂਸ ਦੇ ਹੱਕ ਵਿੱਚ ਅਤੇ ਵਿਰੋਧ ਵਿੱਚ ਜਨਤਕ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ। ਇਸਦੇ ਸਮਰਥਕ ਅਮਰੀਕੀ ਅਖਬਾਰਾਂ ਵਿੱਚ ਕਾਲਮ ਅਤੇ ਲੇਖ ਲਿਖ ਰਹੇ ਹਨ।

ਉੱਤਰੀ ਅਮਰੀਕਾ ਦੇ ਹਿੰਦੂਆਂ ਦੇ ਗੱਠਜੋੜ ਨੇ ਦੱਖਣੀ ਏਸ਼ੀਆ ਦੇ ਸ਼ਹਿਰ ਦੇ ਕੌਂਸਲਰਾਂ ਅਤੇ ਲੋਕਾਂ ਨੂੰ ਆਪਣਾ ਪੱਖ ਦੱਸਦੇ ਹਜ਼ਾਰਾਂ ਈ-ਮੇਲ ਕੀਤੇ ਹਨ। ਉਨ੍ਹਾਂ ਨੇ ਵਿਰੋਧ ਕਰਨ ਲਈ ਮੀਟਿੰਗ ਦਾ ਆਯੋਜਨ ਕੀਤਾ ਹੈ ਤਾਂ ਜੋ ਸਾਰੇ ਕਾਰਨਾਂ ਦਾ ਹਵਾਲਾ ਦਿੰਦਿਆਂ ਇਸ ਨੂੰ ਇੱਕ 'ਮਾੜਾ ਵਿਚਾਰ' ਦੱਸਿਆ ਜਾ ਸਕੇ। ਤਕਰੀਬਨ 100 ਸੰਸਥਾਵਾਂ ਅਤੇ ਕਾਰੋਬਾਰਾਂ ਦੇ ਇੱਕ ਸਮੂਹ ਨੇ ਇਸ ਹਫ਼ਤੇ ਸਿਆਟਲ ਸਿਟੀ ਕੌਂਸਲ ਨੂੰ ਇੱਕ ਪੱਤਰ ਭੇਜਿਆ ਕੇ ਪ੍ਰਸਤਾਵ ਦੇ ਵਿਰੁੱਧ ਵੋਟ ਪਾਉਣ ਦੀ ਅਪੀਲ ਕੀਤੀ ਸੀ। ਕੁਲੀਸ਼ਨ ਆਫ਼ ਹਿੰਦੂਜ਼ ਆਫ਼ ਨਾਰਥ ਅਮਰੀਕਾ ਦੇ ਮੁਖੀ ਨਿਕੁੰਜ ਤ੍ਰਿਵੇਦੀ ਨੇ ਕਿਹਾ, "ਜੇ ਪ੍ਰਸਤਾਵਿਤ ਆਰਡੀਨੈਂਸ ਲਾਗੂ ਹੋ ਜਾਂਦਾ ਹੈ ਤਾਂ ਇਹ ਮੰਨਿਆ ਜਾਵੇਗਾ ਕਿ ਇਹ ਸਮੁੱਚਾ ਭਾਈਚਾਰਾ, ਖ਼ਾਸ ਤੌਰ 'ਤੇ ਅਮਰੀਕਾ 'ਚ ਰਹਿਣ ਵਾਲੇ ਹਿੰਦੂ ਜਾਤੀ ਦੇ ਲੋਕ ਜਾਤ ਆਧਾਰਿਤ ਵਿਤਕਰੇ ਦੇ ਮੁਲਜ਼ਮ ਹਨ, ਬਸ਼ਰਤੇ ਉਹ ਆਪਣੇ ਆਪ ਨੂੰ ਨਿਰਦੋਸ਼ ਸਾਬਤ ਕਰ ਦੇਣ।" "ਇਸ ਨੂੰ ਛੱਡ ਦਿਓ। ਇਹ ਅਮਰੀਕੀ ਸੱਭਿਆਚਾਰ ਨਹੀਂ ਹੈ ਅਤੇ ਗ਼ਲਤ ਹੈ।" ਦੂਜੇ ਪਾਸੇ ਪ੍ਰਸਤਾਵ ਪੇਸ਼ ਕਰਨ ਵਾਲੀ ਕਸ਼ਮਾ ਸਾਵੰਤ ਵੀ ਵੋਟਿੰਗ ਤੋਂ ਪਹਿਲਾਂ ਆਪਣੀ ਮੁਹਿੰਮ ਤੇਜ਼ ਕਰਨ ਵਿੱਚ ਰੁੱਝੀ ਹੋਈ ਸੀ। ਉਨ੍ਹਾਂ ਨੇ ਦੋ ਭਾਰਤੀ-ਅਮਰੀਕੀ ਕਾਂਗਰਸੀਆਂ ਰੋਅ ਖੰਨਾ ਅਤੇ ਪ੍ਰੇਮਿਲਾ ਜੈਪਾਲ ਨੂੰ ਪੱਤਰ ਲਿਖ ਕੇ ਸਮਰਥਨ ਦੀ ਮੰਗ ਕੀਤੀ ਸੀ। ਸਾਲ 1948 ਵਿੱਚ ਭਾਰਤ ਵਿੱਚ ਜਾਤ ਅਧਾਰਤ ਵਿਤਕਰੇ ਉੱਤੇ ਪਾਬੰਦੀ ਲਗਾ ਦਿੱਤੀ ਗਈ ਸੀ ਅਤੇ 1950 ਵਿੱਚ ਇਸ ਨੀਤੀ ਨੂੰ ਸੰਵਿਧਾਨ ਵਿੱਚ ਵੀ ਸ਼ਾਮਲ ਕੀਤਾ ਗਿਆ ਸੀ।

NSB Insurance
NIRMAL SINGH BADHAN
for Insurance Call:
NIRMAL SINGH BADHAN
707-228-2020
HEALTH INSURANCE RETIREMENT
LIFE INSURANCE COLLEGE PLANNING
LONG TERM CARE INS AUTO * HOME
FUNERAL EXPENSE BUSINESS

Call: 707-228-2020,
Fax: 707-260-2813
Lic #0144676
www.nsbinsures.com
1519 Gary CT., Rohnert Park, CA 94928

RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY Residential • Business • Commercial Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834


ਦੇਸ਼ ਦੁਆਬਾ

# ਸਤਿਗੁਰੂ ਰਵਿਦਾਸ ਬਾਣੀ ਵਿਚਾਰ



ਡਾ. ਜੀ. ਸੀ. ਕੌਲ
ਐਮ. ਏ., ਪੀ. ਐਚ. ਡੀ.
91-94632-23223

ਸਦੀਆਂ ਪਹਿਲਾਂ ਭਾਰਤ ਦੇ ਅਛੂਤਾਂ ਅੰਦਰ ਸਵੈਮਾਣ, ਸਵੈ-ਵਿਸ਼ਵਾਸ ਤੇ ਸਵੈ-ਸ਼ਕਤੀ ਦਾ ਅਹਿਸਾਸ ਜਗਾਉਣ ਵਾਲੇ ਸੰਤ-ਸਤਿਗੁਰੂ ਰਵਿਦਾਸ ਜੀ ਇਕ ਮਹਾਨ, ਆਕਰਸ਼ਕ, ਵਿਲੱਖਣ, ਅਦੁੱਤੀ ਤੇ ਬੇਮਿਸਾਲ ਵਿਅਕਤਿਤਵ ਦੇ ਮਾਲਕ ਸਨ। ਆਪ ਜੀ ਦੀਆਂ ਸਮਕਾਲੀਨ ਪ੍ਰਸਥਿਤੀਆਂ ਏਨੀਆਂ ਵਿਕਟ ਤੇ ਮਾਨਵਤਾ ਵਿਰੋਧੀ ਸਨ ਕਿ ਸਮੁੱਚੇ ਦੇਸ਼ ਵਿਚ ਛੂਤ-ਛਾਤ, ਜਾਤ-ਪਾਤ, ਊਚ-ਨੀਚ ਅਤੇ ਆਡੰਬਰ ਪੂਰਨ ਕਰਮ-ਕਾਂਡ ਪ੍ਰਧਾਨ ਸਨ। ਧਰਮ ਅਭਿਮਾਨੀ ਮਨੁੱਖਤਾ ਨੂੰ ਪੈਰਾਂ ਹੇਠ ਰੋਲ ਰਹੇ ਸਨ, ਵੈਰ, ਵਿਰੋਧ, ਨਫ਼ਰਤ, ਸਾੜਾ, ਕੀਨਾ, ਈਰਖਾ ਆਦਿ ਮਾਨਵਤਾ ਦਾ ਲਹੂ ਚਿੱਟਾ ਕਰ ਰਹੇ ਸਨ। ਅਜਿਹੇ ਸੰਕਟ-ਗ੍ਰਸਤ ਸਮੇਂ ਵਿਚ ਦੁਖੀ, ਪੀੜਤ, ਲਤਾੜੇ ਤੇ ਸਤਾਏ ਹੋਏ ਜਨ-ਸਾਧਾਰਨ ਨੂੰ ਗੁਰੂ ਰਵਿਦਾਸ ਨੇ ਆਪਣੀ ਅੰਮ੍ਰਿਤ-ਬਾਣੀ ਦੁਆਰਾ ਇਕ ਨਵੀਂ ਜ਼ਿੰਦਗੀ ਬਖਸ਼ੀ, ਧਾਰਮਿਕ ਤੇ ਸਮਾਜਿਕ ਸੇਧ ਦਿੱਤੀ ਅਤੇ ਭਾਰਤ ਨੂੰ ਰਸਾਤਲ ਦੀਆਂ ਡੂੰਘੀਆਂ ਖੱਡਾਂ ਵਿਚ ਡਿੱਗਣ ਤੋਂ ਬਚਾਇਆ।

ਸਤਿਗੁਰੂ ਰਵਿਦਾਸ ਚੇਤਨਾ ਦੀ ਲਟ-ਲਟ ਬਲਦੀ ਇਕ ਅਜਿਹੀ ਮਿਸ਼ਾਲ ਸੀ ਜਿਸਨੇ ਨਿਮਨ ਵਰਗ ਵਿਚ ਜੋਸ਼ ਅਤੇ ਉਤਸ਼ਾਹ ਦੀ ਇਕ ਅਜਿਹੀ ਅਗਨੀ ਪ੍ਰਚੰਡ ਕੀਤੀ, ਜੋ ਤਤਕਾਲੀਨ ਸਮਾਜ ਦੀਆਂ ਬੁਰਾਈਆਂ ਅਤੇ ਕੁਰੀਤੀਆਂ ਨੂੰ ਸਾੜ ਕੇ ਇਕ ਅਜਿਹਾ ਪ੍ਰਕਾਸ਼ ਪਿੱਛੇ ਛੱਡ ਗਈ ਕਿ ਅੱਜ ਵੀ ਲੱਖਾਂ ਪ੍ਰਾਣੀ ਉਸ ਤੋਂ ਰੌਸ਼ਨੀ ਪ੍ਰਾਪਤ ਕਰ ਰਹੇ ਹਨ।

ਗੁਰੂ ਜੀ ਸੱਚੇ ਕਰਮਯੋਗੀ, ਮਾਨਵਤਾਵਾਦੀ, ਨਿਰਵੈਰ ਤੇ ਨਿਰਵਿਰੋਧ ਸ਼ਖਸੀਅਤ, ਚੰਗੇ ਗ੍ਰਹਿਸਥੀ, ਸਹਿਣਸ਼ੀਲ, ਦਿਆਲੂ, ਪਰਉਪਕਾਰੀ, ਰੱਬੀ ਰਜ਼ਾ ਵਿਚ ਰਹਿਣ ਵਾਲੇ, ਅਮਲ ਪਸੰਦ, ਕਥਨੀ-ਕਰਨੀ ਵਿਚ ਸਮਾਨਤਾ ਰੱਖਣ ਵਾਲੇ, ਮਿੱਠ-ਬੋਲੜੇ, ਨਿਰਭੈ, ਤਰਕਸ਼ੀਲ, ਚੰਗੇ ਸ਼ਹਿਰੀ ਅਤੇ ਮਹਾਨ ਸੰਤ ਸਨ। ਉਨ੍ਹਾਂ ਦੀ ਬੇਮਿਸਾਲ ਸ਼ਖਸੀਅਤ ਦਾ ਹੀ ਪ੍ਰਭਾਵ ਸੀ ਕਿ ਅਖੌਤੀ ਨਿਮਨ ਵਰਗ ਵਿਚ ਪੈਦਾ ਹੋ ਕੇ ਵੀ ਉਹ ਸ਼ਾਹੀ ਖਾਨਦਾਨ ਦੇ ਰਾਜਗੁਰੂ ਬਣੇ ਅਤੇ ਅਨੇਕ ਰਾਜੇ-ਮਹਾਰਾਜੇ, ਪੰਡਤ ਅਤੇ ਕਥਿਤ ਉਚਤਮ ਵਰਗ ਦੇ ਲੋਕ ਉਨ੍ਹਾਂ ਦੇ ਸ਼ਿਸ਼ ਬਣੇ।

ਸੱਤ ਸਾਲ ਦੀ ਉਮਰ ਵਿਚ ਆਪ ਨੇ ਧਾਗੇ ਦਾ ਜਨੇਊ ਗਲ਼ ਵਿਚ ਪਾ ਲਿਆ, ਜੁੱਤੀਆਂ ਗੰਢਣ ਵਾਲੀ ਪੱਥਰੀ ਨੂੰ ਠਾਕੁਰ ਬਣਾ ਲਿਆ, ਧੇਲੇ ਦਾ ਰੰਗ ਲੈ ਕੇ ਮੱਥੇ ਤੇ ਮਲ਼ ਲਿਆ ਅਤੇ ਪ੍ਰੋਹਿਤਾਂ ਵਾਲਾ ਰੂਪ ਧਾਰ ਕੇ ਪੁਰਾਤਨ ਧਰਮ ਦੇ ਗੜ੍ਹ ਕਾਸ਼ੀ ਵਿਚ ਸੰਖ ਵਜਾ ਦਿੱਤਾ। ਇਨਕਲਾਬੀ ਰਹਿਬਰ ਵੱਲੋਂ ਪੰਡਤਾਂ ਵਾਲਾ ਪਹਿਰਾਵਾ ਧਾਰਨ ਕਰਨਾ ਧਰਮ ਨੂੰ 'ਜੱਦੀ ਕਿੱਤਾ' ਬਣਾਉਣ ਵਾਲੇ ਲੋਕਾਂ ਉਪਰ ਕਰਾਰੀ ਚੋਟ ਸੀ, ਇਕ ਵਾਰ ਸੀ, ਵੰਗਾਰ ਸੀ ਅਤੇ ਭਾਰਤ ਦੇ ਅਰਸ਼ਾਂ ਵਿਚ ਕਰਮਕਾਂਡੀ ਧਰਮ ਦੇ ਝੂਲ ਰਹੇ ਝੰਡੇ ਨੂੰ ਲੀਰੋ-ਲੀਰ ਕਰਨ ਲਈ ਬਗਾਵਤ ਵੱਲ ਪੁੱਟਿਆ ਪਹਿਲਾ ਕਦਮ ਸੀ। ਪੰਡਤਾਂ ਵੱਲੋਂ ਵਿਰੋਧ ਕਰਨ ਤੇ ਉਨ੍ਹਾਂ ਨੇ ਬੁਲੰਦ ਆਵਾਜ਼ ਵਿਚ ਕਿਹਾ:

**ਆਪਨ ਬਾਪੈ ਨਾਹੀ ਕਿਸੀ ਕੋ**
**ਭਾਵਨ ਕੋ ਹਰਿ ਰਾਜਾ।**

**ਅਰਥਾਤ:** ਪਰਮਾਤਮਾ ਕਿਸੇ ਦੇ ਬਾਪ ਦਾ ਨਹੀਂ, ਕਿਸੇ ਦੇ ਪਿਉ ਦੀ ਜਾਗੀਰ ਨਹੀਂ, ਉਸ ਵਿਚ ਨਿਸਚਾ ਅਤੇ ਪ੍ਰੇਮ-ਭਾਵਨਾ ਰੱਖਣ ਵਾਲਾ ਕੋਈ ਵੀ ਜੀਵ ਉਸਦੀ ਪੂਜਾ ਭਗਤੀ ਕਰ ਸਕਦਾ ਹੈ। ਧਰਮ ਵਿਚ ਪ੍ਰਚੱਲਿਤ ਆਰਤੀ ਨੂੰ ਆਪਨੇ 'ਝੂਠੇ ਸਗਲ ਪਸਾਰੇ' ਕਹਿ ਕੇ ਕੇਵਲ ਇਕ ਦਿਖਾਵਾ ਘੋਸ਼ਿਤ ਕੀਤਾ। ਮੂਰਤੀ ਪੂਜਕ ਭਗਤਾਂ ਵੱਲੋਂ ਅਖੌਤੀ ਦੇਵ-ਪੂਜਾ ਸਮੇਂ ਸੁੱਚੇ ਜਲ, ਫਲ-ਫੁੱਲ ਅਤੇ ਦੁੱਧ ਆਦਿ ਨਾਲ ਪੱਥਰਾਂ ਨੂੰ ਇਸ਼ਨਾਨ ਕਰਾਉਣ ਅਤੇ ਠਾਕੁਰਾਂ ਨੂੰ ਭੋਗ ਲਗਾਉਣ ਦੇ ਤਰੀਕੇ ਨੂੰ ਆਪ ਨੇ ਪ੍ਰੋਹਿਤਵਾਦੀ ਪਾਖੰਡ ਦੱਸਿਆ। ਆਪ ਨੇ ਇਹ ਗੱਲ ਡੱਟ ਕੇ ਆਖੀ ਕਿ ਪੱਥਰਾਂ ਨੂੰ ਭੋਗ ਲੁਆਉਣ ਲਈ ਭੇਂਟ ਕੀਤਾ ਦੁੱਧ, ਜਲ ਅਤੇ ਫੁੱਲ ਤਾਂ ਪਹਿਲਾਂ ਹੀ ਕ੍ਰਮਵਾਰ ਗਾਂ ਦੇ ਵੱਛੇ, ਮਛਲੀ ਅਤੇ ਭੌਰੇ ਨੇ ਜੂਠੇ ਕੀਤੇ ਹੋਏ ਹਨ ਅਤੇ ਇਸ ਜੂਠੀ ਸਮੱਗਰੀ ਨਾਲ ਇਹ ਪੂਜਾ ਪਵਿੱਤਰ ਕਿਵੇਂ ਹੋਈ? ਆਪ ਦਾ ਫੁਰਮਾਨ ਹੈ:

**ਦੂਧੁ ਤ ਬਛਰੈ ਥਨਹੁ ਬਿਟਾਰਿਓ।।**
**ਫੂਲੁ ਭਵਰਿ ਜਲੁ ਮੀਨਿ ਬਿਗਾਰਿਓ।।**
**ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ।।**

ਸਤਿਗੁਰੂ ਰਵਿਦਾਸ ਜੀ ਦੀ ਬਾਣੀ ਨੇ ਜਨ-ਚੇਤਨਾ ਪੈਦਾ ਕਰਕੇ ਸਦੀਆਂ ਤੋਂ ਲਤਾੜੇ ਅਤੇ ਪੀੜਤ ਵਰਗ ਦੇ ਲੋਕਾਂ ਨੂੰ ਸਮਾਜ ਦਾ ਨਵ-ਨਿਰਮਾਣ ਕਰਕੇ ਮਾਨਵਤਾ ਲਈ ਸਮਾਨਤਾ, ਸੁਤੰਤਰਤਾ, ਮਨੁੱਖੀ ਭਾਈਚਾਰੇ ਵਿਚ ਏਕਤਾ, ਪਿਆਰ ਅਤੇ ਸਮਨਵੈ ਦੀ ਭਾਵਨਾ ਪੈਦਾ ਕਰਕੇ 'ਸਤਿਸੰਗਤ ਮਿਲ ਰਹੀਐ' ਵਾਲਾ ਇਕ ਸੁਚੱਜਾ ਸਮਾਜ ਸਿਰਜਣ ਦੀ ਪ੍ਰੇਰਨਾ ਪ੍ਰਦਾਨ ਕੀਤੀ।

ਗੁਰੂ ਰਵਿਦਾਸ ਜੀ ਇਕ ਇਨਕਲਾਬੀ ਯੋਧੇ ਸਨ। ਆਪ ਨੇ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਪਰਾਧੀਨਤਾ ਵਿਰੁੱਧ ਝੰਡਾ ਬੁਲੰਦ ਕੀਤਾ। ਉਨ੍ਹਾਂ 'ਪਰਾਧੀਨਤਾ ਪਾਪ ਹੈ' ਦਾ ਨਾਅਰਾ ਬੁਲੰਦ ਕਰਦਿਆਂ ਗੁਲਾਮੀ ਵਿਰੁੱਧ ਸੰਘਰਸ਼ ਕਰਨ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਨੇ ਸਮਾਜਿਕ ਅਤੇ ਆਰਥਿਕ ਸਮਾਨਤਾ ਵਾਲਾ ਭਾਈਚਾਰਕ ਸਮਾਜ ਸਿਰਜਣ ਦਾ ਚਿੰਤਨ ਪ੍ਰਸਤੁਤ ਕੀਤਾ। ਆਪ ਦਾ ਕਥਨ ਹੈ:

**(ੳ) ਐਸਾ ਚਾਹੋਂ ਰਾਜ ਮੈਂ।**
**ਜਹਾਂ ਮਿਲੈ ਸਭਨ ਕੋ ਅੰਨ।।**
**ਛੋਟ ਬੜੇ ਸਭ ਸਮ ਬਸੈਂ।**
**ਰਵਿਦਾਸ ਰਹੈ ਪ੍ਰਸੰਨ।।**
**(ਅ) ਪਰਾਧੀਨਤਾ ਪਾਪ ਹੈ।**
**ਜਾਨ ਲੇਹੁ ਰੇ ਮੀਤ।।**
**ਰਵਿਦਾਸ ਦਾਸ ਪਰਾਧੀਨ ਸਿਉ।**
**ਕਉਨ ਕਰੈ ਹੈ ਪ੍ਰੀਤ।।**

ਆਪ ਮਾਨਵਤਾਵਾਦੀ ਸੰਤ ਸਨ। ਆਪ ਭਾਰਤੀ ਸਮਾਜ ਵਿਚ ਧਰਮ, ਜਾਤ ਅਤੇ ਮਜ਼ਹਬ ਦੇ ਨਾਂ ਤੇ ਪਈਆਂ ਵੰਡੀਆਂ ਨੂੰ ਦੂਰ ਕਰਕੇ ਅਜਿਹਾ ਸਮਾਜ ਸਥਾਪਿਤ ਕਰਨਾ ਚਾਹੁੰਦੇ ਸਨ ਜਿਸ ਵਿਚ ਧਾਰਮਿਕ ਅੰਧ-ਵਿਸ਼ਵਾਸਾਂ, ਆਡੰਬਰਾਂ, ਕਰਮਕਾਂਡਾਂ ਅਤੇ ਵਿਤਕਰਿਆਂ ਦਾ ਬੋਲਬਾਲਾ ਨਾ ਹੋਵੇ। ਆਪ ਨੇ ਵੇਦਾਂ-ਸ਼ਾਸਤਰਾਂ ਦੀ ਪ੍ਰਭੂਸੱਤਾ ਨੂੰ ਇਹ ਕਹਿ ਕੇ ਵੰਗਾਰਿਐ ਕਿ ਇਹ ਸ਼ੰਕਿਆਂ ਨਾਲ ਭਰੇ ਪਏ ਹਨ। ਆਪ ਦਾ ਸਪਸ਼ਟ ਫਰਮਾਨ ਹੈ:

**(ੳ) ਕਰਮ ਅਕਰਮ ਬੀਚਾਰੀਐ**
**ਸੰਕਾ ਸੁਨਿ ਬੇਦ ਪੁਰਾਨ।।**
**(ਅ) ਰਵਿਦਾਸ ਇਕ ਹੀ ਬੂੰਦ ਸੋ, ਸਭ ਹੀ ਭਯੋ ਵਿੱਥਾਰ।**
**ਮੂਰਖਿ ਹੈਂ ਜੋ ਕਰਤ ਹੈਂ, ਬਰਨ ਅਬਰਨ ਬਿਚਾਰ।।**

ਗੁਰੂ ਜੀ ਵੱਲੋਂ ਵਰਣ-ਵਿਵਸਥਾ ਦੇ ਸਿਰਜਕਾਂ ਨੂੰ ਮੂਰਖਾਂ ਦੀ ਸੰਗਿਆ ਦੇਣਾ ਅਤੇ ''ਮਾਥੈ ਤਿਲਕ ਹਾਥ ਜਪਮਾਲਾ, ਜਗ ਠਗਨੇ ਨੂੰ ਸਵਾਂਗ ਬਣਾਇਆ'' ਕਹਿ ਕੇ ਇਸ ਵਿਵਸਥਾ ਨੂੰ ਵੰਗਾਰਨਾ ਇਕ ਵਿਦਰੋਹ ਹੀ ਤਾਂ ਸੀ। ਆਪ ਨੇ ਆਪਣੀ ਬਾਣੀ ਵਿਚ ਮਨੁੱਖ ਨੂੰ ਮਾਨਸਿਕ ਰੂਪ ਵਿਚ ਕਮਜ਼ੋਰ ਤੇ ਗੁਲਾਮ



ਬਣਾਈ ਰੱਖਣ ਵਾਲੇ ਇਨ੍ਹਾਂ ਅਖੌਤੀ ਧਰਮ-ਸ਼ਾਸਤਰਾਂ ਅਤੇ ਇਨ੍ਹਾਂ ਦੀ ਰਚਨਾ ਕਰਨ ਵਾਲਿਆਂ ਵਿਰੁੱਧ ਨਿਰਭੈ ਹੋ ਕੇ ਆਵਾਜ਼ ਬੁਲੰਦ ਕੀਤੀ। ਆਪ ਨੇ ਅੰਧ-ਵਿਸ਼ਵਾਸਾਂ ਅਧੀਨ ਫੈਲਾਏ ਭਰਮ-ਜਾਲ, ਜਪ, ਤਪ, ਦਾਨ, ਤੀਰਥ-ਇਸ਼ਨਾਨ, ਪੂਜਾ, ਅਰਚਨਾ, ਮੂਰਤੀਆਂ ਅੱਗੇ ਨੱਚਣ, ਗਾਉਣ ਆਦਿ ਦਾ ਜ਼ੋਰਦਾਰ ਖੰਡਨ ਕੀਤਾ, ਆਪ ਦਾ ਕਥਨ ਹੈ:

**(ੳ) ਮਾਧਵੈ ਕਿਹਾ ਕਹੀਐ ਭ੍ਰਮ ਐਸਾ।**
**ਜੈਸਾ ਮਾਨੀਐ ਹੋਇ ਨ ਤੈਸਾ।**
**(ਅ) ਭਾਈ ਰੇ ! ਭ੍ਰਮ ਭਗਤਿ ਸੂੰ ਜਾਨ।**
**ਜੌ ਲੌ ਨਹੀਂ ਸਾਂਚ ਸੂੰ ਪਹਿਚਾਣ।। ਟੇਕ।।**
**ਭ੍ਰਮ ਨਚਣ ਭ੍ਰਮ ਗਾਇਣ, ਭ੍ਰਮ ਜਪ ਤਪੁ ਦਾਨਿ।**
**ਭ੍ਰਮ ਸੇਵਾ ਭ੍ਰਮ ਪੂਜਾ ਅਰੁ ਭ੍ਰਮ ਸੂੰ ਪਹਿਚਾਨ।।**

ਸਤਿਗੁਰੂ ਰਵਿਦਾਸ ਜੀ ਨੇ ਇਨ੍ਹਾਂ ਬਾਹਰਮੁਖੀ ਕਰਮਕਾਂਡਾਂ ਦਾ ਪੁਰਜ਼ੋਰ ਖੰਡਨ ਕੀਤਾ ਹੈ। ਦਰਅਸਲ ਧਰਮ-ਸ਼ਾਸਤਰਾਂ ਵੱਲੋਂ ਇਹ ਵਹਿਮ, ਭਰਮ ਅਤੇ ਅੰਧ-ਵਿਸ਼ਵਾਸ ਫੈਲਾ ਕੇ ਵਿਹਲੜ ਪੁਰੋਹਿਤਾਂ ਤੇ ਪੁਜਾਰੀਆਂ ਦੀ ਰੋਜ਼ੀ-ਰੋਟੀ ਦਾ ਪ੍ਰਬੰਧ ਕੀਤਾ ਗਿਆ ਸੀ। ਮਨੂੰ ਸਿਮ੍ਰਤੀ ਦਾ ਸਪਸ਼ਟ ਆਦੇਸ਼ ਹੈ ਕਿ ''ਬ੍ਰਾਹਮਣ ਦਾ ਪੈਦਾ ਹੋਣਾ ਹੀ ਸਭ ਤੋਂ ਸ੍ਰੇਸ਼ਟ ਉਤਪੱਤੀ ਹੈ। ਉਹ ਸਭ ਜੀਵਾਂ ਦੇ ਧਰਮਾਂ ਦੀ ਰੱਖਿਆ ਕਰਨ ਵਿਚ ਸਮਰੱਥ ਹੈ।'' ''ਇਹ ਸੰਸਾਰ ਵਿਚ ਜੋ ਕੁਝ ਵੀ ਹੈ, ਉਹ ਸਭ ਬ੍ਰਾਹਮਣ ਦਾ ਹੀ ਹੈ ਕਿਉਂਕਿ (ਉਹ) ਬ੍ਰਹਮਾ ਦੇ ਮੂੰਹ ਤੋਂ ਪੈਦਾ ਹੋਣ ਕਰਕੇ ਸਭ ਕੁਝ ਗ੍ਰਹਿਣ ਕਰਨ ਦਾ ਅਧਿਕਾਰੀ ਹੈ।''

ਵਾਸਤਵ ਵਿਚ ਯੁਰੇਸ਼ੀਆ ਤੋਂ ਆਏ ਆਰੀਅਨ ਵੱਲੋਂ ਸਿਮ੍ਰਤੀਆਂ, ਸ਼ਰੁਤੀਆਂ ਅਤੇ ਸ਼ਾਸਤਰਾਂ ਦੁਆਰਾ ਭਰਮ ਪੈਦਾ ਕਰਕੇ ਇਕ ਅਜਿਹਾ ਆਰਥਿਕ ਪ੍ਰਬੰਧ ਉਸਾਰਿਆ ਗਿਆ ਕਿ ਬ੍ਰਾਹਮਣ ਹਮੇਸ਼ਾ ਵਿਹਲਾ ਰਹਿ ਕੇ ਦੂਸਰਿਆਂ ਦੀ ਕਿਰਤ-ਕਮਾਈ 'ਤੇ ਸੁੱਖ ਭਰਿਆ ਜੀਵਨ ਬਤੀਤ ਕਰ ਸਕੇ। ਤੇਤੀ ਕਰੋੜ ਦੇਵੀ-ਦੇਵਤਿਆਂ ਦੀ ਕਲਪਨਿਕ ਸਿਰਜਣਾ, ਅਠਾਰਹ ਤੀਰਥਾਂ ਦੀ ਯਾਤਰਾ, ਜਪ, ਤਪ, ਦਾਨ, ਇਸ਼ਨਾਨ, ਪੂਜਾ, ਅਰਚਨਾ, ਆਰਤੀ, ਸਰਾਧ ਅਥਵਾ ਪਿੱਤਰ ਪੂਜਾ, ਜਨੇਊ ਸੰਸਕਾਰ, ਜਨਮ, ਵਿਆਹ ਤੇ ਮੌਤ ਸਬੰਧੀ ਅਨੇਕ ਸੰਸਕਾਰ, ਜਾਨਵਰਾਂ, ਪਸ਼ੂ, ਪੰਛੀਆਂ ਤੇ ਬ੍ਰਿਛਾਂ ਦੀ ਪੂਜਾ, ਅਨੇਕ ਭਾਂਤ ਦੇ ਅਣਗਿਣਤ ਤਿਥ-ਤਿਉਹਾਰ, ਮੇਲੇ, ਜਾਤਾਂ, ਗੋਤਾਂ ਆਦਿ ਵਿਚ ਉਲਝਾਈ ਰੱਖਣ ਦੀ ਨੀਤੀ ਬ੍ਰਾਹਮਣਾਂ ਦੇ ਸ਼ਾਤਰ ਦਿਮਾਗ ਦੀਆਂ ਕਾਢਾਂ ਹਨ। ਮਨੂੰ ਸਿਮ੍ਰਤੀ ਦਾ ਸਪਸ਼ਟ ਆਦੇਸ਼ ਹੈ:
''ਬ੍ਰਾਹਮਣ ਜੋ ਕੁਝ ਦੂਜਿਆਂ ਦਾ ਖਾਂਦਾ ਹੈ, ਦੂਜਿਆਂ ਦਾ ਦਿੱਤਾ ਪਹਿਨਦਾ ਹੈ ਜਾਂ ਦੂਜੇ ਤੋਂ ਲੈ ਕੇ ਕਿਸੇ ਹੋਰ ਨੂੰ ਦਿੰਦਾ ਹੈ, ਉਹ ਸਭ ਕੁਝ ਉਸਦਾ ਆਪਣਾ ਹੀ ਹੈ, ਕਿਉਂਕਿ ਉਸਦੀ ਕ੍ਰਿਪਾ ਦ੍ਰਿਸ਼ਟੀ ਨਾਲ ਹੀ ਸਭ ਸੁੱਖ ਮਾਣਦੇ ਹਨ।''

ਦਰਅਸਲ ਪੁਰਾਤਨ ਸਮਿਆਂ ਅਤੇ ਵਰਤਮਾਨ ਵਿਚ ਸਿਰਜੇ ਗਏ ਅਠਾਰਹ ਤੀਰਥਾਂ ਸਮੇਤ ਲੱਖਾਂ ਧਰਮ ਅਸਥਾਨ ਅਜਿਹੇ ਕੇਂਦਰੀ ਬਿੰਦੂ ਹਨ, ਜਿੱਥੋਂ ਰੂੜ੍ਹੀਵਾਦੀਆਂ ਦਾ ਵਿਉਪਾਰ ਚੱਲਦਾ ਹੈ, ਜਿੱਥੋਂ ਉਨ੍ਹਾਂ ਦੀ ਆਰਥਿਕਤਾ ਮਜ਼ਬੂਤ ਹੁੰਦੀ ਹੈ, ਜਿੱਥੋਂ ਉਨ੍ਹਾਂ ਨੂੰ ਮਾਣ ਤੇ ਸਨਮਾਨ ਮਿਲਦਾ ਹੈ ਅਤੇ ਜਿੱਥੋਂ ਉਨ੍ਹਾਂ ਵੱਲੋਂ ਰਾਜਨੀਤੀ ਤੇ ਕਾਬਜ਼ ਹੋਣ ਅਤੇ ਜਨ-ਸਧਾਰਨ ਨੂੰ ਗੁਲਾਮ ਬਣਾਈ ਰੱਖਣ ਦੀਆਂ ਗੋਂਦਾਂ ਗੁੰਦੀਆਂ ਜਾਂਦੀਆਂ ਹਨ। ਇਸ ਸੰਦਰਭ ਵਿਚ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ ਨਿਮਨ-ਲਿਖਤ ਵਿਚਾਰ ਵਾਚਣਯੋਗ ਹੈ:
''ਹਿੰਦੂ ਧਰਮ (ਜੋ ਪੁਰਾਣੇ ਬ੍ਰਾਹਮਣ ਧਰਮ ਦਾ ਹੀ ਇਕ ਨਵਾਂ ਨਾਮ ਹੈ) ਕੋਈ ਧਰਮ ਨਹੀਂ ਬਲਕਿ ਉਸ ਤਰ੍ਹਾਂ ਦੇ ਚਰਿੱਤਰ ਵਾਲੀ ਇਕ ਰਾਜਨੀਤਿਕ ਵਿਚਾਰਧਾਰਾ ਹੈ ਜੋ ਪੂਰੀ ਤਰ੍ਹਾਂ ਲੋਕਤੰਤਰ ਵਿਰੋਧੀ ਹੈ।''

ਗੁਰੂ ਜੀ ਨੇ 'ਰਵਿਦਾਸ ਉਪਿਜਇ ਸਭ ਇਕ ਬੂੰਦ ਤੇ, ਕਾ ਬਾਹਮਨ ਕਾ ਸੂਦ'' ਕਹਿ ਕੇ ਵਰਣ-ਵਿਵਸਥਾ ਅਧੀਨ ਬ੍ਰਾਹਮਣ ਦੀ ਅਖੌਤੀ ਉਚ-ਪਦਵੀ ਨੂੰ ਚੁਣੌਤੀ ਦਿੱਤੀ ਹੈ। ਆਪ ਨੇ ਆਪਣੀ ਬਾਣੀ ਵਿਚ ਜਾਤ-ਪਾਤ ਅਤੇ ਊਚ-ਨੀਚ ਵਰਗੀ ਭਾਰਤੀ ਸਮਾਜ ਦੀ ਸਰੰਚਨਾ ਨੂੰ ਤਰਕਸ਼ੀਲ ਢੰਗ ਨਾਲ ਅਸਵੀਕਾਰ ਕੀਤਾ ਹੈ। ਆਪ ਦਾ ਕਥਨ ਹੈ ਕਿ ਜਦੋਂ ਸੰਸਾਰ ਦੇ ਸਾਰੇ ਜੀਵਾਂ ਦੀ ਉਤਪੱਤੀ ਇਕੋ ਢੰਗ ਅਤੇ ਵਿਧੀ ਦੁਆਰਾ ਹੁੰਦੀ ਹੈ ਤਾਂ ਇਹ ਜਨਮ-ਜਾਤ ਅਤੇ ਬ੍ਰਾਹਮਣ ਤੇ ਚਮਾਰ ਦਾ ਮਸਲਾ ਕਿਵੇਂ ਪੈਦਾ ਹੋ ਸਕਦਾ ਹੈ। ਆਪ ਜੀ ਦਾ ਫੁਰਮਾਨ ਹੈ:

**(ੳ) ਰਵਿਦਾਸ ਇਕ ਹੀ ਨੂਰ ਤੇ, ਜਿਮਿ ਉਪਜਯੋ ਸੰਸਾਰ।**
**ਊਚ ਨੀਚ ਕਿਹ ਬਿਧ ਭਯੇ, ਬਾਹਮਨ ਅਰੁ ਚਮਾਰ।।**
**(ਅ) ਰਵਿਦਾਸ ਜਨਮ ਕੇ ਕਾਰਨੈ ਹੋਤ ਨ ਕੋਊ ਨੀਚ।**
**ਨਰ ਕੂੰ ਨੀਚ ਕਰਿ ਡਾਰਿ ਹੈ, ਓਛੈ ਕਰਮ ਕੌ ਕੀਚ।।**

ਸਿਮ੍ਰਿਤੀਆਂ ਅਤੇ ਸ਼ਾਸਤਰਾਂ ਵਿਚ ਸ਼ੂਦਰ ਦੀ ਸਥਿਤੀ ਨੂੰ ਜਾਨਵਰਾਂ ਤੋਂ ਵੀ ਭੈੜੀ ਅੰਕਿਤ ਕਰਦਿਆਂ ਉਸ ਪ੍ਰਤੀ ਬੇਹੱਦ ਘਟੀਆ ਸ਼ਬਦਾਵਲੀ ਵਰਤੀ ਗਈ ਹੈ। ਪਰ ਇਸ ਖੋਜ-ਪੱਤਰ ਦੀ ਲਿਖਣ ਸੀਮਾ ਅਤੇ ਵਿਸ਼ੇ ਨੂੰ ਧਿਆਨ ਵਿਚ ਰੱਖਦਿਆਂ ਇੱਥੇ ਵਿਸਤ੍ਰਿਤ ਚਰਚਾ ਕਰਨੀ ਮੁਨਾਸਬ ਨਹੀਂ ਹੈ। 'ਸ੍ਰੀ ਰਾਮਚਰਿਤ ਮਾਨਸ' ਦੇ ਲੇਖਕ ਸ੍ਰੀ ਤੁਲਸੀ ਦਾਸ ਨੇ ਮਨੂੰ ਸਿਮ੍ਰਤੀ ਦਾ ਅਨੁਸਰਣ ਕਰਦਿਆਂ ਔਗੁਣਾਂ ਨਾਲ ਭਰੇ ਹੋਏ ਅਗਿਆਨੀ ਵਿਪ੍ਰ ਅਥਵਾ ਬ੍ਰਾਹਮਣ ਦੀ ਪੂਜਾ ਕਰਨ ਲਈ ਪ੍ਰੇਰਿਤ ਕਰਦਿਆਂ ਜਨ-ਸਧਾਰਨ ਨੂੰ ਗਿਆਨਵਾਨ, ਵਿਦਵਾਨ ਅਤੇ ਸਰਬ ਗੁਣ ਸੰਪੰਨ ਸ਼ੂਦਰ ਦੀ ਪੂਜਾ ਕਰਨ ਦੀ ਮਨਾਹੀ ਕੀਤੀ ਹੈ। ਉਹ ਲਿਖਦੇ ਹਨ:

**ਪੂਜਿਅ ਬਿਪ੍ਰ ਸੀਲ ਗੁਨ ਹੀਨਾ।**
**ਸੂਦ੍ਰ ਨਾ ਗੁਨ ਗਨ ਗਿਆਨ ਪ੍ਰਵੀਨਾ।।**

ਸਾਰੀਆਂ ਸਿਮ੍ਰਤੀਆਂ ਅਤੇ ਅਖੌਤੀ ਧਰਮ ਸ਼ਾਸਤਰ ਅਜਿਹੇ ਆਦੇਸ਼ਾਂ ਨਾਲ ਭਰੇ ਪਏ ਹਨ। ਪਰ ਸਤਿਗੁਰੂ ਰਵਿਦਾਸ ਜੀ ਨੇ 'ਊਚੇ ਕੁਲ ਕੈ ਕਾਰਣੇ ਬ੍ਰਾਹਮਣ ਕੋਈ ਨਾ ਹੋਏ' ਕਹਿ ਕੇ ਆਪਣੀ ਬਾਣੀ ਵਿਚ ਕਥਿਤ ਧਰਮ ਸ਼ਾਸਤਰਾਂ ਦੇ ਅਜਿਹੇ ਆਦੇਸ਼ਾਂ ਨੂੰ ਨਕਾਰਿਆ ਹੈ। ਗੁਰੂ ਜੀ ਨੇ ਹਉਮੈ ਦੀ ਅੱਗ ਵਿਚ ਸੜ ਰਹੇ ਅਜਿਹੇ ਅਖੌਤੀ ਕੁਲੀਨ ਵਰਗ ਨਾਲ ਸਬੰਧਤ ਵੱਡੇ ਕਵੀਆਂ, ਪੰਡਤਾਂ, ਜੋਗੀਆਂ, ਸੰਨਿਆਸੀਆਂ ਅਤੇ ਆਪਣੇ ਆਪ ਨੂੰ ਗੁਣੀ, ਗਿਆਨੀ, ਸੂਰਬੀਰ ਦਾਤੇ ਕਹਿਣ ਵਾਲਿਆਂ ਨੂੰ ਬਉਰੇ ਅਥਵਾ ਕਮਲੇ ਤੇ ਪਾਗਲ ਆਖਦਿਆਂ ਗੁਣਾਂ ਨਾਲ ਪ੍ਰਬੀਨ ਚੰਡਾਲ ਦੀ ਪੂਜਾ ਕਰਨ ਲਈ ਪ੍ਰੇਰਿਤ ਕਰਦਿਆਂ ਅਤੇ ਹੰਕਾਰ-ਗ੍ਰਸਤ ਗੁਣਹੀਣ ਬ੍ਰਾਹਮਣ ਦਾ ਸਤਿਕਾਰ ਕਰਨ ਤੋਂ ਵੀ ਮਨਾ ਕੀਤਾ ਹੈ, ਆਪ ਦਾ ਸਪਸ਼ਟ ਫੁਰਮਾਨ ਹੈ:

**(ੳ) ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ।।**
**ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ।।**
**ਕਹੁ ਰਵਿਦਾਸ ਸਭੈ ਨਹੀਂ ਸਮਝਸਿ ਭੂਲਿ ਪਰੇ ਜੈਸੇ ਬਉਰੇ।।**
**(ਅ) ਰਵਿਦਾਸ ਬਾਹਮਨ ਮਤ ਪੂਜੀਏ, ਜਉ ਹੋਵੇ ਗੁਨਹੀਨ।**
**ਪੂਜਹਿੰ ਚਰਨ ਚੰਡਾਲ ਕੇ, ਜਉ ਹੋਵੇ ਗੁਨ ਪਰਵੀਨ।।**

ਭਾਰਤੀ ਸਮਾਜ ਵਿਚ ਵਰਣ-ਵਿਵਸਥਾ ਅਤੇ ਜਾਤ-ਵੰਡ ਦੀ ਅਸਮਾਜਿਕ ਰੁਚੀ ਤੋਂ ਇਲਾਵਾ ਇਸਤਰੀ ਵਰਗ ਦੀ ਹਾਲਤ ਵੀ ਬਹੁਤ ਤਰਸਯੋਗ ਸੀ। ਅਨਪੜ੍ਹਤਾ, ਬਾਲ-ਵਿਆਹ, ਸਤੀ-ਪ੍ਰਥਾ, ਅਸੁਰੱਖਿਆ ਅਤੇ ਕਈ ਧਾਰਮਿਕ ਗ੍ਰੰਥਾਂ ਤੇ ਸਿਮ੍ਰਤੀਆਂ ਦੇ ਆਦੇਸ਼ਾਂ ਕਾਰਨ ਇਸਤਰੀ ਜਾਤੀ ਦੀ ਹਾਲਤ ਦੁੱਖ ਭਰੀ ਸੀ। ਧਰਮ ਸ਼ਾਸਤਰਾਂ ਅਨੁਸਾਰ 'ਇਸਤਰੀਆਂ ਨੂੰ ਸਿੱਖਿਆ ਨਹੀਂ ਦਿੱਤੀ ਜਾ ਸਕਦੀ, ਕਿਉਂਕਿ ਉਨ੍ਹਾਂ ਨੂੰ ਅਕਲ ਘੱਟ ਹੁੰਦੀ ਹੈ' ਅਤੇ 'ਇਸਤਰੀਆਂ, ਸ਼ੂਦਰ, ਵੈਸ਼ ਤੇ ਚੰਡਾਲ ਸਭ ਪਾਪ ਯੋਨੀ ਤੋਂ ਪੈਦਾ ਹੋਏ ਹਨ' ਵਰਗੇ ਅਮਾਨਵੀ ਧਾਰਮਿਕ ਫਰਮਾਨਾਂ ਨੇ ਇਸਤਰੀ ਦੀ ਸਥਿਤੀ ਨੂੰ ਦੁਰਦਸ਼ਾ ਅਤੇ ਨਿਰਾਦਰੀ ਦੀ ਹੱਦ ਤੱਕ ਪਹੁੰਚਾ ਦਿੱਤਾ। 'ਅਮੀਰ ਹਿੰਦੂ ਸ਼ਰਾਬ ਵੀ ਪੀਂਦੇ ਸਨ, ਜੂਆ ਵੀ ਖੇਡਦੇ ਸਨ ਅਤੇ ਜੂਏ ਵਿਚ ਔਰਤਾਂ ਨੂੰ ਵੀ ਦਾਅ ਤੇ ਲਾਉਂਦੇ ਸਨ। ਇਸ ਸਮਾਜਿਕ ਤੇ ਸਦਾਚਾਰਕ ਕੁਰੀਤੀ, ਕੁਕਰਮ ਤੇ ਕੁਰਹਿਤ ਨੇ ਗ੍ਰਿਹਸਥ ਜੀਵਨ ਨੂੰ ਤਬਾਹ ਕਰਕੇ ਰੱਖ ਦਿੱਤਾ। ਗੁਰੂ ਰਵਿਦਾਸ ਬਾਣੀ ਵਿਚ ਆਚਰਣ ਦੀ ਸ਼ੁਧਤਾ ਉਪਰ ਬਹੁਤ ਬਲ ਦਿੱਤਾ ਗਿਆ ਹੈ। ਡਾ. ਸੀਤਾ ਰਾਮ ਬਾਹਰੀ ਲਿਖਦੇ ਹਨ:
ਸੰਤਾਂ ਨੇ ਮਦ, ਮਾਸ, ਜੂਆ, ਭ੍ਰਿਸ਼ਟਾਚਾਰ ਆਦਿਕ ਬੁਰਾਈਆਂ ਨੂੰ ਹਟਾ ਕੇ ਗ੍ਰਿਹਸਥ ਨੂੰ ਸ਼ੁੱਧ ਅਤੇ ਉੱਚਾ ਬਣਾਉਣ ਦਾ ਯਤਨ ਕੀਤਾ। ਉਨ੍ਹਾਂ ਨੇ ਇਸਤਰੀਆਂ ਤੇ ਸ਼ੂਦਰਾਂ ਨੂੰ ਵੀ ਸਮਾਜਿਕ ਅਤੇ ਧਾਰਮਿਕ ਪੱਧਰ ਤੇ ਬਰਾਬਰੀ ਦੇ ਹੱਕ ਦਿੱਤੇ।

ਸਤਿਗੁਰੂ ਰਵਿਦਾਸ ਜੀ ਨੇ ਇਸਤਰੀ ਵਰਗ ਦੇ ਸਮਾਨ ਅਧਿਕਾਰਾਂ ਦੀ ਸੁਰੱਖਿਆ ਲਈ ਅਧਿਆਤਮਿਕਤਾ ਦੇ ਬੰਦ ਦਰਵਾਜ਼ੇ ਖੋਲ੍ਹੇ। ਆਪ ਨੇ ਚਿਤੌੜ ਦੀ ਮਹਾਰਾਣੀ ਰਤਨ ਕੁੰਵਰਿ ਉਰਫ ਝਾਲੀ ਅਤੇ ਉਸਦੀ ਨੂੰਹ, ਭਾਰਤ ਦੀ ਪ੍ਰਸਿੱਧ ਸੰਤ ਮੀਰਾ ਬਾਈ ਨੂੰ ਦੀਕਸ਼ਾ ਦੇ ਕੇ ਇਸਤਰੀ ਦੇ ਮਾਣ, ਸਨਮਾਨ ਅਤੇ ਸਤਿਕਾਰ ਵਿਚ ਵਾਧਾ ਕੀਤਾ।

ਆਪ ਸੱਚੇ ਕਰਮਯੋਗੀ ਸਨ ਅਤੇ ਆਪਣੀ ਕਿਰਤ ਨੂੰ ਪ੍ਰਭੂ-ਭਗਤੀ ਤੋਂ ਵੀ ਵੱਧ ਪਵਿੱਤਰ ਸਮਝਦੇ ਸਨ।' ਕਰਮ ਹੀ ਪੂਜਾ ਹੈ' ਆਪ ਜੀ ਦੇ ਜੀਵਨ ਦਾ ਪ੍ਰਮੁੱਖ ਸਿਧਾਂਤ ਸੀ। ਆਪ ਨੇ ਜੀਵਨ ਵਿਚ 'ਜੋ ਵਿਚਾਰਿਆ, ਉਸਨੂੰ ਕਮਾਇਆ ਅਤੇ ਜੋ ਕਮਾਇਆ, ਉਹੋ ਹੀ ਸੁਣਾਇਆ ਅਤੇ ਪ੍ਰਗਟਾਇਆ।'

ਆਪ ਦੀ ਕਹਿਣੀ ਅਤੇ ਕਰਨੀ ਵਿਚ ਕੋਈ ਅੰਤਰ ਨਹੀਂ ਸੀ। ਡਾ. ਧਰਮਪਾਲ ਮੈਨੀ ਦਾ ਮੱਤ ਹੈ ਕਿ ਸੰਤ ਰਵਿਦਾਸ ਨੇ ਕਥਨੀ ਤੇ ਕਰਨੀ ਦੀ ਏਕਤਾ ਦੇ ਮਹੱਤਵ ਨੂੰ ਸਦਾ ਹੀ ਹਿੱਕ ਨਾਲ ਲਾ ਕੇ ਰੱਖਿਆ। ਦਰਅਸਲ ਮੱਧਕਾਲੀਨ ਸੰਤ-ਸਤਿਗੁਰੂਆਂ ਨੇ ਸਦੀਆਂ ਪਹਿਲਾਂ ਤਥਾਗਤ ਬੁੱਧ ਦੁਆਰਾ ਆਰੰਭੀ ਸ਼੍ਰਮਣ ਸੰਸਕ੍ਰਿਤੀ ਦੀ ਲੋਕ-ਲਹਿਰ ਨੂੰ ਹੀ ਪੁਨਰ ਸੁਰਜੀਤ ਕਰਨ ਦਾ ਯਤਨ ਕੀਤਾ। ਡਾ. ਬੁੱਧ ਰਾਮ ਗੁਪਤਾ ਦਾ ਕਥਨ ਹੈ:
''ਰਵਿਦਾਸ ਜੀ ਨੇ ਆਪਣੇ ਨੀਵੇਂ ਵਰਗ ਦੀ ਕਿਰਤੀ-ਸ਼ਾਨ ਨੂੰ ਹੀ ਨਹੀਂ ਵਧਾਇਆ ਸਗੋਂ ਦਸਾਂ ਨੌਹਾਂ ਦੀ ਕਿਰਤ ਦਾ ਹਿਤ ਪੂਰਿਆ, ਸੱਚੀ-ਸੁੱਚੀ ਮਿਹਨਤ ਵਿਚ ਜੁਟੇ ਲੋਕਾਂ ਨੂੰ ਕਿਰਤ ਦੇ ਸਹਾਰੇ ਹੀ ਬੁਲੰਦ ਹੋਣ ਲਈ ਪ੍ਰੇਰਿਆ। ਚਾਹੇ ਇਹ ਪ੍ਰੇਰਨਾ, ਭਰਪੂਰ ਇਸ਼ਕੇ-ਇਲਾਜ ਵਿਚ ਰੰਗੀ ਹੋਈ ਸੀ, ਇਸ ਕਿਰਤ ਪ੍ਰੇਮ ਨੇ ਹੀ ਅਜੋਕੀ ਸਦੀ ਦੇ ਸਮਾਜਵਾਦ ਅਤੇ ਕਾਮਿਆਂ ਦੇ ਇਨਕਲਾਬ ਨੂੰ ਜਨਮ ਦਿੱਤਾ।

ਆਰਥਿਕ ਸੰਪਨਤਾ ਲਈ ਨਿਰੰਤਰ ਕਿਰਤ ਨਾਲ ਜੁੜੇ ਰਹਿਣ, 'ਅਬਿਦਿਆ' ਤੇ ਅਗਿਆਨਤਾ ਤੋਂ ਮੁਕਤੀ ਲਈ ਬਿਬੇਕ ਰੂਪੀ ਦੀਪ ਦੀ ਮਲੀਨਤਾ ਨੂੰ ਵਿੱਦਿਆ ਦੇ ਨੂਰ ਨਾਲ ਪ੍ਰਜਵਲਿਤ ਕਰਨ, ਨਸ਼ਿਆਂ ਦੇ ਸੇਵਨ ਤੋਂ ਪ੍ਰਹੇਜ, ਸਾਦੀ ਰਹਿਣੀ-ਬਹਿਣੀ ਅਤੇ ਦੂਸਰਿਆਂ ਪ੍ਰਤੀ ਹਮਦਰਦੀ ਅਰਥਾਤ ਪਰਾਇਆ ਦਰਦ ਵੰਡਾਉਣ ਦੀ ਪ੍ਰੇਰਨਾ ਮਨੁੱਖੀ ਅਰਥਚਾਰੇ ਨੂੰ ਹੁਲਾਰਾ ਦੇਣ ਦੀ ਸਮਰੱਥਾ ਰੱਖਦੀ ਹੈ। ਜਨ-ਕਲਿਆਣ ਦੀ ਭਾਵਨਾ ਨਾਲ ਓਤਪੋਤ ਵੇਦਨਾ ਭਰਪੂਰ ਦਿਲ ਪਰਾਇਆਂ ਪ੍ਰਤੀ ਵੀ ਅਕਹਿ, ਅਸਹਿ ਤੇ ਅਥਾਹ ਦਰਦ ਰੱਖਦਾ ਹੈ। ਗੁਰੂ ਜੀ ਦਾ ਕਥਨ ਹੈ ਕਿ ਸੰਵੇਦਨਸ਼ੀਲ ਤੇ ਦਰਦਮੰਦ ਹਿਰਦੇ ਵਿਚ ਹੀ ਪਰਾਈ ਪੀੜ ਦਾ ਅਹਿਸਾਸ ਹੋ ਸਕਦਾ ਹੈ:

**ਸੋ ਕਤ ਜਾਨੈ ਪੀਰ ਪਰਾਈ।।**
**ਜਾ ਕੈ ਅੰਤਰਿ ਦਰਦ ਨਾ ਪਾਈ।।**

ਗੁਰੂ ਰਵਿਦਾਸ ਜੀ ਦੀ ਬਾਣੀ ਸਮਕਾਲੀਨ ਅਣਉਚਿਤ, ਅਯੋਗ, ਅਜੋੜ, ਅਸਾਵੀਂ, ਅਨਿਆਂ-ਪੂਰਣ, ਅੱਤਿਆਚਾਰੀ ਅਤੇ ਅੰਦੇਸ਼ਿਆਂ ਭਰਪੂਰ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਧਾਰਮਿਕ ਵਿਵਸਥਾ ਵਿਰੁੱਧ 'ਬੇਗਮਪੁਰਾ ਸਹਰ' ਦੇ ਸੰਕਲਪ ਦੁਆਰਾ ਅਜਿਹੇ ਸੁਤੰਤਰ ਤੇ ਸਦੀਵੀ ਰਾਜ ਦਾ ਮਾਡਲ ਪ੍ਰਸਤੁਤ ਕਰਦੀ ਹੈ, ਜਿਸ ਵਿਚ ਏਕਾਧਿਕਾਰੀ ਸਾਮੰਤਸ਼ਾਹੀ ਹਕੂਮਤ ਦੀ ਥਾਂ ਸਹੀ ਮਾਇਨਿਆਂ ਵਿਚ ਲੋਕਤੰਤਰ ਹੋਵੇ। ਪ੍ਰੰਤੂ ਪਦਾਰਥਵਾਦੀ ਰੁਚੀਆਂ ਅਧੀਨ ਅਸੀਂ ਆਪਣੇ ਸੰਤ-ਸਤਿਗੁਰੂਆਂ ਦੀ ਵਿਵਹਾਰਕ ਵਿਚਾਰਧਾਰਾ ਤੋਂ ਬੜੀ ਤੇਜ਼ੀ ਨਾਲ ਦੂਰ ਹੁੰਦੇ ਜਾ ਰਹੇ ਹਾਂ। ਅਜੋਕੀਆਂ ਤੇ ਮੱਧਕਾਲੀਨ ਪ੍ਰਸਥਿਤੀਆਂ ਵਿਚ ਵਧੇਰੇ ਪਰਿਵਰਤਨ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਅੱਜ ਦਾ ਅਖੌਤੀ ਆਜ਼ਾਦ ਤੇ ਸੁਤੰਤਰ ਮਨੁੱਖ ਹਾਲੇ ਵੀ ਸਮਾਜਿਕ ਰਹਿਤਾਂ, ਧਾਰਮਿਕ ਵਲਗਣਾਂ, ਬੰਦਸ਼ਾਂ ਤੇ ਰਾਜਸ਼ਕਤੀ ਦਾ ਕੈਦੀ, ਗੁਲਾਮ ਤੇ ਪਰਾਧੀਨ ਹੈ। ਜਾਤਾਂ, ਰੰਗਾਂ, ਨਸਲਾਂ, ਕੌਮਾਂ ਅਤੇ ਕਿੱਤਿਆਂ ਦੇ ਵਿਤਕਰੇ ਕਿਸੇ ਨਾ ਕਿਸੇ ਬਦਲਵੇਂ ਰੂਪ ਵਿਚ ਅੱਜ ਵੀ ਮੌਜੂਦ ਹਨ। ਬ੍ਰਾਹਮਣਵਾਦ ਹਰ ਮਨੁੱਖ, ਜਾਤ, ਕੌਮ, ਮਜ਼ਹਬ ਅਤੇ ਨਸਲ ਵਿਚ ਸਮਾ ਗਿਆ ਹੈ। ਗੁਰੂ ਰਵਿਦਾਸ ਜੀ ਦੇ ਵਿਸ਼ਵ ਭਾਈਚਾਰੇ ਦੇ ਫਲਸਫੇ ਨੂੰ ਸੰਕੀਰਣ ਦਾਇਰਿਆਂ ਵਿਚ ਕੈਦ ਕੀਤਾ ਜਾ ਰਿਹੈ। ਲੋਭ, ਲਾਲਚ, ਲਾਲਸਾ, ਨਸ਼ਾਖੋਰੀ, ਸੁਕਿਰਤ ਤੋਂ ਬੇਮੁਖਤਾ, ਬੇਈਮਾਨੀ, ਬਦਇਖਲਾਕੀ, ਬੇਗੈਰਤੀ, ਬੇਤਰਸੀ, ਬੇਦਰਦੀ, ਬੇਲਿਹਾਜੀ, ਬੇਵਿਸ਼ਵਾਸੀ, ਬੇਵਫਾਈ ਤੇ ਸਵਾਰਥੀ ਰੁਚੀਆਂ ਅਧੀਨ ਗੁਰੂ ਜੀ ਦੀ ਵਿਚਾਰਧਾਰਾ ਨੂੰ ਤਿਲਾਂਜਲੀ ਦੇ ਕੇ, ਜਿਸ ਰੂੜ੍ਹੀਵਾਦੀ ਕਰਮਕਾਂਡ, ਆਡੰਬਰ ਤੇ ਪਾਖੰਡ ਦਾ ਸਤਿਗੁਰੂ ਰਵਿਦਾਸ ਜੀ ਨੇ ਖੰਡਨ ਕੀਤਾ ਸੀ, ਉਸਨੂੰ ਹੀ ਪੂਰੀ ਤਰ੍ਹਾ ਅਪਣਾ ਲਿਆ ਗਿਆ ਹੈ।

ਸਾਡਾ ਸਾਰਿਆਂ ਦਾ ਇਹ ਫਰਜ਼ ਬਣਦੈ ਕਿ ਸਤਿਗੁਰੂ ਰਵਿਦਾਸ ਜੀ ਦੀ ਇਨਕਲਾਬੀ, ਤਰਕਸ਼ੀਲ ਅਤੇ ਮਾਨਵਵਾਦੀ ਵਿਚਾਰਧਾਰਾ ਨੂੰ ਅਮਲੀ ਤੇ ਵਿਵਹਾਰਿਕ ਰੂਪ ਵਿਚ ਆਪਣੇ ਜੀਵਨ ਵਿਚ ਧਾਰਨ ਕਰੀਏ, ਤਾਂ ਹੀ ਆਪ ਜੀ ਦੇ ਪੁਰਬ ਮਨਾਉਣੇ ਅਤੇ ਧਾਰਮਿਕ ਸਮਾਗਮ ਆਯੋਜਿਤ ਕਰਨੇ ਸਾਰਥਕ ਹੋ ਸਕਦੇ ਹਨ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# ਭਾਰਤੀ ਮੂਲ ਦਾ ਅਮਰੀਕੀ, ਰਾਸ਼ਟਰਪਤੀ ਬਾਇਡਨ ਦੀ ਆਰਥਕ ਟੀਮ ਵਿਚ ਸ਼ਾਮਿਲ



**ਸੈਕਰਾਮੈਂਟੋ, ਕੈਲੀਫੋਰਨੀਆ–** ਰਾਸ਼ਟਰਪਤੀ ਜੋ ਬਾਈਡਨ ਨੇ 4 ਹੋਰਨਾਂ ਸਮੇਤ ਭਾਰਤੀ ਮੂਲ ਦੇ ਅਮਰੀਕੀ ਭਾਰਤ ਰਾਮਾਮੂਰਤੀ ਨੂੰ ਆਪਣੀ ਆਰਥਕ ਟੀਮ ਦੇ ਪ੍ਰਮੁੱਖ ਮੈਂਬਰਾਂ ਵਿਚ ਨਿਯੁਕਤ ਕੀਤਾ ਹੈ। ਰਾਮਾਮੂਰਤੀ ਇਸ ਵੇਲੇ ਨੈਸ਼ਨਲ ਇਕਨਾਮਿਕ ਕੌਂਸਲ ਦੇ ਡਿਪਟੀ ਡਾਇਰੈਕਟਰ ਹਨ। ਵਾਈਟ ਹਾਊਸ ਵੱਲੋਂ ਜਾਰੀ ਇਕ ਬਿਆਨ ਵਿਚ ਬਾਈਡਨ ਨੇ ਕਿਹਾ ਹੈ ਕਿ ਪਿਛਲੇ ਦੋ ਸਾਲਾਂ ਦੌਰਾਨ ਉਸ ਦੀ ਆਰਥਕ ਨੀਤੀ ਨੇ ਅਮਰੀਕੀਆਂ ਲਈ ਇਤਿਹਾਸਕ ਕੰਮ ਕੀਤਾ ਹੈ। ਇਹ ਟੀਮ ਸਾਡੀ ਇਤਿਹਾਸਕ ਆਰਥਕ ਪ੍ਰਾਪਤੀ ਨੂੰ ਪੱਕੇ ਪੈਰੀਂ ਖੜਾ ਕਰੇਗੀ। ਇਸ ਆਰਥਕ ਟੀਮ ਵਿਚ ਰਾਮਾਮੂਰਤੀ ਦੇ ਨਾਲ ਲਾਇਲ ਬਰੇਨਅਰਡ, ਜੇਰਡ ਬਰਨਸਟੀਨ, ਹੀਥਰ ਬੌਸ਼ੇ ਤੇ ਜੌਲੇ ਗੈਂਬਲ ਨੂੰ ਨਿਯੁਕਤ ਕੀਤਾ ਗਿਆ ਹੈ।

# ਅਮਰੀਕਾ ਵਿਚ ਕਾਲੇ ਵਿਅਕਤੀ ਦੀ ਹੱਤਿਆ ਦੇ ਦੋਸ਼ ਵਿਚ ਲੂਇਸਆਨਾ ਦਾ ਪੁਲਿਸ ਅਫਸਰ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ–** ਸ਼ਰੈਵਪੋਰਟ, ਲੂਇਸਆਨਾ ਵਿਚ ਇਸ ਮਹੀਨੇ ਦੇ ਸ਼ੁਰੂ ਵਿਚ 43 ਸਾਲਾ ਅਲੋਂਜੋ ਬਾਗਲੇ ਨਾਮੀ ਇਕ ਨਿਹੱਥੇ ਕਾਲੇ ਵਿਅਕਤੀ ਉਪਰ ਗੋਲੀਆਂ ਚਲਾਉਣ ਵਾਲੇ ਪੁਲਿਸ ਅਫਸਰ ਨੂੰ ਹੱਤਿਆ ਦੇ ਦੋਸ਼ ਤਹਿਤ ਗ੍ਰਿਫਤਾਰ ਕੀਤੇ ਜਾਣ ਦੀ ਖਬਰ ਹੈ। ਇਹ ਜਾਣਕਾਰੀ ਲੂਇਸਆਨਾ ਸਟੇਟ ਪੁਲਿਸ ਨੇ ਦਿੱਤੀ ਹੈ। ਪੁਲਿਸ ਅਫਸਰ ਐਲਗਜੰਡਰ ਟਾਇਰਲ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਜਿਥੇ ਲੂਇਸਆਨਾ ਸਟੇਟ ਪੁਲਿਸ ਦੇ ਜਾਂਚਕਾਰਾਂ ਨੇ ਜੱਜ ਨੂੰ ਦਸਿਆ ਕਿ ਬਾਡੀ ਕੈਮਰੇ ਵਿਚ ਕੈਦ ਦ੍ਰਿਸ਼ਾਂ ਤੋਂ ਪਤਾ ਲੱਗਦਾ ਹੈ ਕਿ ਜਦੋਂ ਬਾਗਲੇ ਨੂੰ ਗੋਲੀ ਮਾਰੀ ਗਈ ਉਸ ਵੇਲੇ ਉਸ ਦੇ ਹੱਥ ਉਪਰ ਸਨ ਤੇ ਉਸ ਕੋਲੋਂ ਕੋਈ ਵੀ ਹਥਿਆਰ ਬਰਾਮਦ ਨਹੀਂ ਹੋਇਆ। ਟਾਇਲਰ ਦੇ ਵਕੀਲ ਧੂ ਥਾਮਸਨ ਨੇ ਕਿਹਾ ਕਿ ਉਸ ਨੂੰ ਆਸ ਹੈ ਕਿ ਬਾਡੀ ਕੈਮਰੇ ਦੇ



ਦ੍ਰਿਸ਼ਾਂ ਦੀ ਮੁੜ ਚੰਗੀ ਤਰਾਂ ਜਾਂਚ ਪੜਤਾਲ ਕੀਤੀ ਜਾਵੇਗੀ ਤੇ ਨਿਰਨਾ ਸਬੂਤਾਂ ਤੇ ਤੱਥਾਂ ਦੇ ਆਧਾਰ 'ਤੇ ਲਿਆ ਜਾਵੇਗਾ। ਥਾਮਸਨ ਨੇ ਕਿਹਾ ਕਿ ਪੁਲਿਸ ਅਫਸਰ ਨੂੰ ਹਮੇਸ਼ਾਂ



ਖਤਰਨਾਕ ਹਾਲਾਤ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਥੇ ਉਹ ਆਪਣੇ ਜੀਵਨ ਨੂੰ ਖਤਰੇ ਦੇ ਮੱਦੇਨਜ਼ਰ ਜਕੋਤਕੀ ਵਿਚ ਨਿਰਨਾ ਲੈਂਦੇ ਹਨ। ਉਨਾਂ ਕਿਹਾ ਕਿ ਨਿਹੱਥਾ ਵਿਅਕਤੀ ਵੀ ਪੁਲਿਸ ਅਫਸਰ ਲਈ ਖਤਰਾ ਬਣ ਸਕਦਾ ਹੈ। ਬਾਗਲੇ ਦੇ ਪਰਿਵਾਰ ਨੂੰ ਵੀ ਗੋਲੀਬਾਰੀ ਦੀ ਵੀਡੀਓ ਵਿਖਾਈ ਗਈ ਹੈ। ਪੁਲਿਸ ਅਨੁਸਾਰ 3 ਫਰਵਰੀ ਨੂੰ ਇਕ ਅਪਾਰਮੈਂਟ ਕੰਪਲੈਕਸ ਵਿਚ ਇਕ ਘਰੇਲੂ ਝਗੜੇ ਦੀ ਸੂਚਨਾ ਮਿਲਣ 'ਤੇ 3 ਪੁਲਿਸ ਅਫਸਰ ਮੌਕੇ ਉਪਰ ਪੁੱਜੇ ਸਨ। ਪੁਲਿਸ ਦੇ ਪਹੁੰਚਣ 'ਤੇ ਬਾਗਲੇ ਅਪਾਰਮੈਂਟ ਦੀ ਬਾਲਕੋਨੀ ਵਿਚੋਂ ਛਾਲ ਮਾਰ ਕੇ ਭੱਜ ਗਿਆ ਜਿਸ ਦਾ ਪਿੱਛਾ ਕਰਕੇ ਇਕ ਪੁਲਿਸ ਅਫਸਰ ਨੇ ਉਸ ਉਪਰ ਗੋਲੀ ਚਲਾ ਦਿੱਤੀ ਜਿਸ ਉਪਰੰਤ ਉਸ ਦੀ ਮੌਤ ਹੋ ਗਈ ਸੀ।

# ਮਿਸੀਸਿਪੀ ਵਿਚ ਹੋਈ ਗੋਲੀਬਾਰੀ ਵਿੱਚ 6 ਵਿਅਕਤੀਆਂ ਦੀ ਮੌਤ, ਸ਼ੱਕੀ ਹਮਲਾਵਰ ਗ੍ਰਿਫਤਾਰ

## ਮ੍ਰਿਤਕਾਂ ਵਿਚ ਸ਼ੱਕੀ ਦੀ ਸਾਬਕਾ ਪਤਨੀ ਤੇ ਆਂਢ ਗੁਆਂਢ ਦੇ ਲੋਕ ਸ਼ਾਮਿਲ

**ਸੈਕਰਾਮੈਂਟੋ, ਕੈਲੀਫੋਰਨੀਆ–** ਮਿਸੀਸਿਪੀ (ਟੇਟ ਕਾਊਂਟੀ) ਵਿਚ ਇਕ ਵਿਅਕਤੀ ਨੇ ਗੋਲੀਆਂ ਮਾਰ ਕੇ ਆਪਣੀ ਸਾਬਕਾ ਪਤਨੀ ਸਮੇਤ 6 ਵਿਅਕਤੀਆਂ ਦੀ ਹੱਤਿਆ ਕਰ ਦਿੱਤੀ ਤੇ ਇਕ ਹੋਰ ਨੂੰ ਜ਼ਖਮੀ ਕਰ ਦਿੱਤਾ। ਇਹ ਜਾਣਕਾਰੀ ਟੇਟ ਕਾਊਂਟੀ ਦੇ ਸ਼ੈਰਿਫ ਬਰਾਡ ਲਾਂਸ ਨੇ ਦਿੱਤੀ ਹੈ। ਲਾਂਸ ਅਨੁਸਾਰ ਪਿਛਲੇ ਦਿਨ ਸਵੇਰ 11 ਵਜੇ ਦੇ ਆਸਪਾਸ ਪੁਲਿਸ ਨੂੰ ਉੱਤਰੀ ਮਿਸੀਸਿਪੀ ਦੇ ਛੋਟੇ ਜਿਹੇ ਦਿਹਾਤੀ ਕਸਬੇ ਅਰਕਾਬੂਟਲਾ ਦੇ ਇਕ ਸਟੋਰ ਦੀ ਪਾਰਕਿੰਗ ਵਿਚ ਗੋਲੀ ਚੱਲਣ ਦੀ ਸੂਚਨਾ ਮਿਲੀ ਸੀ ਜਿਥੇ ਇਕ ਵਿਅਕਤੀ ਨੇ ਇਕ ਕਾਰ ਵਿਚ ਬੈਠੇ ਡਰਾਈਵਰ ਦੀ ਹੱਤਿਆ ਕਰ ਦਿੱਤੀ ਜਦ ਕਿ ਕਾਰ ਵਿਚ ਬੈਠਾ ਇਕ ਹੋਰ ਵਿਅਕਤੀ ਵਾਲ ਵਾਲ ਬਚ ਗਿਆ। ਉਪਰੰਤ ਇਹ ਵਿਅਕਤੀ ਆਪਣੀ ਸਾਬਕਾ ਪਤਨੀ ਦੇ ਘਰ ਗਿਆ ਤੇ ਉਸ ਦੀ ਵੀ ਹੱਤਿਆ ਕਰ ਦਿੱਤੀ।

ਲਾਂਸ ਅਨੁਸਾਰ ਪੁਲਿਸ ਨੂੰ ਸ਼ੱਕੀ ਦੋਸ਼ੀ ਦੇ ਘਰ ਦੇ ਪਿਛਵਾੜੇ ਇਕ ਛੋਟੀ ਜਿਹੀ ਸੜਕ ਉਪਰ ਵੀ ਦੋ ਵਿਅਕਤੀ ਮ੍ਰਿਤਕ ਮਿਲੇ ਜਿਹਨਾਂ ਦੇ ਗੋਲੀਆਂ ਮਾਰੀਆਂ ਗਈਆਂ ਸਨ। ਇਕ ਦੀ ਲਾਸ਼ ਸੜਕ ਉਪਰੋਂ ਤੇ ਦੂਸਰੇ ਦੀ ਲਾਸ਼ ਇਕ ਵਾਹਣ ਵਿਚੋਂ ਮਿਲੀ। ਸ਼ੱਕੀ ਦੋਸ਼ੀ ਨੇ ਦੋ ਹੋਰਨਾਂ ਦੀ ਹੱਤਿਆ ਆਪਣੇ ਘਰ ਦੇ ਨਾਲ ਵਾਲੇ ਘਰ ਵਿਚ ਕੀਤੀ।

ਪੁਲਿਸ ਦਾ ਵਿਸ਼ਵਾਸ਼ ਹੈ ਕਿ ਇਹ ਮ੍ਰਿਤਕ ਜਿਨਾਂ ਵਿਚ ਇਕ ਮਰਦ ਤੇ ਇਕ ਔਰਤ ਸ਼ਾਮਿਲ ਹੈ, ਸ਼ੱਕੀ ਦੇ ਰਿਸ਼ਤੇਦਾਰ ਸਨ। ਲਾਂਸ ਨੇ ਕਿਹਾ ਹੈ ਕਿ ਪੁਲਿਸ ਨੇ ਸ਼ੱਕੀ ਨੂੰ ਉਸ ਦੇ ਘਰ ਦੇ ਨੇੜਿਉਂ ਹਿਰਾਸਤ ਵਿਚ ਲਿਆ ਹੈ ਜਿਥੋਂ ਉਹ ਭੱਜਣ ਦੀ ਤਾਕ ਵਿਚ ਸੀ। ਸ਼ੱਕੀ ਦੀ ਕਾਰ ਵਿਚੋਂ ਕਈ ਹੈਂਡਗੰਨਜ ਤੇ ਇਕ ਸ਼ਾਟ ਗੰਨ ਬਰਾਮਦ ਹੋਈ ਹੈ। ਪੁਲਿਸ ਨੇ ਮਾਰੇ ਗਏ ਵਿਅਕਤੀਆਂ ਤੇ ਸ਼ੱਕੀ ਦੋਸ਼ੀ ਦੇ ਨਾਂ ਜਾਰੀ ਨਹੀਂ ਕੀਤੇ ਹਨ।

ਸ਼ੱਕੀ ਨੂੰ ਟੇਟ ਕਾਊਂਟੀ ਜੇਲ ਵਿਚ ਰਖਿਆ ਗਿਆ ਹੈ। ਉਸ ਵਿਰੁੱਧ ਛੇਤੀ ਰਸਮੀ ਦੋਸ਼ ਆਇਦ ਕੀਤੇ ਜਾਣ ਦੀ ਸੰਭਾਵਨਾ ਹੈ। ਸ਼ੱਕੀ ਦੋਸ਼ੀ ਦਾ ਇਨਾਂ ਹੱਤਿਆਵਾਂ ਪਿਛੇ ਕੀ ਮਕਸਦ ਸੀ, ਇਸ ਬਾਰੇ ਪੁਲਿਸ ਅਜੇ ਕਿਸੇ ਸਿੱਟੇ ਉਪਰ ਨਹੀਂ ਪੁੱਜੀ ਹੈ। ਗਵਰਨਰ ਟੇਟ ਰੀਵਸ ਨੇ ਇਕ ਟਵੀਟ ਵਿਚ ਕਿਹਾ ਹੈ ਕਿ ਮਾਮਲੇ ਦੀ ਜਾਂਚ ਪੂਰੀ ਡੂੰਘਾਈ ਨਾਲ ਕੀਤੀ ਜਾਵੇਗੀ ਤੇ ਸਮਝਿਆ ਜਾਂਦਾ ਹੈ ਕਿ ਇਕੱਲੇ ਸ਼ੱਕੀ ਨੇ ਹੀ ਇਹ ਕਾਰਾ ਕੀਤਾ ਹੈ।

# ਮਿਸ਼ੀਗਨ ਸਟੇਟ ਯੂਨੀਵਰਸਿਟੀ ਵਿਚ ਹੋਈ ਗੋਲੀਬਾਰੀ ਵਿੱਚ ਜ਼ਖਮੀ ਹੋਏ 3 ਵਿਦਿਆਰਥੀਆਂ ਦੀ ਹਾਲਤ ਬੇਹੱਦ ਗੰਭੀਰ

**ਸੈਕਰਾਮੈਂਟੋ–** ਪਿਛਲੇ ਹਫਤੇ ਮਿਸ਼ੀਗਨ ਸਟੇਟ ਯੂਨੀਵਰਸਿਟੀ ਵਿਚ ਇਕ 43 ਸਾਲਾ ਵਿਅਕਤੀ ਵੱਲੋਂ ਕੀਤੀ ਗਈ ਗੋਲੀਬਾਰੀ ਵਿਚ ਜ਼ਖਮੀ ਹੋਏ 3 ਵਿਦਿਆਰਥੀਆਂ ਦੀ ਹਾਲਤ ਗੰਭੀਰ ਬਣੀ ਹੋਈ ਹੈ। ਇਹ ਜਾਣਕਾਰੀ ਯੂਨੀਵਰਸਿਟੀ ਪੁਲਿਸ ਨੇ ਦਿੱਤੀ ਹੈ। ਇਸ ਗੋਲੀਬਾਰੀ ਵਿਚ 3 ਵਿਦਿਆਰਥੀਆਂ ਦੀ ਮੌਕੇ ਉਪਰ ਹੀ ਮੌਤ ਹੋ ਗਈ ਸੀ ਜਦ ਕਿ 5 ਹੋਰ ਜ਼ਖਮੀ ਹੋ ਗਏ ਸਨ। ਯੂਨੀਵਰਸਿਟੀ ਵਿਚ ਹਾਲਾਤ ਹੌਲੀ-ਹੌਲੀ ਆਮ ਵਾਂਗ ਹੋ ਰਹੇ ਹਨ ਹਾਲਾਂ ਕਿ ਡਰ ਤੇ ਤਨਾਅ ਦਾ ਵਾਤਾਵਰਣ ਅਜੇ ਕਾਇਮ ਹੈ। ਯਨੀਵਰਸਿਟੀ ਦੇ ਅੰਤ੍ਰਿਮ ਮੁਖੀ ਤੇ ਕਾਰਜਕਾਰੀ ਉਪ ਪ੍ਰਧਾਨ ਅਕੈਡਮਿਕ ਮਾਮਲੇ ਥਾਮਸ ਜੀਟਸ਼ਕੋ ਨੇ ਕਿਹਾ ਹੈ ਕਿ ਗੋਲੀਬਾਰੀ ਦੀ ਘਟਨਾ ਦੇ ਇਕ ਹਫਤੇ ਬਾਅਦ ਕਲਾਸਾਂ ਸ਼ੁਰੂ ਹੋਣ ਦੀ ਆਸ ਹੈ ਪਰੰਤੂ ਉਨਾਂ ਕਮਰਿਆਂ ਵਿਚ ਕਲਾਸਾਂ ਨਹੀਂ ਲਾਈਆਂ ਜਾਣਗੀਆਂ ਜਿਨਾਂ ਵਿਚ ਹਮਲਾਵਰ ਨੇ ਵਿਦਿਆਰਥੀਆਂ ਦੀ ਹੱਤਿਆ ਕੀਤੀ ਸੀ ਜਾਂ ਜ਼ਖਮੀ ਕੀਤੇ ਸਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜੀਟਸ਼ਕੋ ਨੇ ਕਿਹਾ ਹੈ ਕਿ ਅਸੀਂ ਕਲ ਤੋਂ ਯੂਨੀਵਰਸਿਟੀ ਕੈਂਪਸ ਵਿਚ ਜਾਣ ਤੇ ਰੈਗੂਲਰ ਕਲਾਸਾਂ ਲਾਉਣ ਤੇ ਕੰਮ ਕਰਨ ਦਾ ਫੈਸਲਾ ਲਿਆ ਹੈ। ਉਨਾਂ ਸਪਸ਼ਟ ਕੀਤਾ ਕਿ ਮੈ ਇਹ ਗੱਲ ਜੋਰ ਦੇ ਕੇ ਕਹਿ ਰਿਹਾ ਹਾਂ ਕਿ ਕਿਸੇ ਨੂੰ ਵੀ ਇਹ ਨਹੀਂ ਸੋਚਣਾ ਚਾਹੀਦਾ ਕਿ ਅਸੀਂ ਆਮ ਦੀ ਤਰਾਂ ਕੈਂਪਸ ਵਿਚ ਜਾ ਰਹੇ ਹਾਂ। ਸਥਿੱਤੀਆਂ ਅਸਧਾਰਨ ਹਨ ਤੇ ਅਸਲ ਵਿਚ ਇਹ ਸਮੈਸਟਰ ਸਧਾਰਨ ਰਹਿਣ ਵਾਲਾ ਨਹੀਂ ਹੈ। ਉਨਾਂ ਕਿਹਾ ਕਿ 300 ਦੇ ਆਸ ਪਾਸ ਕਲਾਸਾਂ ਯੂਨੀਵਰਸਿਟੀ ਵਿਚ ਹੋਰ ਥਾਵਾਂ 'ਤੇ ਤਬਦੀਲ ਕਰ ਦਿੱਤੀਆਂ ਗਈਆਂ ਹਨ। ਇਨਾਂ ਵਿਚ ਉਹ ਥਾਵਾਂ ਵੀ ਸ਼ਾਮਿਲ ਹਨ ਜਿਨਾਂ ਦੀ ਆਮ ਤੌਰ 'ਤੇ ਵਰਤੋਂ ਸਮਾਗਮ ਤੇ ਸੈਮੀਨਾਰ ਕਰਨ ਲਈ ਕੀਤੀ ਜਾਂਦੀ ਹੈ। ਅਧਿਕਾਰੀਆਂ ਅਨੁਸਾਰ ਇਕ ਵਿਅਕਤੀ ਜਿਸ ਦੇ ਯੂਨੀਵਰਸਿਟੀ ਨਾਲ ਸਿੱਧੇ ਤੌਰ 'ਤੇ ਕੋਈ ਸਬੰਧ ਨਹੀਂ ਸਨ, ਨੇ ਯੂਨੀਵਰਸਿਟੀ ਨੂੰ ਨਿਸ਼ਾਨਾ ਕਿਉਂ ਬਣਾਇਆ, ਇਹ ਗੱਲ ਅਜੇ ਸਾਫ ਨਹੀਂ ਹੋ ਸਕੀ। ਹਮਲਾਵਰ ਜਿਸ ਨੇ ਖੁਦ ਨੂੰ ਵੀ ਗੋਲੀ ਮਾਰ ਕੇ ਖਤਮ ਕਰ ਲਿਆ ਸੀ, ਉਸ ਦੀ ਜੇਬ ਵਿਚੋਂ ਮਿਲੇ ਨੋਟ ਵਿਚ ਇਥੋਂ ਸੈਂਕੜੇ ਮੀਲ ਦੂਰ ਨਿਊ ਜਰਸੀ ਦੇ ਵਿਦਿਅਕ ਅਦਾਰਿਆਂ ਉਪਰ ਵੀ ਹਮਲਾ ਕਰਨ ਦਾ ਜਿਕਰ ਸੀ, ਉਹ ਅਜਿਹਾ ਕਿਉਂ ਕਰਨਾ ਚਹੁੰਦਾ ਸੀ,ਇਸ ਬਾਰੇ ਵੀ ਕੋਈ ਸਿੱਟਾ ਨਹੀਂ ਕੱਢਿਆ ਜਾ ਸਕਿਆ।

# ਮੈਰੀਲੈਂਡ ਵਿਚ ਬਹੁਮੰਜਲੀ ਇਮਾਰਤ ਦੀ ਸਤਵੀਂ ਮੰਜਿਲ 'ਤੇ ਲੱਗੀ ਭਿਆਨਕ ਅੱਗ ਕਾਰਨ 1 ਮੌਤ-17 ਜ਼ਖਮੀ




**ਸੈਕਰਾਮੈਂਟੋ, ਕੈਲੀਫੋਰਨੀਆ–** ਸਿਲਵਰ ਸਪਰਿੰਗ, ਮੈਰੀਲੈਂਡ ਵਿਚ ਬਹੁਮੰਜਿਲੀ ਇਮਾਰਤ ਨੂੰ ਲੱਗੀ ਭਿਆਨਕ ਅੱਗ ਨਾਲ ਸੜ ਕੇ ਇਕ ਔਰਤ ਦੀ ਮੌਤ ਹੋ ਗਈ ਤੇ 17 ਹੋਰ ਲੋਕ ਜ਼ਖਮੀ ਹੋ ਗਏ ਜਿਨਾਂ ਵਿਚੋਂ ਕਈਆਂ ਦੀ ਹਾਲਤ ਗੰਭੀਰ ਹੈ। ਅੱਗ ਬੁਝਾਊ ਵਿਭਾਗ ਦੇ ਅਧਿਕਾਰੀਆਂ ਅਨੁਸਾਰ ਅੱਗ ਲੱਗਣ ਕਾਰਨ ਕੁਝ ਲੋਕ ਬਾਲਕੋਨੀਆਂ ਵਿਚ ਫੱਸ ਗਏ ਜਿਨਾਂ ਨੂੰ ਬਚਾ ਲਿਆ ਗਿਆ। ਮੌਂਟਗੋਮਰੀ ਕਾਊਂਟੀ ਫਾਇਰ ਚੀਫ ਸਕਾਟ ਗੋਲਡਸਟੀਨ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਅੱਗ ਪਿਛਲੇ ਦਿਨ ਸਵੇਰੇ 6 ਵਜੇ ਦੇ ਆਸ ਪਾਸ 15 ਮੰਜਿਲਾ ਅਪਾਰਟਮੈਂਟ ਦੀ ਸਤਵੀਂ ਮੰਜਿਲ ਉਪਰ ਲੱਗੀ ਜਿਸ ਉਪਰ ਕਾਬੂ ਪਾਉਣ ਲਈ ਅੱਗ ਬੁਝਾਊ ਅਮਲੇ ਦੇ 100 ਤੋਂ ਵਧ ਮੁਲਾਜ਼ਮ ਪੁੱਜੇ। ਘੱਟੋ ਘੱਟ 17 ਲੋਕਾਂ ਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ ਜਿਨਾਂ ਵਿਚੋਂ ਕੁਝ ਦੀ ਹਾਲਤ ਗੰਭੀਰ ਹੈ। ਇਸ ਤੋਂ ਇਲਾਵਾ 7 ਹੋਰ ਲੋਕ ਆਪਣੇ ਯਤਨਾਂ ਨਾਲ ਹਸਪਤਾਲ ਵਿਚ ਪੁੱਜੇ ਹਨ। ਅੱਗ ਬੁਝਾਊ ਅਮਲੇ ਦੇ 3 ਮੈਂਬਰ ਵੀ ਜ਼ਖਮੀ ਹੋਏ ਹਨ ਪਰ ਉਹ ਗੰਭੀਰ ਨਹੀਂ ਹਨ। ਮੌਂਟਗੋਮਰੀ ਕਾਊਂਟੀ ਫਾਇਰ ਐਂਡ ਰੈਸਕਿਊ ਸਰਵਿਸ ਦੇ ਬੁਲਾਰੇ ਪੀਟ ਪਿਰਿੰਜਰ ਅਨੁਸਾਰ ਇਕ ਔਰਤ ਦੀ ਹਸਪਤਾਲ ਵਿਚ ਮੌਤ ਹੋ ਗਈ ਜਿਸ ਦੀ ਸ਼ਨਾਖਤ ਅਜੇ ਕੀਤੀ ਜਾਣੀ ਹੈ। ਗੋਲਡਸਟੀਨ ਅਨੁਸਾਰ ਅੱਗ ਕਾਰਨ ਚਾਰੇ ਪਾਸੇ ਸੰਘਣਾ ਧੂੰਆਂ ਛਾਅ ਗਿਆ ਜਿਸ ਕਾਰਨ ਅੱਗ ਬੁਝਾਊ ਅਮਲੇ ਤੇ ਸਥਾਨਕ ਲੋਕਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਉਨਾਂ ਕਿਹਾ ਕਿ ਅੱਗ ਕਾਰਨ ਪ੍ਰਭਾਵਿਤ ਹੋਏ ਲੋਕਾਂ ਨੂੰ ਸਥਾਨਕ ਰੀਕ੍ਰੀਏਸ਼ਨ ਸੈਂਟਰ ਵਿਚ ਤਬਦੀਲ ਕੀਤਾ ਗਿਆ ਹੈ।

# ਅਮਰੀਕਾ ਵਿਚ ਸੈਮੀ ਟਰੱਕ ਨੂੰ ਲੱਗੀ ਅੱਗ ਉਪਰੰਤ ਧਮਾਕਾ, 2 ਮੌਤਾਂ, 3 ਜ਼ਖਮੀ, ਕਈ ਵਾਹਣ ਸੜੇ





**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਫਲੋਰਿਡਾ ਰਾਜ ਵਿਚ ਮਿਆਮੀ ਨੇੜੇ ਮੈਡਲੀ ਵਿਖੇ ਸੈਮੀ ਟਰੱਕ ਨੂੰ ਲੱਗੀ ਅੱਗ ਕਾਰਨ ਹੋਏ ਧਮਾਕੇ ਉਪਰੰਤ ਨੇੜੇ ਖੜੇ ਹੋਰ ਕਈ ਵਾਹਣਾਂ ਦੇ ਅੱਗ ਦੀ ਲਪੇਟ ਵਿਚ ਆਉਣ ਦੀ ਖ਼ਬਰ ਹੈ।

ਪੁਲਿਸ ਅਨੁਸਾਰ ਇਸ ਘਟਨਾ ਵਿਚ 2 ਵਿਅਕਤੀਆਂ ਦੀ ਮੌਤ ਹੋ ਗਈ ਤੇ 3 ਹੋਰ ਜ਼ਖਮੀ ਹੋ ਗਏ। ਅੱਗ ਬੁਝਾਊ ਵਿਭਾਗ ਦੇ ਬੁਲਾਰੇ ਐਨਥਨੀ ਨੂਨੇਜ਼ ਨੇ ਕਿਹਾ ਹੈ ਕਿ ਜਦੋਂ ਅੱਗ ਬੁਝਾਊ ਅਮਲਾ ਮੌਕੇ ਉਪਰ ਪੁੱਜਾ ਤਾਂ ਕਾਰਾਂ ਸਮੇਤ ਕਈ ਵਾਹਣ ਅੱਗ ਦੀ ਲਪੇਟ ਵਿਚ ਆ ਚੁੱਕੇ ਸਨ।

ਇਕ ਟੱਰਕ ਡੀਲਰ ਦੇ ਅਦਾਰੇ ਵਿਖੇ ਬੀਤੇ ਦਿਨ ਸਵੇਰੇ ਵੇਲੇ ਲੱਗੀ ਅੱਗ 'ਤੇ ਬਾਅਦ ਦੁਪਹਿਰ ਤੱਕ ਕਾਬੂ ਪਾ ਲਿਆ ਗਿਆ। ਮਿਆਮੀ-ਡੇਡ ਪੁਲਿਸ ਵਿਭਾਗ ਅਨੁਸਾਰ ਦੋ ਵਿਅਕਤੀਆਂ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਜਦ ਕਿ ਅੱਗ ਨਾਲ ਸੜੇ ਦੋ ਹੋਰ ਵਿਅਕਤੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਤੇ ਇਕ ਵਿਅਕਤੀ ਜੋ ਘੱਟ ਸੜਿਆ ਸੀ, ਦੀ ਮੌਕੇ ਉਪਰ ਹੀ ਮਰਹਮ ਪੱਟੀ ਕੀਤੀ ਗਈ। ਪੁਲਿਸ ਵਿਭਾਗ ਅਨੁਸਾਰ ਅੱਗ ਲੱਗਣ ਦਾ ਕਾਰਨ ਅਜੇ ਸਪੱਸ਼ਟ ਨਹੀਂ ਹੈ ਤੇ ਇਸ ਸਬੰਧੀ ਜਾਂਚ ਕੀਤੀ ਜਾ ਰਹੀ ਹੈ।

# ਕੈਲੀਫੋਰਨੀਆ ਵਾਸੀ ਭਾਰਤੀ ਨੇ ਜਿੱਤਿਆ 'ਪਿਕਚਰਜ਼ ਆਫ ਦ ਯੀਅਰ' ਐਵਾਰਡ

**ਸੈਕਰਾਮੈਂਟੋ, ਕੈਲੀਫੋਰਨੀਆ–** ਸਨ ਫਰਾਂਸਿਸਕੋ ਰਹਿੰਦੇ ਭਾਰਤੀ ਮੂਲ ਦੇ ਸਾਫਟਵੇਅਰ ਇੰਜੀਨੀਅਰ ਕਾਰਤਿਕ ਸੁਬਰਾਮਨੀਅਮ ਵੱਲੋਂ ਖਿੱਚੀ ਤਸਵੀਰ ਨੇ ਨੈਸ਼ਨਲ ਜੀਓਗਰਾਫ਼ਿਕ 'ਪਿਕਚਰਜ਼ ਆਫ ਦ ਯੀਅਰ' ਸਲਾਨਾ ਐਵਾਰਡ ਜਿੱਤਿਆ ਹੈ। ਕਾਰਤਿਕ ਦੀ ਤਸਵੀਰ ਦਾ ਸਿਰਲੇਖ 'ਡਾਂਸ ਆਫ ਦਾ ਈਗਲਜ਼' ਸੀ ਜਿਸ ਦੀ ਨੈਸ਼ਨਲ ਜੀਓਗਰਾਫ਼ਿਕ ਦੇ ਜੱਜਾਂ ਵੱਲੋਂ 4



ਸ਼੍ਰੇਣੀਆਂ ਵਿਚ ਮੁਕਾਬਲੇ ਲਈ ਆਈਆਂ ਤਕਰੀਬਨ 5000 ਤਸਵੀਰਾਂ ਵਿਚੋਂ ਚੋਣ ਕੀਤੀ ਗਈ। ਇਸ ਦਿਲਕੱਸ਼ ਤਸਵੀਰ ਜੋ ਅਲਾਸਕਾ ਦੇ 'ਚਿਲਕਟ ਬਲਡ ਈਗਲ ਪ੍ਰੀਜ਼ਰਵ' ਵਿਚ ਖਿੱਚੀ ਗਈ ਹੈ, ਵਿਚ ਗਿਰਜਾਂ ਦਾ ਜੋੜਾ ਇਕ ਦਰਖਤ ਦੇ ਟਾਹਣੇ ਉਪਰ ਬੈਠਣ ਲਈ ਆਪਸ ਵਿਚ ਲੜਦਾ ਹੋਇਆ ਨਜਰ ਆ ਰਿਹਾ ਹੈ। ਇਹ ਤਸਵੀਰ ਨੈਸ਼ਨਲ ਜੀਓਗਰਾਫ਼ਿਕ ਮੈਗਜ਼ੀਨ ਦੇ ਮਈ ਅੰਕ ਵਿਚ ਪ੍ਰਮੁੱਖਤਾ ਨਾਲ ਛਾਪੀ ਜਾਵੇਗੀ।

# ਡਾ: ਬੀ ਆਰ ਅੰਬੇਡਕਰ ਮਿਸ਼ਨ ਟਰੱਸਟ ਵਲੋਂ "ਸਤਿਗੁਰੂ ਰਵਿਦਾਸ ਬਾਣੀ ਕਰਾਂਤੀਕਾਰੀ ਸੰਦੇਸ਼" ਵਿਸ਼ੇ ਤੇ ਸੈਮੀਨਾਰ ਕਰਵਾਇਆ













**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਡਾਕਟਰ ਬੀ ਆਰ ਅੰਬੇਡਕਰ ਮਿਸ਼ਨ ਟਰੱਸਟ ਗੜ੍ਹਸ਼ੰਕਰ ਵਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪਵਿੱਤਰ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ "ਸਤਿਗੁਰ ਰਵਿਦਾਸ ਬਾਣੀ ਕਰਾਂਤੀਕਾਰੀ ਸੰਦੇਸ਼" ਵਿਸ਼ੇ ਤੇ ਡਾਕਟਰ ਬੀ ਆਰ ਅੰਬੇਡਕਰ ਭਵਨ ਗੜ੍ਹਸ਼ੰਕਰ ਨੇੜੇ ਖਾਨਪੁਰ ਗੇਟ ਵਿਖੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਟਰੱਸਟ ਦੇ ਪ੍ਰਧਾਨ ਡਾਕਟਰ ਅਵਤਾਰ ਸਿੰਘ ਦੀ ਯੋਗ ਰਹਿਨੁਮਾਈ ਹੇਠ ਕਰਵਾਏ ਗਏ ਸੈਮੀਨਾਰ ਦੌਰਾਨ ਰਿਟਾਇਰਡ ਪ੍ਰਿੰਸੀਪਲ ਨਵਤੇਜ ਗੜ੍ਹਦੀਵਾਲ ਅਤੇ ਮਾਸਟਰ ਨਰੇਸ਼ ਕੁਮਾਰ ਪ੍ਰਧਾਨ ਗੜ੍ਹਸ਼ੰਕਰ ਬਾਮਸੇਫ ਆਗੂ ਵਲੋਂ ਆਪਣੇ ਵਿਚਾਰ ਸਾਂਝੇ ਕੀਤੇ। ਬੁਲਾਰਿਆਂ ਨੇ ਗੁਰੂ ਰਵਿਦਾਸ ਜੀ ਦੀ ਬੇਸ਼ਕੀਮਤੀ ਕ੍ਰਾਂਤੀਕਾਰੀ ਵਿਚਾਰਾਂ ਤੇ ਚਾਨਣਾ ਪਾਉਂਦਿਆ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਬਾਣੀ ਤੇ ਸਲੋਕਾਂ ਵਾਰੇ ਵਿਸਥਾਰ 'ਚ ਚਾਨਣਾ ਪਾਇਆ। ਇਸ ਮੌਕੇ ਤੇ ਰਿਟਾਇਰਡ ਪ੍ਰਿੰਸੀਪਲ ਨਵਤੇਜ ਗੜ੍ਹਦੀਵਾਲ ਵਲੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰੂ ਰਵਿਦਾਸ ਮਹਾਰਾਜ ਜੀ ਦੀ ਪਵਿੱਤਰ ਬਾਣੀ ਤੇ ਲਿਖੀ ਪੁਸਤਕ ਰਿਲੀਜ ਕੀਤੀ। ਇਸ ਮੌਕੇ ਤੇ ਡਾਕਟਰ ਸੋਨੀਆ, ਰਣਬੀਰ ਬੱਬਰ, ਪ੍ਰਿੰਸੀਪਲ ਸਤਨਾਮ ਸਿੰਘ, ਇੰਜੀਨੀਅਰ ਲਖਵਿੰਦਰ ਸਿੰਘ ਸਿਕੰਦਰ ਪੁਰ, ਲੈਕਚਰਾਰ ਮੁਲਖ ਰਾਜ, ਹੁਸ਼ਿਆਰਪੁਰ ਤੋਂ ਰਮਨ ਕੁਮਾਰ, ਪੀ ਐਲ ਸੂਦ, ਮੈਡੀਕਲ ਸਪੈਸ਼ਲਿਸਟ ਡਾਕਟਰ ਨਿਰਮਲ ਕੁਮਾਰ, ਲੈਕਚਰਾਰ ਭਾਗ ਸਿੰਘ, ਡਾਕਟਰ ਅਜੇ ਬਸਰਾ, ਹਰੀ ਰਾਮ, ਪ੍ਰਦੀਪ ਗੁਰੂ, ਬਲਵਿੰਦਰ ਸਿੰਘ, ਰਾਮ ਲਾਲ ਵਿਰਦੀ, ਰਾਮ ਦਾਸ ਬੀਤ, ਪ੍ਰੇਮ ਮਿਸਤਰੀ, ਹਰਮੇਸ਼ ਦੀਵਾਨ, ਰਾਜਿੰਦਰ ਸਿੰਘ ਤੇ ਹੋਰ ਟਰੱਸਟੀ ਮੈਂਬਰ ਵੀ ਹਾਜ਼ਰ ਸਨ।

# ਢਾਈ ਮਹੀਨੇ ਬਾਅਦ ਵੀ ਪਦਉਨਤ ਪ੍ਰਿੰਸੀਪਲਾਂ ਨੂੰ ਸਟੇਸ਼ਨ ਅਲਾਟ ਕਰਨ 'ਚ ਸਿੱਖਿਆ ਵਿਭਾਗ ਨਾਕਾਮ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਸਿੱਖਿਆ ਨੂੰ ਪ੍ਰਮੁੱਖਤਾ ਦੱਸਣ ਦਾ ਦਮ ਭਰਨ ਵਾਲੀ ਪੰਜਾਬ ਸਰਕਾਰ ਦੇ ਸਕੂਲ ਸਿੱਖਿਆ ਵਿਭਾਗ ਦੀ ਢਿਲੀ ਕਾਰਜ਼ੁਗਾਰੀ ਨੂੰ ਉਜ਼ਗਾਰ ਕਰਦੇ ਇੱਕ ਮਾਮਲੇ ਤਹਿਤ, ਢਾਈ ਮਹੀਨੇ ਪਹਿਲਾਂ ਲੈਕਚਰਾਰ ਅਤੇ ਮੁੱਖ ਅਧਿਆਪਕਾਂ ਵਿਚੋਂ ਪਦਉਨਤ ਕੀਤੇ 189 ਪ੍ਰਿੰਸੀਪਲਾਂ ਨੂੰ ਸਰਕਾਰੀ ਸਕੂਲਾਂ ਵਿਚ ਮੁੱਖੀਆਂ ਦੀ ਭਾਰੀ ਘਾਟ ਹੋਣ ਦੇ ਬਾਵਜੂਦ, ਇਹਨਾਂ ਅਧਿਆਪਕਾਂ ਨੂੰ ਸਮੇਂ ਸਿਰ ਸਟੇਸ਼ਨ ਅਲਾਟ ਕਰਨ 'ਚ ਸਿੱਖਿਆ ਵਿਭਾਗ ਨਾਕਾਮ ਸਾਬਤ ਹੋਇਆ ਹੈ।

ਇਸ ਸਬੰਧੀ ਗੱਲਬਾਤ ਕਰਦਿਆਂ ਡੈਮੋਕ੍ਰੇਟਿਕ ਟੀਚਰਜ਼ ਫਰੰਟ (ਡੀਟੀਐਫ) ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮੁਕੇਸ਼ ਕੁਮਾਰ, ਵਿੱਤ ਸਕੱਤਰ ਅਸ਼ਵਨੀ ਅਵਸਥੀ, ਜਿਲ੍ਹਾ ਪ੍ਰਧਾਨ ਸੁਖਦੇਵ ਡਾਨਸੀਵਾਲ ਅਤੇ ਜਿਲ੍ਹਾ ਆਗੂਆਂ ਇੰਦਰਸੁਖਦੀਪ ਸਿੰਘ ਓਡਰਾ,ਮਨਜੀਤ ਸਿੰਘ ਦਸੂਹਾ ਰੇਸ਼ਮ ਸਿੰਘ ਸੱਤਪਾਲ ਕਲੇਰ, ਮਨਜੀਤ ਸਿੰਘ, ਅਸ਼ਨੀ ਕੁਮਾਰ ਹਰਿੰਦਰ ਸਿੰਘ ਨੇ ਦੱਸਿਆ ਕਿ ਸਿੱਖਿਆ ਵਿਭਾਗ ਵੱਲੋਂ 29 ਨਵੰਬਰ 2022 ਨੂੰ ਬਤੌਰ 189 ਅਧਿਆਪਕਾਂ ਨੂੰ ਬਤੌਰ ਪ੍ਰਿੰਸੀਪਲ ਹਾਜ਼ਰ ਕਰਵਾਇਆ ਗਿਆ ਸੀ, ਜਿਹਨਾਂ ਵਿੱਚ 135 ਲੈਕਚਰਾਰ, 35 ਮੁੱਖ ਅਧਿਆਪਕ ਅਤੇ 19 ਵੋਕੇਸ਼ਨਲ ਮਾਸਟਰ/ ਲੈਕਚਰਾਰ ਸ਼ਾਮਿਲ ਹਨ। ਪ੍ਰੰਤੂ ਸਿੱਖਿਆ ਵਿਭਾਗ ਦੀ ਅਲਗਰਜ਼ੀ ਕਾਰਨ ਇਹ ਅਧਿਆਪਕ ਢਾਈ ਮਹੀਨਿਆਂ ਤੋਂ ਸਟੇਸ਼ਨ ਅਲਾਟਮੈਂਟ ਦੀ ਉਡੀਕ ਕਰਦੇ ਹੋਏ ਆਪਣੇ ਮੌਜੂਦਾ ਸਕੂਲਾਂ ਵਿੱਚ ਹੀ ਪੁਰਾਣੇ ਅਹੁਦੇ 'ਤੇ ਕੰਮ ਕਰ ਰਹੇ ਹਨ। ਇਹਨਾਂ ਵਿਚੋਂ 5 ਅਧਿਆਪਕ ਦਸੰਬਰ 2022 ਵਿੱਚ ਸੇਵਾ ਮੁਕਤ ਵੀ ਗਏ ਹਨ। ਉਨ੍ਹਾਂ ਦੱਸਿਆ ਕਿ ਵਿਭਾਗ ਵਿੱਚ ਵੱਡੀ ਗਿਣਤੀ ਵਿੱਚ ਸਕੂਲ ਬਿਨਾਂ ਮੁਖੀਆਂ ਤੋਂ ਹੀ ਚੱਲ ਰਹੇ ਹਨ ਅਤੇ ਦੂਜੇ ਪਾਸੇ ਸਲਾਨਾ ਪ੍ਰੀਖਿਆਵਾਂ ਦੇ ਦਿਨ ਸਿਰ 'ਤੇ ਹਨ। ਪ੍ਰੰਤੂ ਇਸ ਮਾਮਲੇ ਵਿੱਚ ਸਿੱਖਿਆ ਵਿਭਾਗ ਦੀ ਕੁੰਭਕਰਨੀ ਨੀਂਦ ਟੁੱਟਣ ਦਾ ਨਾਂ ਨਹੀਂ ਲੈ ਰਹੀ ਹੈ ।




ਡੀ ਟੀ ਐਫ ਦੇ ਆਗੂਆਂ ਜਗਪਾਲ ਬੰਗੀ, ਬੇਅੰਤ ਫੂਲੇਵਾਲਾ, ਰਾਜੀਵ ਬਰਨਾਲਾ, ਗੁਰਪਿਆਰ ਕੋਟਲੀ, ਜਸਵਿੰਦਰ ਔਜਲਾ, ਰਘਬੀਰ ਭਵਾਨੀਗੜ੍ਹ, ਹਰਜਿੰਦਰ ਸਿੰਘ ਵਡਾਲਾ ਬਾਂਗਰ, ਦਲਜੀਤ ਸਫੀਪੁਰ, ਕੁਲਵਿੰਦਰ ਜੋਸ਼ਨ, ਮਹਿੰਦਰ ਕੌੜਿਆਂਵਾਲੀ, ਤੇਜਿੰਦਰ ਸਿੰਘ, ਰੁਪਿੰਦਰ ਗਿੱਲ ਅਤੇ ਸੁਖਦੇਵ ਡਾਨਸੀਵਾਲ ਨੇ ਟਿੱਪਣੀ ਕਰਦਿਆਂ ਕਿਹਾ ਕੇ ਸਿੱਖਿਆ ਵਿਭਾਗ ਵੱਲੋਂ ਸਕੂਲਾਂ ਤੋਂ ਲਏ ਜਾਣ ਵਾਲੇ ਅੰਕੜਿਆਂ ਅਤੇ ਡਾਕਾਂ ਨੂੰ ਹਮੇਸ਼ਾ ਸਮਾਂ ਬੱਧ ਭੇਜਣ ਦੀ ਹਦਾਇਤ ਕੀਤੀ ਜਾਂਦੀ ਹੈ ਅਤੇ ਕਈ ਵਾਰ ਤਾਂ ਇਹ ਵੀ ਲਿਖਿਆ ਜਾਂਦਾ ਹੈ ਕਿ ਸਕੂਲ ਛੱਡਣ ਤੋਂ ਪਹਿਲਾਂ ਡਾਕ ਹਰ ਹਾਲਤ ਵਿੱਚ ਭੇਜੀ ਜਾਵੇ, ਪਰ ਵਿਭਾਗ ਵਿੱਚ ਕੰਮ ਕਰਦੇ ਅਧਿਆਪਕਾਂ ਦੇ ਕੰਮਾਂ ਨਾਲ ਸਬੰਧਤ ਫਾਇਲਾਂ 'ਤੇ ਮਿੱਟੀ ਜੰਮੀ ਰਹਿੰਦੀ ਹੈ।

ਆਗੂਆਂ ਨੇ ਮੰਗ ਕੀਤੀ ਕਿ ਨਵੰਬਰ 2022 ਵਿੱਚ ਤਰੱਕੀ ਲੈ ਕੇ ਬਣੇ ਪ੍ਰਿੰਸੀਪਲਾਂ ਨੂੰ ਤੁਰੰਤ ਸਟੇਸ਼ਨ ਅਲਾਟ ਕੀਤੇ ਜਾਣ ਤਾਂ ਜੋ ਵੱਡੀ ਗਿਣਤੀ ਵਿੱਚ ਬਿਨਾਂ ਮੁਖੀਆਂ ਤੋਂ ਚੱਲ ਰਹੇ ਸਕੂਲਾਂ ਨੂੰ ਪ੍ਰਿੰਸੀਪਲ ਮਿਲ ਸਕਣ ਅਤੇ ਪਦਉਨਤ ਪ੍ਰਿੰਸੀਪਲਾਂ ਦੀ ਉਡੀਕ ਵੀ ਪੂਰੀ ਹੋ ਸਕੇ।

# ਨਿਊਜ਼ੀਲੈਂਡ ਦੀ ਸਾਬਕਾ ਪ੍ਰਧਾਨ ਮੰਤਰੀ ਨੇ ਹੜ੍ਹ ਪੀੜ੍ਹਤਾਂ ਦੇ ਰਾਹਤ ਸੈਂਟਰ ਪੁੱਜ ਕੀਤੇ ਹੱਥੀਂ ਕੰਮ



**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)**-ਨਿਊਜ਼ੀਲੈਂਡ ਦੇ ਵਿਚ 12 ਫਰਵਰੀ ਤੋਂ 15 ਫਰਵਰੀ ਤੱਕ ਚੱਕਰਵਾਤ ਗੈਬਰੀਏਲ ਨੇ ਕਈ ਖੇਤਰਾਂ ਦੇ ਵਿਚ ਬਹੁਤ ਤਬਾਹੀ ਮਚਾਈ ਹੈ। ਹਾਕਸਬੇਅ ਇਲਾਕੇ ਦੇ ਵਿਚ ਜਿੱਥੇ ਸੈਂਕੜੇ ਘਰ ਤਬਾਹ ਹੋ ਗਏ ਉਥੇ ਕਿਸਾਨਾਂ ਦਾ ਵੀ ਵੱਡਾ ਨੁਕਸਾਨ ਹੋਇਆ। ਇਥੇ ਜਿੱਥੇ ਭਾਰਤੀ ਸੰਸਥਾਵਾਂ, ਸਿੱਖ ਸੰਸਥਾਵਾਂ ਸਮਾਜ ਸੇਵਾ ਵਿਚ ਲੱਗੀਆਂ ਹਨ ਉਥੇ ਮਾਓਰੀ ਮੂਲ ਦੇ ਲੋਕਾਂ ਦੇ ਰਸਮੀ ਸਵਾਗਤੀ ਕੇਂਦਰ ਜਾਂ ਕਹਿ ਲਈਏ ਸਮਾਜਿਕ ਤੇ ਧਾਰਮਿਕ ਕਾਰਜਾਂ ਲਈ ਇਕ ਥਾਂ ਜਿਸ ਨੂੰ 'ਮਰਾਏ' ਕਿਹਾ ਜਾਂਦਾ ਹੈ, ਵਿਖੇ ਵੀ ਬਹੁਤ ਸਾਰੇ ਰਾਹਤ ਕਾਰਜ ਚੱਲ ਰਹੇ ਹਨ। ਅੱਜ ਇਸੇ ਇਲਾਕੇ ਦੇ ਵਿਚ 'ਵਾਇਪਾਟੂ ਮਰਾਏ' ਵਿਖੇ ਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਜੈਸਿੰਡਾ ਆਰਡਨ ਜਿਨ੍ਹਾਂ ਨੇ ਆਪਣੀ ਮਰਜ਼ੀ ਨਾਲ ਹੀ ਸੌਖਿਆਂ ਜੀਵਨ ਬਤੀਤ ਕਰਨ ਦੇ ਲਈ ਅਹੁਦਾ ਤਿਆਗ ਦਿੱਤਾ ਸੀ ਨੇ ਪਹੁੰਚ ਕੇ ਉਥੇ ਚੱਲ ਰਹੇ ਕਾਰਜਾਂ ਵਿੱਚ ਹੱਥੀਂ ਸਹਿਯੋਗ ਕੀਤਾ। ਇਕ ਆਮ ਇਨਸਾਨ ਦੀ ਤਰ੍ਹਾਂ ਉਨ੍ਹਾਂ ਉਥੇ ਪੀਲੇ ਰੰਗ ਦੇ ਤਰਬੂਜ (ਹਦਵਾਣੇ) ਅਤੇ ਖਰਬੂਜੇ ਆਦਿ ਕੱਟੇ ਅਤੇ ਹੋਰ ਕੰਮਾਂ ਵਿਚ ਸਹਿਯੋਗ ਕੀਤਾ। ਇਸ ਜਗ੍ਹਾ ਉਤੇ ਉਹ ਪ੍ਰਧਾਨ ਮੰਤਰੀ ਵੇਲੇ ਵੀ ਆਉਂਦੀ ਰਹੀ ਹੈ, ਪਰ ਉਸ ਵੇਲੇ ਦੂਜੇ ਕੰਮ ਹੁੰਦੇ ਸੀ ਜਾਂ ਕਹਿ ਲਈਏ ਉਚ ਅਹੁਦੇ ਵਾਲੇ ਕੰਮ ਹੁੰਦੇ ਸੀ। ਇਸ ਦੌਰਾਨ ਉਥੇ ਉਸਨੇ ਹੜ੍ਹ ਪੀੜਤਾਂ ਦੀਆਂ ਗੱਲਾਂ ਤੇ ਮੁਸ਼ਕਿਲਾਂ ਵੀ ਸੁਣੀਆਂ। ਪ੍ਰਬੰਧਕਾਂ ਨੇ ਨਿੱਘਾ ਸਵਾਗਤ ਕੀਤਾ ਅਤੇ ਮਹਿਸੂਸ ਕੀਤਾ ਕਿ ਜਿਵੇਂ ਉਨ੍ਹਾਂ ਦੀ ਆਂਟੀ ਵਾਪਿਸ ਆ ਗਈ ਹੋਵੇ। ਇਸ ਤੋਂ ਪਹਿਲਾਂ ਉਹ ਔਕਲੈਂਡ ਦੇ ਆਪਣੇ ਹਲਕੇ ਸੈਂਡਰਿੰਗਮ ਦੇ ਵਿਚ ਵੀ ਆਮ ਨਾਗਰਿਕ ਵਾਂਗ ਦੁਕਾਨਾਂ ਉਤੇ ਹਾਲ-ਚਾਲ ਪੁੱਛਣ ਨਿਕਲੀ ਸੀ ਅਤੇ ਕਈ ਭਾਰਤੀ ਕਾਰੋਬਾਰੀਆਂ ਨਾਲ ਗੱਲਬਾਤ ਕੀਤੀ ਸੀ। ਜੈਸਿੰਡਾ ਆਰਡਨ ਨੇ ਆਪਣੀ ਪਾਣੀ ਵਾਲੀ ਬੋਤਲ ਕੋਲ ਰੱਖੀ ਹੋਈ ਸੀ ਅਤੇ ਐਨਕਾਂ ਲਾਹ ਕੇ ਹੱਥ ਵਟਾਉਣ ਵਿਚ ਕੋਈ ਦੇਰੀ ਨਹੀਂ ਕੀਤੀ।




ਸਰਕਾਰ ਨੇ 50 ਮਿਲੀਅਨ ਡਾਲਰ ਤੱਕ ਦੀ ਗ੍ਰਾਂਟ ਦਾ ਐਲਾਨ ਕਰ ਦਿੱਤਾ ਹੈ। 25 ਮਿਲੀਅਨ ਡਾਲਰ ਪਹਿਲੇ ਦੇ ਅਧਾਰ ਉਤੇ ਹੋਵੇਗਾ। ਕਿਸਾਨਾਂ ਨੂੰ ਪ੍ਰਤੀ ਹੈਕਟੇਅਰ 2000 ਡਾਲਰ ਅਤੇ ਜਿਆਦਾ ਤੋਂ ਜਿਆਦਾ 40,000 ਡਾਲਰ ਤੱਕ ਮਿਲੇਗੀ। ਜ਼ਮੀਨ ਨੂੰ ਮੁੜ ਉਪਜਾਊ ਬਨਾਉਣ ਲਈ 10,000 ਡਾਲਰ ਤੱਕ ਦੀ ਗ੍ਰਾਂਟ ਮਿਲੇਗੀ। ਗ੍ਰਾਂਟ ਵਾਸਤੇ ਕੱਲ੍ਹ ਅਰਜ਼ੀਆਂ 'ਮਨਿਸਟਰੀ ਆਫ ਪ੍ਰਾਇਮਰੀ ਇੰਡਸਟਰੀ' ਵੱਲੋਂ ਖੁੱਲ੍ਹ ਰਹੀਆਂ ਹਨ।

# ਕੈਲੀਫੋਰਨੀਆ ਤੋਂ ਸ਼੍ਰੀ ਪੀ.ਆਰ. ਭੱਟੀ ਨੇ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸ਼੍ਰੀ ਸੁਖਵਿੰਦਰ ਸਿੰਘ ਸੁੱਖੂ ਨਾਲ ਮੁਲਾਕਾਤ ਕੀਤੀ











**ਨਵੀਂ ਦਿੱਲੀ–** ਸ਼੍ਰੀ ਅਜੈਪਾਲ ਸਿੰਘ ਬਾਠ, ਸੰਯੁਕਤ ਰਾਜ ਅਮਰੀਕਾ ਵਿੱਚ ਹੋਟਲ ਉਦਯੋਗ ਵਿੱਚ ਇੱਕ ਸਫਲ ਕਾਰੋਬਾਰੀ ਅਤੇ ਕੈਲੀਫੋਰਨੀਆ ਤੋਂ ਸ਼੍ਰੀ ਪੀ.ਆਰ. ਭੱਟੀ ਨੇ 8 ਫਰਵਰੀ, 2023 ਨੂੰ ਹਿਮਾਚਲ ਪ੍ਰਦੇਸ਼ ਦੇ ਮਾਣਯੋਗ ਮੁੱਖ ਮੰਤਰੀ ਸ਼੍ਰੀ ਸੁਖਵਿੰਦਰ ਸਿੰਘ ਸੁੱਖੂ ਨਾਲ ਨਵੀਂ ਦਿੱਲੀ ਵਿੱਚ ਹਿਮਾਚਲ ਸਦਨ ਵਿਖੇ ਮੁਲਾਕਾਤ ਕੀਤੀ। ਮੁੱਖ ਮੰਤਰੀ ਅਤੇ ਸਰਕਾਰੀ ਅਧਿਕਾਰੀ ਪ੍ਰਵਾਸੀ ਭਾਰਤੀ ਵਫ਼ਦ ਨਾਲ ਰਾਜ ਵਿੱਚ ਵੱਖ-ਵੱਖ ਸੈਰ-ਸਪਾਟਾ ਸੰਭਾਵਨਾਵਾਂ ਬਾਰੇ ਚਰਚਾ ਕਰਕੇ ਖੁਸ਼ ਹੋਏ। ਮੁੱਖ ਮੰਤਰੀ ਨੇ ਪ੍ਰਵਾਸੀ ਭਾਰਤੀ ਰਾਜ ਵਿੱਚ ਨਿਵੇਸ਼ ਕਰਨ ਵਿੱਚ ਦਿਲਚਸਪੀ ਰੱਖਣ ਵਾਲੇ ਕਿਸੇ ਵੀ ਪ੍ਰੋਜੈਕਟ ਲਈ ਆਪਣੇ ਪੂਰਨ ਸਹਿਯੋਗ ਦਾ ਭਰੋਸਾ ਦਿਵਾਇਆ ਅਤੇ ਉਨ੍ਹਾਂ ਦੇ ਪ੍ਰਮੁੱਖ ਸਕੱਤਰ ਸ਼੍ਰੀ ਭਰਤ ਖੇੜਾ ਆਈ.ਏ.ਐਸ ਨੂੰ ਪ੍ਰਵਾਸੀ ਭਾਰਤੀ ਭਾਈਚਾਰੇ ਨੂੰ ਪੂਰਾ ਸਹਿਯੋਗ ਦੇਣ ਅਤੇ ਹਰ ਲੋੜੀਂਦੀ ਸਹਾਇਤਾ ਪ੍ਰਦਾਨ ਕਰਨ ਦੇ ਨਿਰਦੇਸ਼ ਦਿੱਤੇ।ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਪ੍ਰਵਾਸੀ ਭਾਰਤੀਆਂ ਲਈ ਹਿਮਾਚਲ ਪ੍ਰਦੇਸ਼ ਰਾਜ ਵਿੱਚ ਸੈਰ ਸਪਾਟੇ ਦੇ ਖੇਤਰ ਵਿੱਚ ਆਪਣੀ ਪਸੰਦ ਦੇ ਪ੍ਰੋਜੈਕਟਾਂ ਵਿੱਚ ਨਿਵੇਸ਼ ਕਰਨ ਲਈ ਸਾਰੇ ਦਰਵਾਜ਼ੇ ਖੋਲ੍ਹੇਗੀ। ਉਨ੍ਹਾਂ ਇਹ ਵੀ ਕਿਹਾ ਕਿ ਉਹ ਜ਼ਿਲ੍ਹਾ ਕਾਂਗੜਾ ਨੂੰ ਸੈਰ ਸਪਾਟੇ ਦੀ ਰਾਜਧਾਨੀ ਬਣਾਉਣਾ ਚਾਹੁੰਦੇ ਹਨ। ਇਸ ਮੌਕੇ ਐਡਵੋਕੇਟ ਜਨਰਲ ਸ੍ਰੀ ਅਨੂਪ ਕੁਮਾਰ ਰਤਨ ਵੀ ਹਾਜ਼ਰ ਸਨ।

# ਭਾਸ਼ਾ ਵਿਭਾਗ ਨੇ ਮਨਾਇਆ ਕੌਮਾਂਤਰੀ ਮਾਂ ਬੋਲੀ ਦਿਹਾੜਾ

ਪੰਜਾਬ ਸਰਕਾਰ, ਸਕੱਤਰ ਉਚੇਰੀ ਸਿੱਖਿਆ ਅਤੇ ਭਾਸ਼ਾਵਾਂ, ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਦੀਆਂ ਹਿਦ-ਾਇਤਾਂ ਅਤੇ ਜ਼ਿਲ੍ਹਾ ਭਾਸ਼ਾ ਦਫ਼ਤਰ ਹੁਸ਼ਿਆਰਪੁਰ ਦੀ ਅਗਵਾਈ ਵਿੱਚ ਕੌਮਾਂਤਰੀ ਮਾਂ ਬੋਲੀ ਦਿਹਾੜਾ ਡੀ.ਏ.ਵੀ. ਕਾਲਜ ਆਫ ਐਜੂਕੇਸ਼ਨ, ਹੁਸ਼ਿਆਰਪੁਰ ਵਿੱਚ ਬੜੇ ਭਾਵਪੂਰਤ ਢੰਗ ਨਾਲ ਮਨਾਇਆ ਗਿਆ; ਸਮਾਗਮ ਦੀ ਪ੍ਰਧਾਨਗੀ ਮੈਡਮ ਕਰਮਜੀਤ ਕੌਰ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਹੁਸ਼ਿਆਰਪੁਰ ਨੇ ਕੀਤੀ।ਜੀ ਆਇਆਂ ਸ਼ਬਦ ਪ੍ਰਿੰਸੀਪਲ ਡਾ. ਵਿਧੀ ਭੱਲਾ ਮੈਡਮ ਨੇ ਆਖੇ।ਮੁਖ ਬੁਲਾਰੇ ਵਜੋਂ ਸ਼੍ਰੀ ਦੀਪਕ ਬਾਲੀ ਸਲਾਹਕਾਰ ਕਲਾ, ਸਭਿਆਚਾਰ ਅਤੇ ਭਾਸ਼ਾਵਾਂ ਦਿੱਲੀ ਸਰਕਾਰ ਨੇ ਆਖਿਆਂ ਕਿ ਮਾਂ ਬੋਲੀ ਦੀਆਂ ਜੜ੍ਹਾਂ ਸਾਡੀ ਵਿਰਾਸਤ ਨਾਲ ਜੁੜੀਆਂ ਹੋਈਆਂ ਹਨ।ਇਸਦੇ ਸਤਿਕਾਰ ਵਿੱਚ ਹੀ ਸਾਡਾ ਸਤਿਕਾਰ ਹੈ। ਦੂਸਰੇ ਬੁਲਾਰੇ ਡਾ. ਸ਼ਮਸ਼ੇਰ ਮੋਹੀ ਨੇ ਪੰਜਾਬੀ ਭਾਸ਼ਾ ਦੇ ਨਿਕਾਸ ਅਤੇ ਵਿਕਾਸ ਬਾਰੇ ਗੱਲ ਕਰਦਿਆਂ ਪੰਜਾਬੀ ਭਾਸ਼ਾ ਦੇ ਪਿਛੋਕੜ ਬਾਰੇ ਵਿਸਤਾਰ ਨਾਲ ਗੱਲ ਕਰਦਿਆਂ ਕਿਹਾ ਕਿ ਸੰਸਾਰ ਭਰ ਦੀਆਂ ਸੱਤ ਹਜ਼ਾਰ ਜ਼ੁਬਾਨਾਂ ਵਿੱਚੋਂ ਪੰਜਾਬੀ ਭਾਸ਼ਾ ਦਾ ਦਸਵਾਂ ਸਥਾਨ ਹੈ। ਸਾਨੂੰ ਆਪਣੀ ਮਾਨਸਿਕਤਾ ਅਜਿਹੀ ਬਣਾਉਣੀ ਚਾਹੀਦੀ ਹੈ ਕਿ ਅਸੀਂ ਪੰਜਾਬੀ ਬੋਲਣ, ਪੜ੍ਹਨ ਅਤੇ ਲਿਖਣ ਵਿੱਚ ਮਾਣ ਮਹਿਸੂਸ ਕਰੀਏ।



ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਮੈਡਮ ਕਰਮਜੀਤ ਕੌਰ ਨੇ ਪੰਜਾਬੀ ਭਾਸ਼ਾ ਲਈ ਸਕਾਰ ਵਲੋਂ ਕੀਤੇ ਜਾ ਰਹੇ ਤਰੱਦਦ ਬਾਰੇ ਗੱਲ ਕਰਦਿਆਂ ਕਿਹਾ ਕਿ ਇਹ ਸਾਡੀ ਸਾਰਿਆਂ ਦੀ ਨੈਤਿਕ ਜਿੰਮੇਵਾਰੀ ਬਣਦੀ ਹੈ ਕਿ ਅਸੀ ਪੰਜਾਬੀ ਭਾਸ਼ਾ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਆਪਣਾ ਬਣਦਾ ਯੋਗਦਾਨ ਪਾਈਏ। ਆਉਣ ਵਾਲੇ ਸਮੇਂ ਵਿੱਚ ਉਨ੍ਹਾਂ ਨੇ ਪੰਜਾਬੀ ਬੋਲੀ ਦੇ ਵਿਕਾਸ ਵਿੱਚ ਸਰਕਾਰ ਵਲੋਂ ਨਵੀਆਂ ਗਤੀਵਿਧੀਆਂ ਸ਼ੁਰੂ ਕਰਨ ਦੀਆਂ ਚੀਜ਼ਾਂ ਵੀ ਸਾਂਝੀਆਂ ਕੀਤੀਆਂ। ਭਾਸ਼ਾ ਵਿਭਾਗ ਵਲੋਂ ਬੀ.ਐੱਡ. ਦੇ ਵਿਦਿਆਰਥੀਆਂ ਦੇ ਕਰਵਾਏ ਲੇਖ ਲਿਖਣ ਅਤੇ ਨਾਅਰੇ ਲਿਖਣ ਦੇ ਮੁਕਾਬਿਆਂ ਵਿੱਚ ਜੇਤੂਆਂ ਨੂੰ ਪ੍ਰਮਾਣ ਪੱਤਰ, ਕਿਤਾਬਾਂ ਦੇ ਸੈੱਟ ਅਤੇ ਮੋਮੈਂਟੋਆਂ ਸਨਮਾਨਿਤ ਕੀਤਾ। ਇਸ ਮੌਕੇ ਭਾਸ਼ਾ ਵਿਭਾਗ ਤੋਂ ਖੋਜ ਅਫ਼ਸਰ ਡਾ. ਜਸਵੰਤ ਰਾਏ ਨੇ ਭਾਸ਼ਾ ਵਿਭਾਗ ਵਲੋਂ ਮਾਂ ਬੋਲੀ ਅਤੇ ਪੰਜਾਬੀ ਸਭਿਆਚਾਰ ਲਈ ਕੀਤੇ ਜਾ ਰਹੇ ਕੰਮਾਂ ਬਾਰੇ ਹਾਜ਼ਰੀਨ ਨਾਲ ਤੁਆਰਫ਼ ਕਰਵਾਇਆ।ਭਾਸ਼ਾ ਵਿਭਾਗ ਵਲੋਂ ਆਏ ਹੋਏ ਮਹਿਮਾਨਾਂ ਮੈਡਮ ਕਰਮਜੀਤ ਕੌਰ, ਡਾ. ਵਿਧੀ ਭੱਲਾ, ਡਾ. ਸ਼ਾਮ ਸੁੰਦਰ ਸ਼ਰਮਾ, ਸ਼੍ਰੀ ਦੀਪਕ ਬਾਲੀ, ਡਾ. ਸ਼ਮਸ਼ੇਰ ਮੋਹੀ ਆਦਿ ਬੁਲਾਰਿਆਂ, ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਪੰਜਾਬ ਕਿਤਾਬ, ਸਨਮਾਨ ਚਿੰਨ੍ਹ, ਸ਼ਾਲਾਂ-ਲੋਈਆਂ ਨਾਲ ਵਿਸ਼ੇਸ਼ ਸਨਮਾਨ ਕੀਤਾ ਗਿਆ।ਭਾਸ਼ਾ ਵਿਭਾਗ ਵਲੋਂ ਇਸ ਮੌਕੇ ਜੁਗਲ ਕਿਸ਼ੋਰ ਵਲੋਂ ਲਗਵਾਈ ਪੁਸਤਕ ਪ੍ਰਦਰਸ਼ਨੀ ਖਿੱਚ ਦਾ ਕੇਂਦਰ ਰਹੀ।

ਸਮਾਗਮ ਦੇ ਆਖਰੀ ਪਲਾਂ ਵਿੱਚ ਕਾਲਜ ਦੇ ਵਿਦਿਆਰਥੀਆਂ ਵਲੋਂ ਡਾ. ਸਾਹਿਬ ਸਿੰਘ ਦਾ ਲਿਖਿਆ ਅਤੇ ਡਾ. ਹਰਪ੍ਰੀਤ ਸਿੰਘ ਵਲੋਂ ਨਿਰਦੇਸ਼ਤ ਕੀਤਾ ਗਿਆ ਨਾਟਕ 'ਮਾਂ ਬੋਲੀ ਪੰਜਾਬੀ' ਸਮਾਗਮ ਨੂੰ ਚਰਮ ਸੀਮਾ ਤੱਕ ਲੈ ਗਿਆ ਜਿਸਦਾ ਦਰਸ਼ਕਾਂ ਨੇ ਭਰਪੂਰ ਅਨੰਦ ਮਾਣਿਆ। ਸਮਾਗਮ ਦੇ ਅਖੀਰ ਵਿੱਚ ਰਾਸ਼ਟਰੀ ਗਾਣ ਨਾਲ ਸਮਾਪਤੀ ਹੋਈ।ਸਟੇਜ ਸਕੱਤਰ ਦੀ ਭੂਮਿਕਾ ਡਾ. ਜਸਵੰਤ ਰਾਏ ਨੇ ਨਿਭਾਈ। ਇਸ ਮੌਕੇ ਪ੍ਰੋ. ਜਸਵਿੰਦਰ ਕੌਰ, ਪਵਨ ਕੁਮਾਰ, ਡਾ. ਹਰਵਿੰਦਰ ਕੌਰ, ਸੁਰਿੰਦਰ ਕੁਮਾਰ, ਪੁਸ਼ਪਾ ਰਾਣੀ, ਕਾਲਜ ਦੇ ਵਿਦਿਆਰਥੀ ਅਤੇ ਅਧਿਆਪਕ ਹਾਜ਼ਰ ਸਨ।

# ਅੰਮ੍ਰਿਤਪਾਲ ਦੇ ਸਾਥੀ ਦੀ ਰਿਹਾਈ ਨੂੰ ਲੈ ਕੇ ਅੰਮ੍ਰਿਤਸਰ 'ਚ ਹੰਗਾਮਾ, ਸਮਰਥਕਾਂ ਨੇ ਤੋੜੇ ਬੈਰੀਕੇਡ

**ਅੰਮ੍ਰਿਤਸਰ–** ਥਾਣਾ ਅਜਨਾਲਾ ਦੀ ਪੁਲੀਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਵਾਰਿਸ ਪੰਜਾਬ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਸਾਥੀ ਨੂੰ ਰਿਹਾਅ ਕਰਨ ਦੀ ਮੰਗ ਨੂੰ ਲੈ ਕੇ ਅੱਜ ਪੰਜਾਬ ਵਿੱਚ ਸਥਿਤੀ ਤਣਾਅਪੂਰਨ ਬਣ ਗਈ ਹੈ। ਅੰਮ੍ਰਿਤਪਾਲ ਦੇ ਸਮਰਥਕਾਂ ਨੇ ਪੁਲਸ ਦਾ ਘੇਰਾ ਤੋੜ ਦਿੱਤਾ ਅਤੇ ਥਾਣੇ 'ਚ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾਏ। ਪੁਲਿਸ ਅਤੇ ਸਮਰਥਕਾਂ ਵਿਚਕਾਰ ਹਿੰਸਕ ਝੜਪਾਂ ਵੀ ਹੋਈਆਂ। ਸਮਰਥਕਾਂ ਨੇ ਤਲਵਾਰਾਂ ਵੀ ਚਲਾਈਆਂ, ਜਿਸ ਕਾਰਨ ਪੁਲਿਸ ਮੁਲਾਜ਼ਮ ਜ਼ਖ਼ਮੀ ਹੋ ਗਏ। ਅੰਮ੍ਰਿਤਪਾਲ ਸਿੰਘ ਦੇ ਸਾਥੀ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਅਜਨਾਲਾ ਵਿੱਚ ਅੰਮ੍ਰਿਤਪਾਲ ਦੇ ਸਮਰਥਕ ਇਕੱਠੇ ਹੋਣੇ ਸ਼ੁਰੂ ਹੋ ਗਏ ਹਨ। ਉਨ੍ਹਾਂ ਦੇ ਸਮਰਥਕ ਅਜਨਾਲਾ ਦੇ ਬੱਸ ਸਟੈਂਡ 'ਤੇ ਇਕੱਠੇ ਹੋ ਰਹੇ ਹਨ। ਪੁਲਿਸ ਨੇ ਉਨ੍ਹਾਂ ਦੇ ਸਮਰਥਕਾਂ ਨੂੰ ਅੱਗੇ ਵਧਣ ਤੋਂ ਰੋਕਣ ਲਈ ਬੈਰੀਕੇਡ ਵੀ ਲਗਾ ਦਿੱਤੇ ਹਨ। ਇਸ ਇਲਾਕੇ ਵਿੱਚ ਦੁਕਾਨਾਂ ਵੀ ਬੰਦ ਕਰ ਦਿੱਤੀਆਂ ਗਈਆਂ ਹਨ। ਥਾਣੇ ਨੂੰ ਜਾਣ ਵਾਲੇ ਰਸਤਿਆਂ ਨੂੰ ਵੀ ਬੰਦ ਕਰ ਦਿੱਤਾ ਗਿਆ ਹੈ ਅਤੇ ਲੋਕਾਂ ਨੂੰ ਆਉਣ-ਜਾਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਹੈ। ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ। ਕਰੀਬ ਛੇ ਜ਼ਿਲਿ-ਆਂ ਤੋਂ ਭਾਰੀ ਪੁਲੀਸ ਫੋਰਸ ਤਾਇਨਾਤ ਕੀਤੀ ਗਈ ਹੈ। ਇਲਾਕੇ ਵਿੱਚ ਫਲੈਗ ਮਾਰਚ ਕੱਢਿਆ ਜਾ ਰਿਹਾ ਹੈ ਅਤੇ ਇਸ ਦੀ ਅਗਵਾਈ ਖੁਦ ਐਸਐਸਪੀ ਕਰ ਰਹੇ ਹਨ। ਦੱਸਿਆ ਜਾ ਰਿਹਾ ਹੈ ਕਿ ਵਾਰਿਸ ਪੰਜਾਬ ਮੁਖੀ ਅੰਮ੍ਰਿਤਪਾਲ ਸਿੰਘ ਪਿੰਡ ਜੱਲੂਪੁਰ ਖੇੜਾ ਤੋਂ ਰਵਾਨਾ ਹੋਇਆ ਹੈ।



**ਸੂਬੇ 'ਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਵਿਗੜੀ–**

**ਕੈਪਟਨ ਅਮਰਿੰਦਰ ਸਿੰਘ**

ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅਜਨਾਲਾ ਪੁਲਿਸ ਥਾਣੇ 'ਚ ਵਾਪਰੀ ਘਟਨਾ 'ਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਸੂਬੇ ਵਿਚ ਅਮਨ ਕਾਨੂੰਨ ਦੀ ਸਥਿਤੀ ਬਿਲਕੁੱਲ ਵਿਗੜ ਗਈ ਹੈ। ਉਨ੍ਹਾਂ ਕਿਹਾ ਕਿ ਅਜਨਾਲਾ ਵਿਖੇ ਅੰਮ੍ਰਿਤਪਾਲ ਸਿੰਘ ਦੇ ਸਮਰਥਕਾਂ ਵੱਲੋਂ ਪੁਲਿਸ ਸਟੇਸ਼ਨ ਨੂੰ ਘੇਰਾ ਪਾਉਣਾ ਤੇ ਪੁਲਿਸ ਮੁਲਾਜ਼ਮਾਂ ਨਾਲ ਹੱਥੋਪਾਈ ਕਰਨ ਨਾਲ ਸਪੱਸ਼ਟ ਹੋ ਗਿਆ ਹੈ ਕਿ ਸੂਬੇ ਦੀ ਅਮਨ-ਕਾਨੂੰਨ ਦੀ ਸਥਿਤੀ ਢਹਿ-ਢੇਰੀ ਹੋ ਗਈ ਹੈ। ਭਾਜਪਾ ਨੇ ਕਿਹਾ ਕਿ ਇਹ ਘਟਨਾਵਾਂ ਕੌਮੀ ਸੁਰੱਖਿਆ ਲਈ ਚੰਗੀਆਂ ਨਹੀਂ ਹਨ। ਖਾਸ ਤੌਰ 'ਤੇ ਜਦੋਂ ਪਾਕਿਸਤਾਨ ਅਜਿਹੀ ਸਥਿਤੀ ਨੂੰ ਹੱਲਾਸ਼ੇਰੀ ਦੇਣ ਅਤੇ ਇਸ ਦਾ ਸ਼ੋਸ਼ਣ ਕਰਨ ਲਈ ਤਿਆਰ ਹੈ। ਕੈਪਟਨ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਪ੍ਰਦਰਸ਼ਨ ਵਾਲੀ ਥਾਂ 'ਤੇ ਲਿਜਾਣ ਦੇ ਮਕਸਦ 'ਤੇ ਵੀ ਸਵਾਲ ਚੁੱਕੇ। ਉਨ੍ਹਾਂ ਥਾਣੇ ਦਾ ਘਿਰਾਓ ਕਰਨ ਵਾਲਿਆਂ ਨਾਲ ਨਜਿੱਠਣ ਲਈ ਪੁਲਿਸ ਵੱਲੋਂ ਵਰਤੀ ਗਈ ਸੰਜਮ ਦੀ ਸ਼ਲਾਘਾ ਕੀਤੀ ਕਿਉਂਕਿ ਸਾਵਧਾਨੀ ਨਾਲ ਸਥਿਤੀ ਨੂੰ ਸੰਭਾਲਣ ਦੀ ਲੋੜ ਹੈ।

# ਅੰਮ੍ਰਿਤਸਰ ਦੇ ਸੁੰਦਰੀਕਰਨ ਲਈ ਸਰਕਾਰ ਖਰਚੇਗੀ 16 ਕਰੋੜ ਰੁਪਏ

**ਅੰਮ੍ਰਿਤਸਰ–** ਪੰਜਾਬ ਸਰਕਾਰ ਸੂਬੇ ਦੇ ਵਸਨੀਕਾਂ ਨੂੰ ਬੁਨਿਆਦੀ ਸਹੂਲਤਾਂ, ਸਾਫ਼ ਸੁਥਰਾ ਅਤੇ ਪ੍ਰਦੂਸ਼ਣ ਮੁਕਤ ਵਾਤਾਵਰਣ ਮੁਹੱਈਆ ਕਰਵਾਉਣ ਲਈ ਹਰ ਸੰਭਵ ਯਤਨ ਕਰ ਰਹੀ ਹੈ। ਇਸੇ ਲੜੀ ਤਹਿਤ ਪੰਜਾਬ ਸਰਕਾਰ ਵੱਲੋਂ ਸੂਬੇ ਭਰ ਵਿੱਚ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਕੈਬਨਿਟ ਮੰਤਰੀ ਇੰਦਰਬੀਰ ਸਿੰਘ ਨਿੱਜਰ ਨੇ ਕਿਹਾ ਕਿ ਇੰਡੀਆ ਗੇਟ ਤੋਂ ਰੇਲਵੇ ਸਟੇਸ਼ਨ ਤੱਕ ਜੀ।ਟੀ। ਰੋਡ ਦੀ ਰੀ-ਕੰਡੀਸ਼ਨਿੰਗ ਅਤੇ ਡਿਵੈਲਪਮੈਂਟ ਲਈ ਤਕਰੀਬਨ 15 ਕਰੋੜ ਰੁਪਏ ਖਰਚ ਕੀਤੇ ਜਾਣਗੇ। ਇਸ ਤੋਂ ਇਲਾਵਾ ਸੁੰਦਰੀਕਰਨ ਲਈ ਸੀਮਿੰਟ ਆਧਾਰਿਤ ਪੇਂਟ ਨਾਲ ਪੁਲਾਂ ਦੀ ਪੇਂਟਿੰਗ 'ਤੇ ਲਗਭਗ 48 ਲੱਖ ਰੁਪਏ ਖਰਚ ਕੀਤੇ ਜਾਣਗੇ। ਉਨ੍ਹਾਂ ਅੱਗੇ ਦੱਸਿਆ ਕਿ ਕਬੀਰ ਪਾਰਕ ਐਕਸਟੈਂਸ਼ਨ ਸਕੀਮ ਵਿੱਚ ਫੁੱਟਪਾਥ ਦੀ ਮੁਰੰਮਤ ਅਤੇ ਸੜਕ ਸੁਰੱਖਿਆ ਚਿੰਨ੍ਹ ਅਤੇ ਵਿਸ਼ੇਸ਼ਤਾਵਾਂ ਦੀ ਸਪਲਾਈ/ਨਿਰਮਾਣ ਲਈ ਕ੍ਰਮਵਾਰ 25 ਲੱਖ ਰੁਪਏ ਅਤੇ 49 ਲੱਖ ਰੁਪਏ ਖਰਚ ਕੀਤੇ ਜਾਣਗੇ।



ਉਨ੍ਹਾਂ ਦੱਸਿਆ ਕਿ ਕੇਂਦਰ ਦੇ ਕਿਨਾਰਿਆਂ, ਕਰਬ ਸਟੋਨ, ਸਟਰੀਟ ਲਾਈਟ ਦੇ ਖੰਭਿਆਂ ਅਤੇ ਗੈਂਟਰੀਆਂ ਆਦਿ ਦੀ ਮੁਰੰਮਤ ਅਤੇ ਪੇਂਟਿੰਗ ਲਈ ਲਗਭਗ 49 ਲੱਖ ਰੁਪਏ ਖਰਚ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਸਥਾਨਕ ਸਰਕਾਰਾਂ ਵਿਭਾਗ ਵੱਲੋਂ ਇਨ੍ਹਾਂ ਕੰਮਾਂ ਲਈ ਦਫ਼ਤਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਇਹ ਵੀ ਕਿਹਾ ਕਿ ਅੰਮ੍ਰਿਤਸਰ ਸ਼ਹਿਰ ਦੀ ਵੱਡੀ ਅਬਾਦੀ ਨੂੰ ਇਨ੍ਹਾਂ ਵਿਕਾਸ ਕਾਰਜਾਂ ਦਾ ਲਾਭ ਮਿਲੇਗਾ। ਉਨ੍ਹਾਂ ਦੱਸਿਆ ਕਿ ਸੂਬੇ ਦੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਅਤੇ ਸਾਫ ਸੁਥਰਾ ਵਾਤਾਵਰਨ ਮੁਹੱਈਆ ਕਰਵਾਉਣਾ ਮਾਨ ਸਰਕਾਰ ਦੀ ਪ੍ਰਮੁੱਖ ਤਰਜ਼ੀਹ ਹੈ। ਉਨ੍ਹਾਂ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਵਿਕਾਸ ਕਾਰਜਾਂ ਵਿੱਚ ਪਾਰਦਰਸ਼ਤਾ ਅਤੇ ਗੁਣਵੱਤਾ ਨੂੰ ਯਕੀਨੀ ਬਣਾਇਆ ਜਾਵੇ।

# ਫੌਜ ਨੇ ਜਿੱਤਿਆ ਤੁਰਕੀ ਭੂਚਾਲ ਪੀੜਤਾਂ ਦਾ ਦਿਲ, ਬੋਲੇ- 'ਧੰਨਵਾਦ ਭਾਰਤ'

**ਨਵੀਂ ਦਿੱਲੀ–**ਭਾਰਤੀ ਫੌਜ ਨੇ ਭੂਚਾਲ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਲਈ ਤੁਰਕੀ ਦੇ ਹਤਾਏ ਵਿੱਚ ਇੱਕ ਫੀਲਡ ਹਸਪਤਾਲ ਸਥਾਪਤ ਕੀਤਾ ਹੈ। ਛੇ ਘੰਟਿਆਂ ਤੋਂ ਵੀ ਘੱਟ ਸਮੇਂ ਵਿੱਚ ਸਥਾਪਤ, ਹਸਪਤਾਲ ਜ਼ਖਮੀਆਂ ਦੇ ਇਲਾਜ ਲਈ 24 ਘੰਟੇ ਕੰਮ ਕਰ ਰਿਹਾ ਹੈ। ਤੁਰਕੀ ਅਤੇ ਸੀਰੀਆ ਵਿੱਚ ਸੋਮਵਾਰ ਨੂੰ ਆਏ ਭਿਆਨਕ ਭੂਚਾਲ ਵਿੱਚ ਮਰਨ ਵਾਲਿਆਂ ਦੀ ਗਿਣਤੀ 28,000 ਤੋਂ ਵੱਧ ਹੋ ਗਈ ਹੈ। ਬਚਾਅ ਕਰਮਚਾਰੀ ਘੱਟ-ਜ਼ੀਰੋ ਤਾਪਮਾਨ ਦੇ ਬਾਵਜੂਦ ਪੂਰੇ ਤੁਰਕੀ ਵਿੱਚ ਮਲਬੇ ਵਿੱਚ ਬਚੇ ਲੋਕਾਂ ਦੀ ਭਾਲ ਕਰ ਰਹੇ ਹਨ। ਵਿਸ਼ਵ ਸਿਹਤ ਸੰਗਠਨ ਦੇ ਮੁਖੀ ਟੇਡਰੋਸ ਅਡਾਨੋਮ ਘੇਬਰੇਅਸ ਨੇ ਚੇਤਾਵਨੀ ਦਿੱਤੀ ਕਿ ਹਜ਼ਾਰਾਂ ਜ਼ਖਮੀਆਂ ਅਤੇ ਅਜੇ ਵੀ ਫਸੇ ਹੋਏ ਲੋਕਾਂ ਲਈ ਸਮਾਂ ਖਤਮ ਹੋ ਰਿਹਾ ਹੈ।

ਭਾਰਤੀ ਫੌਜ ਦੇ 'ਆਪਰੇਸ਼ਨ ਦੋਸਤ' ਦੇ ਹਿੱਸੇ ਵਜੋਂ ਬਣਾਏ ਗਏ ਫੀਲਡ ਹਸਪਤਾਲ ਨੇ ਕੰਮ ਸ਼ੁਰੂ ਕਰ ਦਿੱਤਾ ਹੈ। ਫੀਲਡ ਹਸਪਤਾਲ ਵਿੱਚ ਤੁਰਕੀ ਦੇ ਭੂਚਾਲ ਦੇ ਪੀੜਤਾਂ ਦੀ ਮਦਦ ਲਈ ਸਰਜਰੀ ਅਤੇ ਐਮਰਜੈਂਸੀ ਕਮਰੇ ਹਨ। ਹਸਪਤਾਲ ਹਤਾਏ ਸੂਬੇ ਵਿੱਚ ਸਥਿਤ ਹੈ। 60 ਪੈਰਾ ਫੀਲਡ ਹਸਪਤਾਲ ਭਾਰਤੀ ਫੌਜ ਦੀ ਪੈਰਾ-ਬ੍ਰਿਗੇਡ ਦਾ ਇੱਕ ਹਿੱਸਾ ਹੈ, ਜਿਸ ਨੇ ਇੱਕ ਸਕੂਲ ਦੀ ਇਮਾਰਤ ਵਿੱਚ ਆਪਣਾ ਹਸਪਤਾਲ ਸਥਾਪਤ ਕੀਤਾ ਹੈ।



ਐਨਡੀਟੀਵੀ ਦੀ ਰਿਪੋਰਟ ਦੇ ਅਨੁਸਾਰ, 96 ਭਾਰਤੀ ਫੌਜ ਦੇ ਜਵਾਨਾਂ ਦੀ ਟੀਮ ਨੂੰ ਡਾਕਟਰੀ ਸਹਾਇਤਾ ਪ੍ਰਦਾਨ ਕਰਨ ਲਈ ਹਤਾਏ ਇਸਕੇਂਦਰੋਂ ਵਿਖੇ ਤਾਇਨਾਤ ਕੀਤਾ ਗਿਆ ਹੈ। 60 ਪੈਰਾ ਫੀਲਡ ਹਸਪਤਾਲ ਦੇ ਕਮਾਂਡਿੰਗ ਅਫਸਰ ਲੈਫਟੀਨੈਂਟ ਕਰਨਲ ਯਾਦਵੀਰ ਸਿੰਘ ਨੇ ਕਿਹਾ, "ਹਸਪਤਾਲ ਵਿੱਚ ਲਗਭਗ 800 ਲੋਕਾਂ ਦਾ ਇਲਾਜ ਕੀਤਾ ਗਿਆ ਹੈ।" ਕਰਨਲ ਸਿੰਘ ਦਾ ਕਹਿਣਾ ਹੈ ਕਿ ਉਹ ਮਰੀਜ਼ਾਂ ਨੂੰ ਜਿੰਨੀ ਦੇਰ ਤੱਕ ਲੋੜ ਹੈ, ਲੈਣ ਲਈ ਤਿਆਰ ਹਨ। 60 ਪੈਰਾ ਫੀਲਡ ਹਸਪਤਾਲ ਦੇ ਦੂਜੇ ਕਮਾਂਡਰ ਲੈਫਟੀਨੈਂਟ ਕਰਨਲ ਆਦਰਸ਼ ਦਾ ਕਹਿਣਾ ਹੈ ਕਿ ਉਹ ਪਹਿਲਾਂ ਹੀ ਹਸਪਤਾਲ ਵਿੱਚ 10 ਵੱਡੀਆਂ ਸਰਜਰੀਆਂ ਕਰ ਚੁੱਕੇ ਹਨ। ਕਈ ਲੋਕਾਂ ਨੇ ਫੌਜ ਦੀ ਇਸ ਕੋਸ਼ਿਸ਼ ਦੀ ਸ਼ਲਾਘਾ ਕੀਤੀ ਹੈ। ਹਸਪਤਾਲ ਵਿੱਚ ਇਲਾਜ ਅਧੀਨ ਇੱਕ ਮਰੀਜ਼ ਨੇ ਭਾਰਤ ਦਾ ਧੰਨਵਾਦ ਕੀਤਾ। ਪੀੜਤ ਨੇ ਕਿਹਾ, "ਸਾਨੂੰ ਖੁਸ਼ੀ ਹੈ ਕਿ ਤੁਸੀਂ ਇੱਥੇ ਹੋ।

ਇਸ ਹਫਤੇ ਦੇ ਸ਼ੁਰੂਆਤ ਵਿਚ, ਇੱਕ ਤੁਰਕੀ ਔਰਤ ਦੀ ਭਾਰਤੀ ਫੌਜ ਦੀ ਇਕ ਮਹਿਲਾ ਸਿਪਾਹੀ ਦੇ ਚਿਹਰੇ ਨੂੰ ਚੁੰਮਣ ਦੀ ਤਸਵੀਰ ਆਨਲਾਈਨ ਵਾਇਰਲ ਹੋਈ ਸੀ। ਪੋਸਟ ਨੂੰ ਭਾਰਤੀ ਫੌਜ ਦੇ ਐਡੀਸ਼ਨਲ ਡਾਇਰੈਕਟੋਰੇਟ ਜਨਰਲ ਆਫ ਪਬਲਿਕ ਇਨਫਰਮੇਸ਼ਨ ਦੇ ਅਧਿਕਾਰਤ ਟਵਿੱਟਰ ਹੈਂਡਲ ਤੋਂ ਸਾਂਝਾ ਕੀਤਾ ਗਿਆ ਸੀ। ਉਨ੍ਹਾਂ ਕੈਪਸ਼ਨ ਵਿੱਚ ਲਿਖਿਆ, "ਸਾਨੂੰ ਪਰਵਾਹ ਹੈ (We Care)"

ਦੱਸ ਦੇਈਏ ਕਿ ਬੀਤੇ ਸੋਮਵਾਰ ਨੂੰ ਤੁਰਕੀ-ਸੀਰੀਆ ਵਿੱਚ ਆਏ 7.8 ਤੀਬਰਤਾ ਦੇ ਭੂਚਾਲ ਨੇ ਭਿਆਨਕ ਤਬਾਹੀ ਮਚਾਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਭੂਚਾਲ ਕਾਰਨ ਸੀਰੀਆ ਵਿੱਚ 3,574 ਅਤੇ ਤੁਰਕੀ ਵਿੱਚ 24,617 ਲੋਕ ਮਾਰੇ ਗਏ, ਜਿਸ ਨਾਲ ਮਰਨ ਵਾਲਿਆਂ ਦੀ ਗਿਣਤੀ 28,191 ਹੋ ਗਈ।

ਸਰਕਾਰ ਨੇ ਕਿਹਾ ਹੈ ਕਿ ਸੱਤ ਸ਼ਹਿਰਾਂ ਵਿੱਚ ਜਨਤਕ ਹਸਪਤਾਲਾਂ ਸਮੇਤ ਲਗਭਗ 6,000 ਇਮਾਰਤਾਂ ਢਹਿ ਗਈਆਂ। ਇਹ ਭੂਚਾਲ ਸਵੇਰੇ ਉਸ ਸਮੇਂ ਆਇਆ ਜਦੋਂ ਲੋਕ ਸੌਂ ਰਹੇ ਸਨ। ਭਿਆਨਕ ਭੂਚਾਲ ਕਾਰਨ ਹਜ਼ਾਰਾਂ ਲੋਕ ਮਲਬੇ ਹੇਠਾਂ ਦੱਬ ਗਏ ਅਤੇ ਲੱਖਾਂ ਲੋਕ ਪ੍ਰਭਾਵਿਤ ਹੋਏ।

# ਨਿਊਜ਼ੀਲੈਂਡ 'ਚ ਚੱਲ ਰਹੇ ਖਰਾਬ ਮੌਸਮ ਕਾਰਨ ਸੈਂਕੜੇ ਅੰਤਰਰਾਸ਼ਟਰੀ ਤੇ ਘਰੇਲੂ ਉਡਾਣਾਂ ਰੱਦ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਦੇ ਵਿਚ ਬੀਤੇ ਕਲ੍ਹ ਤੋਂ ਚੱਕਰਵਾਤੀ ਤੁਫਾਨ ਗੈਬਰੀਅਲ ਇਕ ਤਰ੍ਹਾਂ ਨਾਲ ਜ਼ਿੰਦਗੀਆਂ ਜਾਮ ਕਰ ਦਿੱਤੀਆਂ ਹੋਈਆਂ ਹਨ। ਦੇਸ਼ ਦੇ ਉਤਰੀ ਟਾਪੂ ਦੇ ਵਿਚ ਇਸ ਤੁਫਾਨ ਦਾ ਕਹਿਰ ਜਾਰੀ ਹੈ। ਸਮੁੰਦਰੀ ਲਹਿਰਾਂ ਬਹੁਤ ਉਚੀਆਂ ਉਠੀਆਂ ਹੋਈਆਂ ਹਨ। ਕਈ ਜਗ੍ਹਾ 10,000 ਅਤੇ ਕਈ ਖੇਤਰਾਂ ਵਿਚ 48,000 ਵੱਧ ਘਰ ਬਿਜਲੀ ਤੋਂ ਬਿਨਾਂ ਹਨ। ਕਈ ਕਿਸਾਨਾਂ ਦੀਆਂ ਫਸਲਾਂ ਜਿਹੜੀ ਬਿਜਲੀ ਉਪਕਰਣ ਨਾਲ ਸੰਚਾਲਿਤ ਸਨ, ਬਿਜਲੀ ਜਾਣ ਕਰਕੇ ਜਨਰੇਟਰ ਉਤੇ ਕੀਤੀਆਂ ਗਈਆਂ ਹਨ। ਬਣਦੇ ਘਰਾਂ ਦੀਆਂ ਪੈੜਾਂ (ਸਕਾਫ ਫੋਲਡਿੰਗ) ਟੁੱਟ ਗਈਆਂ ਹਨ।

ਪਹਿਲਾਂ ਉਤਰੀ ਟਾਪੂ ਦੇ ਵਿਚ ਸੰਤਰੀ ਰੰਗ ਦੇ ਪੱਧਰ ਦਾ ਖਤਰਾ ਸੀ, ਪਰ ਹੁਣ ਲਾਲ ਰੰਗ ਦੇ ਪੱਧਰ ਦਾ ਖਤਰਾ ਦਸ ਦਿੱਤਾ ਗਿਆ ਹੈ। ਔਕਲੈਂਡ ਦਾ ਹਾਰਬਰ ਬ੍ਰਿਜ ਬੰਦ ਕੀਤਾ ਗਿਆ ਹੈ। ਦਰਿਆਵਾਂ ਦਾ ਪਾਣੀ ਉਚੇ ਪੱਧਰ ਉਤੇ ਪੁੱਜ ਗਿਆ ਹੈ। ਬਹੁਤ ਸਾਰੀਆਂ ਸੜਕਾਂ ਟੁੱਟਣ ਕਾਰਨ ਕਈ ਹਿੱਸੇ ਦੂਜੇ ਹਿਸਿਆਂ ਨਾਲ ਸੰਪਰਕ ਟੁੱਟਿਆ ਹੋਇਆ ਹੈ। ਸੁਪਰ ਮਾਰਕੀਟ ਦੇ ਵਿਚ ਲੋਕਾਂ ਦਾ ਤੰਤਾ ਲੱਗਾ ਰਿਹਾ ਅਤੇ ਲੋਕ ਕਾਫੀ ਸਮਾਨ ਡਰ ਦੇ ਮਾਰੇ ਕਈ-ਕਈ ਦਿਨਾਂ ਦਾ ਲੈ ਗਏ। ਏਅਰਪੋਰਟ ਉਤੇ ਕੱਲ੍ਹ ਦੀਆਂ ਸੈਂਕੜੇ ਅੰਤਰ-ਰਾਸ਼ਟਰੀ ਫਲਾਈਟਾਂ ਰੱਦ ਹੋਈਆਂ ਹਨ। ਅੱਜ 85 ਅੰਤਰ-ਰਾਸ਼ਟਰੀ ਉਡਾਣਾ ਕੈਂਸਿਲ ਹੋਈਆਂ। ਘਰੇਲੂ ਉਡਾਣਾ 301 ਸਨ ਜੋ ਕਿ ਸਾਰੀਆਂ ਰੱਦ ਕੀਤੀਆਂ ਗਈਆਂ। ਦੇਸ਼ ਦੇ ਵਿਚ ਬਹੁਤ ਥਾਵਾਂ ਉਤੇ ਸਟੇਟ ਐਮਰਜੈਂਸੀ ਲੱਗੀ ਹੋਈ ਹੈ। ਸਿਵਲ ਡਿਫੈਂਸ ਨੇ ਐਮਰਜੈਂਸੀ ਸ਼ੈਲਟਰ ਬਣਾਏ ਹੋਏ ਹਨ। ਖਰਾਬ ਮੌਸਮ ਦੀ ਚੇਤਾਵਨੀ ਮੰਗਲਵਾਰ ਤੱਕ ਦੱਸੀ ਗਈ ਹੈ। ਭਾਰੀ ਮੀਂਹ 400 ਮਿਲੀਮੀਟਰ ਤੋਂ 424 ਮਿਲੀਮੀਟਰ ਤੱਕ ਨਾਪਿਆ ਗਿਆ। ਪ੍ਰਧਾਨ ਮੰਤਰੀ ਨੇ ਵੀ ਲੋਕਾਂ ਨੂੰ ਸੰਜਮ ਦੇ ਨਾਲ ਰਹਿਣ ਦੀ ਅਪੀਲ ਕੀਤੀ ਹੋਈ ਹੈ।




# ਕਲਾਸ 'ਚ ਪੜ੍ਹਾ ਰਹੀ ਅਧਿਆਪਕਾ ਦੀ ਵਿਦਿਆਰਥੀ ਨੇ ਚਾਕੂ ਮਾਰ ਕੀਤੀ ਹੱਤਿਆ






**ਪੈਰਿਸ–** ਫਰਾਂਸ ਦੇ ਦੱਖਣ-ਪੱਛਮੀ ਖੇਤਰ ਦੇ ਇੱਕ ਸਕੂਲ ਵਿੱਚ ਇੱਕ ਨਾਬਾਲਗ ਬੱਚੇ ਨੇ ਇੱਕ ਅਧਿਆਪਕ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਹੈ। ਖੇਤਰੀ ਵਕੀਲ ਨੇ ਕਿਹਾ ਹੈ ਕਿ ਦੱਖਣ-ਪੱਛਮੀ ਫਰਾਂਸ ਦੇ ਇੱਕ ਸਕੂਲ ਵਿੱਚ ਚੱਲਦੀ ਕਲਾਸ ਦੇ ਵਿਚਕਾਰ ਚਾਕੂ ਨਾਲ ਹਮਲਾ ਕਰਨ ਤੋਂ ਬਾਅਦ ਇੱਕ ਅਧਿਆਪਕ ਦੀ ਮੌਤ ਹੋ ਗਈ ਹੈ। ਉਸਨੇ ਕਿਹਾ ਕਿ ਅਧਿਆਪਕ, 52 ਸਾਲਾ ਐਗਨੇਸ ਲਾਸਾਲੇ, ਸੇਂਟ-ਜੀਨ-ਡੀ-ਲੁਜ਼ ਦੇ ਸਮੁੰਦਰੀ ਕਿਨਾਰੇ ਦੇ ਇੱਕ ਸਕੂਲ ਵਿੱਚ ਸਪੈਨਿਸ਼ ਪੜ੍ਹਾ ਰਹੀ ਸੀ। ਇਸ ਦੇ ਨਾਲ ਹੀ 16 ਸਾਲਾ ਨਾਬਾਲਗ ਨੇ ਉਸ 'ਤੇ ਚਾਕੂ ਨਾਲ ਹਮਲਾ ਕਰ ਦਿੱਤਾ।

### ਅਧਿਆਪਕ ਦੀ ਮੌਕੇ 'ਤੇ ਹੀ ਮੌਤ ਹੋ ਗਈ

ਕਲਾਸ ਵਿੱਚ ਮੌਜੂਦ ਨਾਬਾਲਗ ਦੇ ਸਹਿਪਾਠੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਮੈਨੂੰ ਨਹੀਂ ਪਤਾ ਕਿ ਉਹ ਕਦੋਂ ਸੀਟ ਤੋਂ ਉੱਠ ਕੇ ਉੱਥੇ ਪਹੁੰਚ ਗਿਆ, ਹਾਂ ਪਰ ਮੈਂ ਉਸ ਨੂੰ ਅਧਿਆਪਕ ਦੇ ਸਾਹਮਣੇ ਖੜ੍ਹਾ ਦੇਖਿਆ। ਉਸਨੇ ਇਹ ਵੀ ਦੱਸਿਆ ਕਿ ਉਹ ਬਹੁਤ ਸ਼ਾਂਤ ਸੀ। ਉਹ ਅਧਿਆਪਕ ਦੇ ਨੇੜੇ ਗਿਆ ਅਤੇ ਬਿਨਾਂ ਕੁਝ ਬੋਲੇ, ਉਸ ਦੀ ਛਾਤੀ ਵਿੱਚ ਇੱਕ ਵੱਡਾ ਚਾਕੂ ਫਸਾ ਦਿੱਤਾ। ਹਾਲਾਂਕਿ ਅਧਿਆਪਕ ਨੂੰ ਮੌਕੇ 'ਤੇ ਐਮਰਜੈਂਸੀ ਸਹਾਇਤਾ ਦਿੱਤੀ ਗਈ ਸੀ, ਅਧਿਕਾਰੀ ਜੇਰੋਮ ਬੋਰੀਅਰ ਨੇ ਦੱਸਿਆ ਕਿ ਚਾਕੂ ਦੇ ਜ਼ਖ਼ਮ ਬਹੁਤ ਡੂੰਘੇ ਸਨ। ਜਿਸ ਕਾਰਨ ਅਧਿਆਪਕ ਦੀ ਮੌਤ ਹੋ ਗਈ।

# ਦਾਨ 'ਚ ਮਿਲੇ ਅੰਗਾਂ ਨੂੰ ਸਮੇਂ ਸਿਰ ਪਹੁੰਚਾਵੇਗਾ ਡ੍ਰੋਨ

**ਨਵੀਂ ਦਿੱਲੀ–** ਦਾਨ 'ਚ ਮਿਲੇ ਮਨੁੱਖੀ ਅੰਗਾਂ ਨੂੰ ਤੈਅ ਸਮਾਂ ਸੀਮਾ 'ਚ ਜ਼ਰੂਰਤਮੰਦਾਂ ਤੱਕ ਪਹੁੰਚਾਉਣ 'ਚ ਡ੍ਰੋਨ ਅਹਿਮ ਸਾਬਤ ਹੋ ਸਕਦਾ ਹੈ। ਸਿਹਤ ਮੰਤਰਾਲਾ ਇਸ ਲਈ ਡ੍ਰੋਨ ਦੀ ਵੱਡੇ ਪੱਧਰ 'ਤੇ ਵਰਤੋਂ 'ਤੇ ਵਿਚਾਰ ਕਰ ਰਿਹਾ ਹੈ। ਛੇਤੀ ਹੀ ਇਸ ਲਈ ਦਿੱਲੀ ਏਮਜ਼ ਅਤੇ ਉਸ ਦੇ ਝੱਜਰ ਸੈਂਟਰ ਦਰਮਿਆਨ ਡ੍ਰੋਨ ਦੀ ਵਰਤੋਂ ਦਾ ਪਾਇਲਟ ਪ੍ਰਾਜੈਕਟ ਸ਼ੁਰੂ ਹੋਣ ਜਾ ਰਿਹਾ ਹੈ। ਇਸ ਦੇ ਨਾਲ ਹੀ ਸਿਹਤ ਮੰਤਰਾਲਾ ਮੁੱਢਲੇ ਸਿਹਤ ਕੇਂਦਰ ਦੇ ਪੱਧਰ 'ਤੇ ਸਿਹਤ ਸੇਵਾਵਾਂ 'ਚ ਡ੍ਰੋਨ ਦੇ ਵੱਡੇ ਪੱਧਰ 'ਤੇ ਵਰਤੋਂ ਦੀ ਤਿਆਰੀ 'ਚ ਜੁਟੀ ਹੈ ਅਤੇ ਛੇਤੀ ਹੀ ਇਸ ਲਈ ਨਵੀਂ ਡ੍ਰੋਨ ਪਾਲਿਸੀ ਜਾਰੀ ਕੀਤੀ ਜਾਵੇਗੀ। ਸਿਹਤ ਮੰਤਰਾਲੇ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਫ਼ਿਲਹਾਲ ਦਾਨ 'ਚ ਮਿਲੇ ਮਨੁੱਖੀ ਅੰਗਾਂ ਨੂੰ ਜ਼ਰੂਰਤਮੰਦਾਂ ਤੱਕ ਪਹੁੰਚਾਉਣ 'ਚ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਐਂਬੂਲੈਂਸ ਦੀ ਵਰਤੋਂ ਕੀਤੀ ਜਾਂਦੀ ਹੈ ਤੇ ਸਥਾਨਕ ਪੁਲਿਸ ਤੇ ਪ੍ਰਸ਼ਾਸਨ ਦੀ ਮਦਦ ਨਾਲ ਗ੍ਰੀਨ ਕਾਰੀਡੋਰ ਬਣਾਇਆ ਜਾਂਦਾ ਹੈ। ਜ਼ਾਹਿਰ ਹੈ ਕਿ ਇਸ ਦੌਰਾਨ ਸਾਰਾ ਟ੍ਰੈਫਿਕ ਰੋਕ ਦਿੱਤਾ ਜਾਂਦਾ ਹੈ।



ਇਸ ਦੇ ਬਾਵਜੂਦ ਐਂਬੂਲੈਂਸ ਨਾਲ ਅੰਗ ਨੂੰ ਤੈਅ ਸਮੇਂ ਅੰਦਰ ਪਹੁੰਚਾਉਣ ਦੀ ਚੁਣੌਤੀ ਬਣੀ ਰਹਿੰਦੀ ਹੈ ਪਰ ਡ੍ਰੋਨ ਇਨ੍ਹਾਂ ਸਾਰੀਆਂ ਸਮੱਸਿਆਵਾਂ ਦਾ ਹੱਲ ਹੋ ਸਕਦਾ ਹੈ। ਇਸ ਲਈ ਡ੍ਰੋਨ ਨੂੰ ਵਿਸ਼ੇਸ਼ ਉਪਕਰਨਾਂ ਨਾਲ ਲੈਸ ਕਰਨਾ ਹੋਵੇਗਾ। ਨਾਲ ਹੀ ਅੰਗ ਟਰਾਂਸਪਲਾਂਟ ਕਰਵਾਉਣ ਦੀ ਸਹੂਲਤ ਵਾਲੇ ਸਾਰੇ ਹਸਪਤਾਲਾਂ ਨੂੰ ਡ੍ਰੋਨ ਨਾਲ ਜੋੜਨਾ ਹੋਵੇਗਾ।

ਕੋਰੋਨਾ ਕਾਲ 'ਚ ਡ੍ਰੋਨ ਰਾਹੀਂ ਦਵਾਈਆਂ ਦੀ ਡਿਲੀਵਰੀ ਦਾ ਪ੍ਰਯੋਗ ਕਾਫ਼ੀ ਸਫ਼ਲ ਰਿਹਾ ਪਰ ਲੰਬੀ ਦੂਰੀ ਤੱਕ ਮਨੁੱਖੀ ਅੰਗਾਂ ਨੂੰ ਲਿਜਾਣ ਲਈ ਵਿਸ਼ੇਸ਼ ਸਾਵਧਾਨੀ ਦੀ ਜ਼ਰੂਰਤ ਪਵੇਗੀ। ਪਿਛਲੇ ਦਿਨੀਂ ਰਿਸ਼ੀਕੇਸ਼ ਏਮਜ਼ ਤੋਂ ਟੀਹਰੀ 'ਚ ਇਕ ਹਸਪਤਾਲ 'ਚ ਟੀਬੀ ਦੀਆਂ ਦਵਾਈਆਂ ਦੀ ਡਿਲੀਵਰੀ ਇਸੇ ਪ੍ਰਯੋਗ ਦਾ ਹਿੱਸਾ ਹੈ। ਹੁਣ ਦਿੱਲੀ ਏਮਜ਼ ਅਤੇ ਝੱਜਰ ਕੈਂਪਸ ਦਰਮਿਆਨ ਪਾਇਲਟ ਪ੍ਰਾਜੈਕਟ ਸ਼ੁਰੂ ਕੀਤਾ ਜਾਵੇਗਾ। ਇਸ ਪਾਇਲਟ ਪ੍ਰਾਜੈਕਟ ਦੇ ਅਨੁਭਵਾਂ ਦੇ ਆਧਾਰ 'ਤੇ ਭਵਿੱਖ 'ਚ ਡ੍ਰੋਨ ਦੇ ਵੱਡੇ ਪੱਧਰ 'ਤੇ ਇਸਤੇਮਾਲ ਦੀ ਯੋਜਨਾ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਲਈ ਸ਼ਹਿਰਾਂ ਦੇ ਵੱਡੇ ਹਸਪਤਾਲਾਂ ਦੇ ਨਾਲ ਹੀ ਜ਼ਿਲ੍ਹਿਆਂ ਦੇ ਹਸਪਤਾਲਾਂ 'ਚ ਵੀ ਮਨੁੱਖੀ ਅੰਗਾਂ ਨੂੰ ਲਿਜਾਣ ਲਾਇਕ ਡ੍ਰੋਨ ਦੀ ਤਾਇਨਾਤੀ ਹੋਵੇਗੀ। ਸਰਕਾਰ ਅੰਗ ਟਰਾਂਸਪਲਾਂਟ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਇਸੇ ਤਰ੍ਹਾਂ 65 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਨੂੰ ਅੰਗ ਟਰਾਂਸਪਲਾਂਟ ਲਈ ਰਜਿਸਟ੍ਰੇਸ਼ਨ ਕਰਵਾਉਣ ਤੋਂ ਛੋਟ ਦਿੱਤੀ ਗਈ ਹੈ। ਇਸ ਦੇ ਨਾਲ ਹੀ ਅੰਗ ਟਰਾਂਸਪਲਾਂਟ ਕਰਵਾਉਣ ਲਈ ਹੁਣ ਕਿਸੇ ਵੀ ਸੂਬੇ ਦਾ ਜ਼ਰੂਰਤਮੰਦ ਵਿਅਕਤੀ ਅੰਗ ਹਾਸਲ ਕਰਨ ਲਈ ਕਿਸੇ ਵੀ ਸੂਬੇ 'ਚ ਰਜਿਸਟ੍ਰੇਸ਼ਨ ਕਰਵਾ ਸਕਦਾ ਹੈ। ਕੁਝ ਸੂਬਿਆਂ 'ਚ ਰਜਿਸਟ੍ਰੇਸ਼ਨ ਲਈ ਪੰਜ ਤੋਂ ਦਸ ਹਜ਼ਾਰ ਰੁਪਏ ਦੀ ਫੀਸ ਲਈ ਜਾਂਦੀ ਸੀ, ਜਿਸ ਨੂੰ ਖ਼ਤਮ ਕਰ ਦਿੱਤਾ ਗਿਆ ਹੈ।

# ਭਾਰਤੀ ਫ਼ੌਜ ਨੇ ਪਹਿਲੀ ਵਾਰ ਬਣਾਈ ਮਿਜ਼ਾਈਲ ਰੈਜੀਮੈਂਟ

**ਕੋਲਕਾਤਾ–** ਚੀਨ ਨਾਲ ਸਰਹੱਦੀ ਵਿਵਾਦ ਨੂੰ ਲੈ ਕੇ ਜਾਰੀ ਟਕਰਾਅ ਅਤੇ ਹਾਲੀਆ ਝੜਪ ਦੀਆਂ ਘਟਨਾਵਾਂ ਦਰਮਿਆਨ ਭਾਰਤੀ ਫ਼ੌਜ ਨੇ ਹੁਣ ਆਪਣੀ ਹਵਾਈ ਸੁਰੱਖਿਆ ਸਮਰੱਥਾ ਵਧਾਉਣ ਦਿਸ਼ਾ 'ਚ ਮਹੱਤਵਪੂਰਨ ਕਦਮ ਵਧਾਇਆ। ਫ਼ੌਜ ਨੇ ਪਹਿਲੀ ਵਾਰ ਜ਼ਮੀਨ ਤੋਂ ਹਵਾ 'ਚ ਮਾਰ ਕਰਨ ਵਾਲੀ ਮਿਜ਼ਾਈਲ ਰੈਜੀਮੈਂਟ ਗਠਿਤ ਕੀਤੀ ਹੈ। ਫ਼ੌਜ ਦੀ ਪੂਰਬੀ ਕਮਾਂਡ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਫ਼ੌਜ 'ਚ ਪਹਿਲੀ ਵਾਰ ਗਠਿਤ ਕੀਤੀ ਇਸ ਮਿਜ਼ਾਈਲ ਰੈਜੀਮੈਂਟ ਨੂੰ ਰਣਨੀਤਕ ਰੂਪ 'ਚ ਮਹੱਤਵਪੂਰਨ ਮੰਨੇ ਜਾਣ ਵਾਲੇ ਪੂਰਬੀ ਕਮਾਂਡ ਦੇ ਖੇਤਰ 'ਚ ਸਥਾਪਿਤ ਕੀਤਾ ਗਿਆ ਹੈ, ਜਿਸ 'ਤੇ ਸਿੱਕਮ ਅਤੇ ਅਰੁਣਾਚਲ ਪ੍ਰਦੇਸ਼ ਦੇ ਸੈਕਟਰਾਂ 'ਚ ਚੀਨ ਨਾਲ ਲੱਗਦੀ ਅਸਲ ਕੰਟਰੋਲ ਰੇਖਾ (ਐੱਲਏਸੀ) ਦੀ ਰੱਖਿਆ ਦੀ ਜ਼ਿੰਮੇਵਾਰੀ ਹੈ। ਇਸ ਕਮਾਂਡ ਦਾ ਮੁੱਖ ਦਫ਼ਤਰ ਕੋਲਕਾਤਾ 'ਚ ਹੀ ਹੈ। ਇਸ ਰੈਜੀਮੈਂਟ ਨੂੰ ਰੱਖਿਆ ਖੋਜ ਅਤੇ ਵਿਕਾਸ ਸੰਸਥਾ (ਡੀਆਰਡੀਓ) ਵੱਲੋਂ ਸਵਦੇਸ਼ੀ ਰੂਪ 'ਚ ਵਿਕਸਿਤ ਪਹਿਲੀ ਮੱਧ ਦੂਰੀ ਦੀ ਜ਼ਮੀਨ ਤੋਂ ਹਵਾ 'ਚ ਮਾਰ ਕਰਨ ਵਾਲੀ ਮਿਜ਼ਾਈਲ (ਐੱਮਆਰਐੱਸਏਐੱਮ) ਵੈਪਨ ਸਿਸਟਮ ਨਾਲ ਲੈਸ ਕੀਤਾ ਗਿਆ ਹੈ। ਪੂਰਬੀ ਕਮਾਂਡ ਦੇ ਕਮਾਂਡਰ (ਜਨਰਲ ਆਫੀਸਰ ਕਮਾਂਡਿੰਗ ਇਨ ਚੀਫ) ਲੈਫਟੀਨੈਂਟ ਜਨਰਲ ਆਰਪੀ ਕਲਿਤਾ ਨੇ ਵੀਰਵਾਰ ਨੂੰ ਪਹਿਲੀ ਵਾਰ ਇਸ ਮਿਜ਼ਾਈਲ ਰੈਜੀਮੈਂਟ ਦਾ ਦੌਰਾ ਕਰਦਿਆਂ ਇਸ ਦੀ ਰਸਮੀ ਸ਼ੁਰੂਆਤ ਕੀਤੀ। ਹਾਲਾਂਕਿ ਫ਼ੌਜ ਨੇ ਸੁਰੱਖਿਆ ਕਾਰਨਾਂ ਕਰਕੇ ਫ਼ਿਲਹਾਲ ਇਸ ਦੀ ਥਾਂ ਨੂੰ ਜਨਤਕ ਨਹੀਂ ਕੀਤਾ। ਕੋਲਕਾਤਾ 'ਚ ਪੂਰਬੀ ਕਮਾਂਡ ਮੁੱਖ ਦਫ਼ਤਰ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਪੂਰਬ-ਉੱਤਰ ਦੇ ਖੇਤਰ 'ਚ ਇਸ ਦਾ ਗਠਨ ਹੋਇਆ ਹੈ।

# ਖਾਪ ਮਹਾਪੰਚਾਇਤ ਵੱਲੋਂ ਮੰਤਰੀ ਸੰਦੀਪ ਸਿੰਘ ਦੀ ਕੈਥਲ ਦਾਖ਼ਲੇ 'ਤੇ ਪਾਬੰਦੀ



**ਕੈਥਲ (ਹਰਿਆਣਾ)-** ਇੱਥੋਂ ਦੀਆਂ ਦਰਜਨਾਂ ਖਾਪਾਂ ਨੇ ਇਕਜੁਟਤਾ ਨਾਲ ਫੈਸਲਾ ਲੈਂਦਿਆਂ ਸੂਬੇ ਦੇ ਪ੍ਰਿੰਟਿੰਗ ਅਤੇ ਸਟੇਸ਼ਨਰੀ ਮੰਤਰੀ ਸੰਦੀਪ ਸਿੰਘ ਦੇ ਕੈਥਲ ਜ਼ਿਲ੍ਹੇ ਵਿੱਚ ਦਾਖ਼ਲੇ 'ਤੇ ਪਾਬੰਦੀ ਲਾ ਦਿੱਤੀ ਹੈ। ਖਾਪਾਂ ਨੇ ਐਲਾਨ ਕੀਤਾ ਹੈ ਕਿ ਜੇਕਰ ਸੰਦੀਪ ਸਿੰਘ ਕੈਥਲ ਵਿਚ ਕਿਤੇ ਵੀ ਆਇਆ ਤਾਂ ਉਸ ਦਾ ਵਿਰੋਧ ਕੀਤਾ ਜਾਵੇਗਾ। ਇਹ ਫੈਸਲਾ ਐਤਵਾਰ ਨੂੰ 'ਬੇਟੀ ਮਾਂਗੇ ਇਨਸਾਫ' ਮਹਾ ਪੰਚਾਇਤ ਦੌਰਾਨ ਲਿਆ ਗਿਆ।

ਮਹਿਲਾ ਕੋਚ ਵੱਲੋਂ ਮੰਤਰੀ ਸੰਦੀਪ ਸਿੰਘ ਉਤੇ ਛੇੜਛਾੜ ਦਾ ਦੋਸ਼ ਲਾਉਣ ਤੋਂ ਬਾਅਦ ਪੂਰੇ ਹਰਿਆਣਾ 'ਚ ਲਗਾਤਾਰ ਵਿਰੋਧ ਪ੍ਰਦਰਸ਼ਨ ਹੋ ਰਿਹਾ ਹੈ। 26 ਜਨਵਰੀ ਨੂੰ ਪਿਹੋਵਾ 'ਚ ਗਣਤੰਤਰ ਦਿਵਸ ਸਮਾਰੋਹ 'ਚ ਸੰਦੀਪ ਸਿੰਘ ਨੂੰ ਝੰਡਾ ਲਹਿਰਾਉਣ ਤੋਂ ਰੋਕਿਆ ਸੀ। ਬਾਅਦ ਵਿਚ ਪੂਰੇ ਹਰਿਆਣਾ 'ਚ ਸੰਦੀਪ ਸਿੰਘ ਖਿਲਾਫ ਰੋਸ ਮੁਜ਼ਾਹਰੇ ਸ਼ੁਰੂ ਕਰ ਦਿੱਤੇ ਗਏ ਸਨ । ਇਸ ਤੋਂ ਪਹਿਲਾਂ ਨਾਰਨੌਂਦ ਇਲਾਕੇ 'ਚ ਸੰਦੀਪ ਸਿੰਘ ਦੇ ਦਾਖ਼ਲੇ 'ਤੇ ਵੀ ਪਾਬੰਦੀ ਲਗਾਈ ਜਾ ਚੁੱਕੀ ਹੈ।

ਐਤਵਾਰ ਨੂੰ ਕੈਥਲ 'ਚ ਹੋਈ ਮਹਾ ਪੰਚਾਇਤ 'ਚ 20 ਵੱਖ-ਵੱਖ ਖਾਪਾਂ ਦੇ ਨੇਤਾਵਾਂ ਨੇ ਕਿਹਾ ਕਿ ਇਸ ਸਰਕਾਰ 'ਚ ਔਰਤਾਂ ਪੂਰੀ ਤਰ੍ਹਾਂ ਅਸੁਰੱਖਿਅਤ ਹਨ। ਔਰਤਾਂ 'ਤੇ ਦਿਨ ਪ੍ਰਤੀ ਦਿਨ ਅੱਤਿਆਚਾਰ ਹੋ ਰਹੇ ਹਨ। ਅੱਜ ਹਰਿਆਣਾ ਦੇ ਹਾਲਾਤ ਇਹ ਬਣ ਗਏ ਹਨ ਕਿ ਭਾਵੇਂ ਖੇਡ ਮੈਦਾਨ ਹੋਵੇ ਜਾਂ ਵਿੱਦਿਆ ਦਾ ਮੰਦਰ, ਹਰ ਪਾਸੇ ਲੜਕੀਆਂ ਦੇ ਜਿਨਸੀ ਸ਼ੋਸ਼ਣ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਇਨ੍ਹਾਂ ਘਟਨਾਵਾਂ ਨੂੰ ਉਹੀ ਲੋਕ ਅੰਜਾਮ ਦੇ ਰਹੇ ਹਨ, ਜਿਨ੍ਹਾਂ ਨੂੰ ਸਰਕਾਰ ਨੇ ਜ਼ਿੰਮੇਵਾਰ ਅਹੁਦਿਆਂ 'ਤੇ ਲਾਇਆ ਹੋਇਆ ਹੈ।

ਖਾਪ ਪੰਚਾਇਤ ਦੇ ਆਗੂਆਂ ਨੇ ਕਿਹਾ ਕਿ ਮਹਿਲਾ ਕੋਚ ਨਾਲ ਛੇੜਛਾੜ ਦੇ ਦੋਸ਼ੀਆਂ ਨੂੰ ਸਰਕਾਰ ਵਿਚੋਂ ਬਾਹਰ ਕੱਢਣ ਦੀ ਬਜਾਏ ਮੁੱਖ ਮੰਤਰੀ ਮਨੋਹਰ ਲਾਲ ਨੇ ਉਸ ਨੂੰ ਬਚਾਉਣ ਲਈ ਆਪਣੀ ਸਾਰੀ ਤਾਕਤ ਲਗਾ ਦਿੱਤੀ ਹੈ। ਸਤਰੋਲ ਖਾਪ ਦੇ ਧਰਮਪਾਲ ਭਾਦੂ ਨੇ ਹਾਜ਼ਰ ਸਮੂਹ ਲੋਕਾਂ ਨੂੰ ਇਸ ਲੜਾਈ ਨੂੰ ਇਕਜੁੱਟਤਾ ਨਾਲ ਲੜਨ ਦੀ ਅਪੀਲ ਕਰਦਿਆਂ ਕਿਹਾ ਕਿ ਜੇਕਰ ਅਸੀਂ ਅੱਜ ਹਰਿਆਣਾ ਦੀਆਂ ਧੀਆਂ ਦੀ ਇੱਜ਼ਤ, ਮਾਣ-ਮਰਿਆਦਾ ਲਈ ਇਕਜੁੱਟ ਨਾ ਹੋਏ ਤਾਂ ਸੱਤਾ ਵਿਚ ਬੈਠੇ ਲੋਕਾਂ ਦੇ ਹੌਸਲੇ ਬੁਲੰਦ ਹੋਣਗੇ ਅਤੇ ਸਾਡੇ ਭੈਣ ਧੀਆਂ ਦਾ ਘਰੋਂ ਨਿਕਲਣਾ ਔਖਾ ਹੋ ਜਾਵੇਗਾ।

# ਬੀਨੂੰ ਢਿੱਲੋਂ ਪੰਜਾਬੀ ਫ਼ਿਲਮ ਇੰਡਸਟਰੀ ਦਾ ਚਮਕਦਾ ਸਿਤਾਰਾ



ਬੀਨੂੰ ਢਿੱਲੋਂ ਪੰਜਾਬੀ ਫ਼ਿਲਮ ਇੰਡਸਟਰੀ ਦਾ ਉੱਭਰਦਾ ਸਿਤਾਰਾ ਹੈ। ਉਹ ਪੰਜਾਬੀ ਤੇ ਗੈਰ-ਪੰਜਾਬੀ ਦਰਸ਼ਕਾਂ ਦੇ ਦਿਲਾਂ 'ਤੇ ਰਾਜ ਕਰਨ ਵਾਲੇ ਕਲਾਕਾਰ ਹਨ, ਜੋ ਕਾਮੇਡੀ ਫ਼ਿਲਮਾਂ ਦੀ ਅਸਲ ਉਮੀਦ ਤੇ ਦਾਇਰੇ ਸੈੱਟ ਕਰ ਰਹੇ ਹਨ। ਉਹ ਜ਼ਿਆਦਾਤਰ ਕਾਮੇਡੀ ਫ਼ਿਲਮਾਂ ਵਿਚ ਦੇਖੇ ਜਾਂਦੇ ਹਨ। ਬੀਨੂੰ ਢਿੱਲੋਂ ਹਰ ਕਾਮੇਡੀ ਸ਼ੈਲੀ ਦੀ ਫ਼ਿਲਮ ਵਿਚ ਪ੍ਰਮੁੱਖ ਕਾਰਨ ਬਣ ਜਾਂਦੇ ਹਨ। ਉਨ੍ਹਾਂ ਤੋਂ ਬਿਨਾਂ ਉੱਚੀ-ਉੱਚੀ ਹੱਸਣ ਲਈ ਮਜਬੂਰ ਕਰਦੇ ਡਾਇਲਾਗਸ ਤੇ ਹਾਜ਼ਰ ਜਵਾਬੀ ਹਾਸਲ ਕਰਨਾ ਬਹੁਤ ਮੁਸ਼ਕਲ ਹੈ। ਆਪਣੀਆਂ ਕਾਮੇਡੀ ਫ਼ਿਲਮਾਂ ਦੌਰਾਨ ਕੋਈ ਫਰਕ ਨਹੀਂ ਪੈਂਦਾ ਕਿ ਬੀਨੂੰ ਢਿੱਲੋਂ ਨੂੰ ਲੀਡ ਜਾਂ ਸਹਾਇਕ ਰੋਲ ਮਿਲ ਰਿਹਾ ਹੈ, ਉਹ ਆਪਣੀ ਸੰਪੂਰਨ ਡਾਇਲਾਗ ਡਿਲਿਵਰੀ ਦੇ ਨਾਲ ਫ਼ਿਲਮ 'ਚ ਹਮੇਸ਼ਾ ਆਕਰਸ਼ਣ ਦਾ ਕੇਂਦਰ ਬਣ ਜਾਂਦੇ ਹਨ। ਉਹ ਸਿਰਫ਼ ਆਪਣੇ ਡਾਇਲਾਗਸ ਨਾਲ ਹੀ ਨਹੀਂ, ਸਗੋਂ ਆਪਣੇ ਚਿਹਰੇ ਦੇ ਹਾਵ-ਭਾਵ ਨਾਲ ਵੀ ਹਾਸੋਹੀਣਾ ਮਾਹੌਲ ਸਿਰਜਦੇ ਹਨ, ਜੋ ਕਿ ਕਿਸੇ ਵੀ ਕਾਮੇਡੀ ਅਦਾਕਾਰ ਦਾ ਅਸਲ ਗੁਣ ਹੁੰਦਾ ਹੈ।

ਹੁਣ ਉਹ ਆਪਣੀ ਆਉਣ ਵਾਲੀ ਫ਼ਿਲਮ 'ਗੋਲਗੱਪੇ' ਦੇ ਨਾਲ ਸਾਨੂੰ ਹਸਾਉਣ ਲਈ ਤਿਆਰ ਹਨ, ਜੋ ਡਰਾਮੇ ਨਾਲ ਭਰਪੂਰ ਹੈ, ਜੋ 'ਗੋਲਗੱਪੇ' ਆਊਟਲੈੱਟ ਚਲਾਉਣ ਵਾਲੇ ਤਿੰਨ ਦੋਸਤਾਂ ਵਿਚਕਾਰ ਪਏ ਭੰਬਲਭੂਸੇ ਨੂੰ ਦਰਸਾਉਂਦੀ ਹੈ। ਬੱਗਾ ਫ਼ਿਲਮ 'ਚ ਡੌਨ, ਡਾ. ਚਾਵਲਾ ਦੀ ਪਤਨੀ ਨੂੰ ਅਗਵਾ ਕਰਦਾ ਹੈ ਤੇ 10 ਲੱਖ ਫਿਰੌਤੀ ਦੀ ਮੰਗ ਕਰਦਾ ਹੈ ਪਰ ਉਲਝਣ ਦੇ ਕਾਰਨ, ਇਨ੍ਹਾਂ ਤਿੰਨ ਦੋਸਤਾਂ ਨੂੰ ਕਾਲ ਕਰ ਦਿੰਦਾ ਹੈ ਤੇ ਇਹ ਉਹ ਸਮਾਂ ਹੈ, ਜਦੋਂ ਫ਼ਿਲਮ 'ਚ ਡਰਾਮਾ ਤੇ ਸਭ ਤੋਂ ਦਿਲਚਸਪ ਹਿੱਸਾ ਸ਼ੁਰੂ ਹੁੰਦਾ ਹੈ। ਇਹ ਸਸਪੈਂਸ ਤੇ ਮਜ਼ੇਦਾਰ ਕਹਾਣੀ ਹੋਵੇਗੀ ਕਿ ਇਹ ਤਿੰਨੇ ਦੋਸਤ ਪੈਸੇ ਦਾ ਪ੍ਰਬੰਧ ਕਿਵੇਂ ਕਰਦੇ ਹਨ ਤੇ ਅੰਤ 'ਚ ਕੀ ਹੋਵੇਗਾ।

ਫ਼ਿਲਮ ਦੀ ਸਟਾਰ ਕਾਸਟ 'ਚ ਬੀਨੂੰ ਢਿੱਲੋਂ, ਰਜਤ ਬੇਦੀ, ਬੀ. ਐੱਨ. ਸ਼ਰਮਾ, ਇਹਾਨਾ ਢਿੱਲੋਂ, ਨਵਨੀਤ ਕੌਰ ਢਿੱਲੋਂ ਤੇ ਦਿਲਾਵਰ ਸਿੱਧੂ ਸ਼ਾਮਲ ਹਨ।ਫ਼ਿਲਮ 'ਗੋਲਗੱਪੇ' ਦਾ ਨਿਰਦੇਸ਼ਨ ਸਮੀਪ ਕੰਗ ਵਲੋਂ ਕੀਤਾ ਗਿਆ ਹੈ, ਜਿਸ ਨੇ ਪੰਜਾਬੀ ਇੰਡਸਟਰੀ ਨੂੰ ਸਭ ਤੋਂ ਵੱਡੀਆਂ ਹਿੱਟ ਫ਼ਿਲਮਾਂ ਦਿੱਤੀਆਂ ਹਨ। ਇਹ ਪੰਜਵੀਂ ਵਾਰ ਹੈ ਜਦੋਂ ਬੀਨੂੰ ਢਿੱਲੋਂ ਤੇ ਸਮੀਪ ਕੰਗ ਇਕੱਠੇ ਆ ਰਹੇ ਹਨ।

# ਹੁਣ ਪੰਜਾਬ ਕਾਂਗਰਸ ਸ਼ੁਰੂ ਕਰੇਗੀ 'ਹਾਥ ਸੇ ਹਾਥ ਜੋੜੋ ਯਾਤਰਾ'

**ਚੰਡੀਗੜ੍ਹ-** ਆਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਕਾਂਗਰਸ ਨੇ ਆਪਣਾ ਗੇਮ ਪਲਾਨ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਹੈ। ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਤੋਂ ਬਾਅਦ ਪੰਜਾਬ ਕਾਂਗਰਸ (ਕਾਂਗਰਸ) ਹੁਣ ਸੂਬੇ 'ਚ 'ਹਾਥ ਸੇ ਹਾਥ ਜੋੜੋ ਯਾਤਰਾ' ਸ਼ੁਰੂ ਕਰਨ ਜਾ ਰਹੀ ਹੈ। ਜਿਸ ਦਾ ਮੁੱਖ ਉਦੇਸ਼ ਰਾਹੁਲ ਗਾਂਧੀ ਦੇ ਲਿਖਤੀ ਸੰਦੇਸ਼ ਨੂੰ ਹਰ ਘਰ ਤੱਕ ਪਹੁੰਚਾਉਣਾ ਹੈ। ਇਸ ਸਾਲ ਪੰਜਾਬ ਦੇ ਵੱਡੇ ਸ਼ਹਿਰਾਂ ਵਿੱਚ ਹੋਣ ਵਾਲੀਆਂ ਨਗਰ ਨਿਗਮ (ਐਮਸੀ) ਚੋਣਾਂ ਵਿੱਚ ਵੀ ਕਾਂਗਰਸ ਆਪਣਾ ਟੀਚਾ ਮਿੱਥ ਰਹੀ ਹੈ। ਇਸ ਲਈ, ਕੇਂਦਰ ਦੀ ਸੱਤਾਧਾਰੀ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਦੇ ਖਿਲਾਫ ਚਾਰਜਸ਼ੀਟ ਦੇ ਨਾਲ, ਪਾਰਟੀ ਵਰਕਰ ਜਨਤਾ ਵਿੱਚ ਇੱਕ ਤੀਸਰਾ ਲਿਖਤੀ ਨੋਟ ਵੀ ਵੰਡਣਗੇ। ਇਸ ਦੌਰੇ ਦੌਰਾਨ ਸੂਬਾ ਕਾਂਗਰਸ ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ (ਆਪ) ਸਰਕਾਰ ਦੀਆਂ ਨਾਕਾਮੀਆਂ ਨੂੰ ਉਜਾਗਰ ਕਰੇਗੀ।

ਹਾਲ ਹੀ ਵਿੱਚ ਸੰਗਰੂਰ ਵਿੱਚ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜ ਵੜਿੰਗ ਦੀ ਅਗਵਾਈ ਵਿੱਚ ਮਾਲਵਾ ਖੇਤਰ ਦੇ 81 ਬਲਾਕ ਪ੍ਰਧਾਨਾਂ ਦੀ ਮੀਟਿੰਗ ਹੋਈ ਹੈ। ਜਿਸ ਵਿੱਚ ਫੈਸਲਾ ਕੀਤਾ ਗਿਆ ਕਿ ਇਸ ਮੁਹਿੰਮ ਰਾਹੀਂ ਕਾਂਗਰਸ ਸਾਰੇ ਜ਼ਿਲ੍ਹਿਆਂ ਵਿੱਚ ਕੇਂਦਰ ਦੀ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਦਾ ਪਰਦਾਫਾਸ਼ ਕਰੇਗੀ। ਰਾਹੁਲ ਗਾਂਧੀ ਦੇ ਸੰਦੇਸ਼ ਅਤੇ ਕੇਂਦਰ ਸਰਕਾਰ ਖ਼ਿਲਾਫ਼ ਵੰਡੇ ਜਾਣ ਵਾਲੇ ਪੱਤਰ ਪੰਜਾਬੀ ਭਾਸ਼ਾ ਵਿੱਚ ਹੋਣਗੇ।



ਪਾਰਟੀ ਦਾ ਉਦੇਸ਼ ਇਸ ਸਾਲ ਲੁਧਿਆਣਾ ਸਮੇਤ ਪੰਜਾਬ ਦੇ ਵੱਡੇ ਸ਼ਹਿਰਾਂ ਵਿੱਚ ਹੋਣ ਵਾਲੀਆਂ ਮਿਊਂਸੀਪਲ ਚੋਣਾਂ ਤੋਂ ਪਹਿਲਾਂ ਕੇਂਦਰ ਦੀ ਭਾਜਪਾ ਸਰਕਾਰ ਅਤੇ ਪੰਜਾਬ ਦੀ 'ਆਪ' ਸਰਕਾਰ ਦੀਆਂ ਕਥਿਤ ਲੋਕ ਵਿਰੋਧੀ ਕਾਰਵਾਈਆਂ ਬਾਰੇ ਵੋਟਰਾਂ ਨੂੰ ਜਾਗਰੂਕ ਕਰਨਾ ਹੈ।

ਕਾਂਗਰਸ ਪ੍ਰਦੇਸ਼ ਦੇ ਇਕ ਉੱਚ ਅਧਿਕਾਰੀ ਨੇ ਕਿਹਾ ਕਿ ਭਾਜਪਾ ਦੇ ਖਿਲਾਫ ਕਾਂਗਰਸ ਦੀ ਚਾਰਜਸ਼ੀਟ 'ਚ ਦੋਸ਼ ਲਗਾਇਆ ਗਿਆ ਹੈ ਕਿ ਦੇਸ਼ ਦੇ ਸਿਰਫ 10 ਫੀਸਦੀ ਅਮੀਰਾਂ ਕੋਲ ਦੇਸ਼ ਦੀ 64 ਫੀਸਦੀ ਦੌਲਤ ਹੈ। ਜਦੋਂ ਕਿ ਬਾਕੀ 50% ਆਬਾਦੀ ਕੋਲ ਸਿਰਫ 6% ਜਾਇਦਾਦ ਹੈ। ਇਸ ਵਿੱਚ ਅੱਗੇ ਕਿਹਾ ਗਿਆ ਹੈ ਕਿ 8 ਸਾਲਾਂ ਵਿੱਚ ਭਾਜਪਾ ਸਰਕਾਰ ਨੇ ਕਿਸਾਨਾਂ ਦੇ ਕਰਜ਼ੇ ਮੁਆਫ਼ ਨਹੀਂ ਕੀਤੇ, ਸਗੋਂ ਅਰਬਪਤੀਆਂ ਦੇ 72 ਹਜ਼ਾਰ ਕਰੋੜ ਰੁਪਏ ਦੇ ਕਰਜ਼ੇ ਮੁਆਫ਼ ਕੀਤੇ ਹਨ। ਚਾਰਜਸ਼ੀਟ 'ਚ ਕਾਂਗਰਸ ਨੇ ਪਰਿਵਾਰਵਾਦ ਦਾ ਵੀ ਦੋਸ਼ ਲਗਾਇਆ ਹੈ ਅਤੇ ਕਿਹਾ ਹੈ ਕਿ ਭਾਜਪਾ ਦੇ 20 ਮੰਤਰੀ, 14 ਸੰਸਦ ਮੈਂਬਰ ਅਤੇ 31 ਵਿਧਾਇਕ ਸਿਆਸੀ ਪਰਿਵਾਰਾਂ ਤੋਂ ਹਨ।

# ਸਲਾਨਾ ਪ੍ਰੀਖਿਆਵਾਂ ਦੌਰਾਨ ਸਮੁੱਚੇ ਪ੍ਰੀਖਿਆ ਕੇਂਦਰਾਂ ਦੇ ਆਲੇ ਦੁਆਲੇ 100 ਮੀਟਰ ਦੇ ਘੇਰੇ ਅੰਦਰ ਨਿਰਧਾਰਤ ਸਮੇਂ ਲਈ ਧਾਰਾ -144 ਰਹੇਗੀ ਲਾਗੂ- ਜਿਲ੍ਹਾ ਮੈਜਿਸਟ੍ਰੇਟ



**ਪਠਾਨਕੋਟ 19 ਫਰਵਰੀ (ਰਾਜਿੰਦਰ ਸਿੰਘ ਰਾਜਨ)** ਜਿਲ੍ਹਾ ਮੈਜਿਸਟ੍ਰੇਟ ਪਠਾਨਕੋਟਸ. ਸ੍ਰ: ਹਰਬੀਰ ਸਿੰਘ ਨੇ ਇੱਕ ਹੁਕਮ ਜਾਰੀ ਕਰਦਿਆਂ ਕਿਹਾ ਕਿ ਫੋਜਦਾਰੀ ਜਾਬਤਾ ਸੰਘਤਾ 1973 ਦੀ ਧਾਰਾ 144 ਦੇ ਤਹਿਤ ਪ੍ਰਾਪਤ ਹੋਏ ਅਧਿਕਾਰਾਂ ਦੀ ਵਰੋਂ ਕਰਦੇ ਹੋਏ ਜਿਲ੍ਹਾ ਪਠਾਨਕੋਟ ਦੀ ਹਦੂਦ ਅੰਦਰ 20 ਫਰਵਰੀ 2023 ਤੋਂ 20 ਅਪ੍ਰੈਲ 2023 ਅੱਠਵੀਂ, ਦਸਵੀਂ ਅਤੇ ਬਾਹ੍ਰਵੀਂ ਸ੍ਰੇਣੀ ਦੀਆਂ ਫਰਵਰੀ /ਮਾਰਚ 2023 ਦੀਆਂ ਸਲਾਨਾ ਪ੍ਰੀਖਿਆਵਾਂ ਲਈ ਨਿਰਧਾਰਤ ਕੀਤੇ ਗਏ ਹਨ।

ਜਿਲ੍ਹਾ ਪਠਾਨਕੋਟ ਦੇ ਸਮੁੱਚੇ ਪ੍ਰੀਖਿਆ ਕੇਂਦਰਾਂ ਦੇ ਆਲੇ ਦੁਆਲੇ 100 ਮੀਟਰ ਦੇ ਘੇਰੇ ਅੰਦਰ ਪੰਜ ਜਾਂ ਪੰਜ ਤੋਂ ਵੱਧ ਵਿਅਕਤੀ ਦੇ ਇਕੱਠ ਹੋਣ ਤੇ ਪੂਰਨ ਤੌਰ ਤੇ ਪਾਬੰਦੀ ਲਗਾਉਂਦਾ ਹਾਂ। ਉਨ੍ਹਾਂ ਕਿਹਾ ਕਿ ਇਹ ਪਾਬੰਦੀ ਦੇ ਹੁਕਮ ਸਕੂਲਾਂ ਦੇ ਟੀਚਰਾਂ/ ਸਟਾਫ ਤੇ ਲਾਗੂ ਨਹੀਂ ਹੋਵੇਗਾ ਅਤੇ ਉਨ੍ਹਾਂ ਵਿਦਿਆਰਥੀਆਂ ਤੇ ਲਾਗੂ ਹੋਵੇਗਾ ਜਿਨ੍ਹਾਂ ਦਾ ਪ੍ਰੀਖਿਆ ਸੈਂਟਰ ਇਨ੍ਹਾਂ ਸਕੂਲਾਂ ਵਿੱਚ ਬਣਿਆ ਹੋਇਆ ਹੈ।

# 2283 ਵਿਦਿਆਰਥੀਆਂ ਨੇ ਦਿੱਤੀ ਪੀ.ਐੱਸ.ਟੀ.ਐੱਸ.ਈ. ਅਤੇ ਐੱਨ.ਐੱਨ.ਐੱਮ.ਐੱਸ. ਦੀ ਵਜ਼ੀਫਾ ਮੁਕਾਬਲਾ ਪ੍ਰੀਖਿਆ

## ਜ਼ਿਲ੍ਹੇ ਦੇ 14 ਸੈਂਟਰਾਂ ਵਿੱਚ ਕਰਵਾਈ ਗਈ ਪ੍ਰੀਖਿਆ ਵਿੱਚ ਅੱਠਵੀਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੇ ਲਿਆ ਭਾਗ

**ਪਠਾਨਕੋਟ 19 ਫਰਵਰੀ (ਰਾਜਿੰਦਰ ਸਿੰਘ ਰਾਜਨ)** ਸਿੱਖਿਆ ਮੰਤਰੀ ਪੰਜਾਬ ਸਰਦਾਰ ਹਰਜੋਤ ਸਿੰਘ ਬੈਂਸ ਦੀ ਰਹਿਨੁਮਾਈ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸ੍ਰੀ ਰਾਜੇਸ਼ ਕੁਮਾਰ, ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਕਮ ਨੋਡਲ ਅਫ਼ਸਰ ਸ੍ਰੀ ਰਾਜੇਸ਼ਵਰ ਸਲਾਰੀਆ ਦੀ ਅਗਵਾਈ ਵਿੱਚ ਸਿੱਖਿਆ ਵਿਭਾਗ ਪਠਾਨਕੋਟ ਵੱਲੋਂ ਅੱਠਵੀਂ ਸ੍ਰੇਣੀ ਦੇ ਵਿਦਿਆਰਥੀਆਂ ਲਈ ਕਰਵਾਈ ਗਈ ਪੀ.ਐੱਸ.ਟੀ.ਐੱਸ.ਈ. ਅਤੇ ਐੱਨ.ਐੱਨ.ਐੱਮ.ਐੱਸ. ਦੀ ਵਜ਼ੀਫਾ ਮੁਕਾਬਲਾ ਪ੍ਰੀਖਿਆ ਵਿੱਚ 2283 ਵਿਦਿਆਰਥੀ ਅਪੀਅਰ ਹੋਏ। ਇਸ ਦਾਖਲਾ ਪ੍ਰੀਖਿਆ ਵਿੱਚ 79.32 ਫੀਸਦੀ ਵਿਦਿਆਰਥੀਆਂ ਦੀ ਹਾਜ਼ਰੀ ਦਰਜ ਕੀਤੀ ਗਈ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸ੍ਰੀ ਰਾਜੇਸ਼ ਕੁਮਾਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਕਮ ਨੋਡਲ ਅਫ਼ਸਰ ਸ੍ਰੀ ਰਾਜੇਸ਼ਵਰ ਸਲਾਰੀਆ ਨੇ ਦੱਸਿਆ ਕਿ ਅੱਠਵੀਂ ਦੇ ਵਿਦਿਆਰਥੀਆਂ ਲਈ ਇਸ ਸਾਲ ਪੀ.ਐੱਸ.ਟੀ.ਐੱਸ.ਈ. ਅਤੇ ਐੱਨ.ਐੱਨ.ਐੱਮ.ਐੱਸ. ਦੀ ਸਾਂਝੀ ਵਜ਼ੀਫਾ ਮੁਕਾਬਲਾ ਪ੍ਰੀਖਿਆ ਆਯੋਜਿਤ ਕੀਤੀ ਗਈ ਹੈ। ਕੇਂਦਰ ਸਰਕਾਰ ਵੱਲੋਂ ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ ਅਤੇ ਲੋਕਲ ਬਾਡੀਜ਼ ਸਰਕਾਰ ਦੇ ਸਕੂਲਾਂ ਦੇ ਵਿੱਚ ਪੜ੍ਹਣ ਵਾਲੇ ਵਿਦਿਆਰਥੀਆਂ ਵਿੱਚੋਂ ਇਸ ਵਜ਼ੀਫਾ ਮੁਕਾਬਲਾ ਪ੍ਰੀਖਿਆ ਦੀ ਨਿਰਧਾਰਿਤ ਮੈਰਿਟ ਅਤੇ ਪੱਧਤੀ ਅਨੁਸਾਰ 2210 ਵਿਦਿਆਰਥੀਆਂ



ਨੂੰ 1000 ਰੁਪਏ ਪ੍ਰਤੀ ਮਹੀਨਾ ਵਜ਼ੀਫਾ ਦਿੱਤਾ ਜਾਣਾ ਹੈ। ਭਾਵ ਕੇ ਇਸ ਵਜ਼ੀਫਾ ਮੁਕਾਬਲਾ ਪ੍ਰੀਖਿਆ ਰਾਹੀਂ ਸਫ਼ਲ ਹੋ ਕੇ ਚੁਣੇ ਜਾਣ ਵਾਲੇ ਹਰੇਕ ਵਿਦਿਆਰਥੀ ਨੂੰ ਬਾਰ੍ਹਵੀਂ ਜਮਾਤ ਤੱਕ 48000 ਰੁਪਏ ਦੀ ਵਜ਼ੀਫਾ ਰਾਸ਼ੀ ਮਿਲੇਗੀ। ਉਹਨਾਂ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੀ.ਐੱਸ.ਟੀ.ਐੱਸ.ਈ ਸਕੀਮ ਤਹਿਤ ਪੰਜਾਬ ਸਰਕਾਰ ਵੱਲੋਂ ਇਸ ਵਜ਼ੀਫਾ ਮੁਕਾਬਲਾ ਪ੍ਰੀਖਿਆ ਵਿੱਚ ਸਫ਼ਲ ਹੋ ਕੇ ਮੈਰਿਟ ਅਤੇ ਪੱਧਤੀ ਅਨੁਸਾਰ ਚੁਣੇ ਜਾਣ ਵਾਲੇ 500 ਵਿਦਿਆਰਥੀਆਂ ਨੂੰ 200 ਰੁਪਏ ਪ੍ਰਤੀ ਮਹੀਨਾ ਮਿ-ਲੇਗਾ। ਚੁਣੇ ਹੋਏ ਹਰੇਕ ਵਿਦਿਆਰਥੀ ਨੂੰ ਬਾਰ੍ਹਵੀਂ ਜਮਾਤ ਤੱਕ 9600 ਰੁਪਏ ਦੀ ਰਾਸ਼ੀ ਪੰਜਾਬ ਸਰਕਾਰ ਵੱਲੋਂ ਮਿਲੇਗੀ। ਉਹਨਾਂ ਦੱਸਿਆ ਕਿ ਇਸ ਵਾਰ ਜ਼ਿਲ੍ਹੇ ਦੇ 14 ਸਕੂਲਾਂ ਧਾਰ ਕਲਾਂ, ਭਵਾਨੀ, ਲਮੀਨੀ, ਕੰਨਿਆ ਸਕੂਲ ਪਠਾਨਕੋਟ, ਐਵਲਿਨ ਸਕੂਲ, ਆਰਿਆ ਕੰਨਿਆ ਪਠਾਨਕੋਟ, ਦੌਲਤਪੁਰ, ਕੇਐਫਸੀ, ਧੀਰਾ, ਮਲਕਪੁਰ, ਭੋਆ, ਸੁਜਾਨਪੁਰ ਮੁੰਡੇ ਅਤੇ ਕੁੜੀਆਂ ਵਿੱਚ ਕੁੱਲ 2878 ਵਿਦਿਆਰਥੀਆਂ ਨੇ ਹਿੱਸਾ ਲਿਆ ਸੀ ਅਤੇ ਇਸ ਵਿੱਚੋਂ 2283 ਵਿਦਿਆਰਥੀ ਇਸ ਮੁਕਾਬਲਾ ਪ੍ਰੀਖਿਆ ਵਿੱਚ ਅਪੀਅਰ ਹੋਏ ਅਤੇ 595 ਵਿਦਿਆਰਥੀ ਗੈਰਹਾਜ਼ਰ ਰਹੇ। ਉਹਨਾਂ ਡਾਇਟ ਪ੍ਰਿੰਸੀਪਲ ਹਰਿੰਦਰ ਸਿੰਘ ਸੈਣੀ, ਕੋਆਰਡੀਨੇਟਰ ਕੌਸ਼ਲ ਕੁਮਾਰ, ਕੁਲੈਕਸ਼ਨ ਸੈਂਟਰ ਇੰਚਾਰਜ ਰਜਨੀਸ਼ ਸ਼ਰਮਾ, ਕੰਸ ਰਾਜ, ਪ੍ਰਦੀਪ ਕੁਮਾਰ ਅਤੇ ਅਜੇ ਕੁਮਾਰ ਸਮੇਤ ਸਮੂਹ ਟੀਮਾਂ ਦੀ ਇਸ ਪ੍ਰੀਖਿਆ ਨੂੰ ਸਫ਼ਲਤਾ ਪੂਰਵਕ ਨੇਪਰੇ ਚਾੜਣ ਲਈ ਪ੍ਰਸੰਸਾ ਕੀਤੀ। ਉਹਨਾਂ ਕਿਹਾ ਕਿ ਇਹ ਇੱਕ ਟੀਮ ਵਰਕ ਸੀ ਜਿਸ ਨੂੰ ਸਫ਼ਲਤਾਪੂਰਵਕ ਕਰ ਲਿਆ ਗਿਆ ਹੈ। ਉਹਨਾਂ ਇਸ ਪ੍ਰਖਿਆ ਵਿੱਚ ਭਾਗ ਲੈਣ ਵਾਲੇ ਸਮੂਹ ਵਿਦਿਆਰਥੀਆਂ ਦੀ ਵੀ ਹੌਂਸਲਾ ਅਫ਼ਜ਼ਾਈ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਨੂੰ ਨਿਰੰਤਰ ਭਾਗ ਲੈਂਦੇ ਰਹਿਣਾ ਚਾਹੀਦਾ ਹੈ ਕਿਉਂਕਿ ਇਸ ਨਾਲ ਭਵਿੱਖ ਦੀਆਂ ਮੁਕਾ-ਬਲਾ ਪ੍ਰੀਖਿਆਵਾਂ ਦੀ ਵੀ ਤਿਆਰੀ ਹੁੰਦੀ ਰਹਿੰਦੀ ਹੈ।

# ਯੂਕਰੇਨ ਛੱਡਣ ਵਾਲੇ ਸੈਂਕੜੇ ਭਾਰਤੀ ਵਿਦਿਆਰਥੀ ਰੂਸ 'ਚ ਕਰ ਰਹੇ ਮੈਡੀਕਲ ਦੀ ਪੜ੍ਹਾਈ

**ਨਵੀਂ ਦਿੱਲੀ-** ਜੰਗ ਦੇ ਕਾਰਨ ਯੂਕਰੇਨ ਛੱਡਣ ਵਾਲੇ ਸੈਂਕੜੇ ਭਾਰਤੀ ਰੂਸ ਵਿਚ ਮੈਡੀਕਲ ਦੀ ਪੜ੍ਹਾਈ ਕਰ ਰਹੇ ਹਨ। ਇਨ੍ਹਾਂ ਵਿਚੋਂ ਇਕ ਵਿਦਿਆਰਥਣ ਜਿਸਨਾ ਜੀਜੀ ਨੇ ਕਿਹਾ ਰੂਸ ਨੇ ਸਾਡਾ ਸਵਾਗਤ ਕੀਤਾ। ਕੋਈ ਵਾਧੂ ਫ਼ੀਸ ਨਹੀਂ ਲਗਾਈ। ਸਾਨੂੰ ਪੜ੍ਹਾਈ ਜਾਰੀ ਰੱਖਣ ਦੀ ਇਜਾਜ਼ਤ ਦਿੱਤੀ ਗਈ। ਕੇਰਲ ਦੀ ਰਹਿਣ ਵਾਲੀ ਜੀਜੀ ਰੂਸ ਦੇ ਆਰਕਨਜੇਸਕ ਵਿਚ ਨਾਰਦਰਨ ਸਟੇਟ ਮੈਡੀਕਲ ਯੂਨੀਵਰਸਿਟੀ ਤੋਂ ਐੱਮਬੀਬੀਐੱਸ ਡਿਗਰੀ ਲਈ ਪੜ੍ਹਾਈ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਉਹ ਰੂਸ ਵਿਚ ਸੁਰੱਖਿਅਤ ਮਹਿਸੂਸ ਕਰਦੀ ਹੈ। ਜ਼ਿਕਰਯੋਗ ਹੈ ਕਿ ਯੂਕਰੇਨ ਵਿਚ ਜੰਗ ਛਿੜਨ ਤੋਂ ਬਾਅਦ 'ਆਪ੍ਰੇਸ਼ਨ ਗੰਗਾ' ਤਹਿਤ 17,000 ਤੋਂ ਵੱਧ ਭਾਰਤੀਆਂ ਨੂੰ ਜੰਗ ਪ੍ਰਭਾਵਿਤ ਯੂਕਰੇਨ ਤੋਂ ਕੱਢਿਆ ਗਿਆ, ਇਨ੍ਹਾਂ ਵਿਚੋਂ ਜ਼ਿਆਦਾਤਰ ਵਿਦਿਆਰਥੀ ਸਨ। ਜੀਜੀ ਨੇ ਕਿਹਾ, ਭਾਰਤ ਆਉਣ ਤੋਂ ਬਾਅਦ ਅਸੀਂ ਸੋਚਿਆ ਸੀ ਕਿ ਜੰਗ ਜਲਦ ਹੀ ਸਮਾਪਤ ਹੋ ਜਾਵੇਗੀ ਅਤੇ ਅਸੀਂ ਵਾਪਸ



ਪਰਤ ਜਾਵਾਂਗੇ, ਪਰ ਮਹੀਨਿਆਂ ਬੀਤਣ ਤੋਂ ਬਾਅਦ ਵੀ ਜੰਗ ਸਮਾਪਤ ਨਹੀਂ ਹੋਈ। ਪਿਛਲੇ ਸਾਲ ਸਤੰਬਰ ਵਿਚ ਵਿਦੇਸ਼ ਮੰਤਰਾਲੇ ਅਤੇ ਨੈਸ਼ਨਲ ਮੈਡੀਕਲ ਕੌਂਸਲ (ਐੱਨਐੱਮਸੀ) ਨੇ ਨੋਟਿਸ ਜਾਰੀ ਕਰ ਕੇ ਕਿਹਾ ਸੀ ਕਿ ਵਿਦਿਆਰਥੀ ਯੂਕਰੇਨ ਵਿਚ ਮੂਲ ਯੂਨੀਵਰਸਿਟੀ/ਸੰਸਥਾਨ ਦੀ ਮਨਜ਼ੂਰੀ ਦੇ ਨਾਲ ਹੋਰ ਦੇਸ਼ਾਂ ਵਿਚ ਬਾਕੀ ਪਾਠਕ੍ਰਮ ਪੂਰਾ ਕਰ ਸਕਦੇ ਹਨ। ਮੈਂ ਅਕਤੂਬਰ ਵਿਚ ਪੜ੍ਹਾਈ ਲਈ ਰੂਸ ਗਈ ਸੀ।

# ਡੀਟੀਐੱਫ ਦੇ ਸੂਬਾਈ ਇਜਲਾਸ 'ਚ ਦਿੱਗਵਿਜੇਪਾਲ ਸ਼ਰਮਾ ਸੂਬਾ ਪ੍ਰਧਾਨ ਅਤੇ ਬਲਬੀਰ ਲੌਂਗੋਵਾਲ ਸੂਬਾ ਜਨਰਲ ਸਕੱਤਰ ਚੁਣੇ ਗਏ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਪ੍ਰਤੀਨਿਧ ਅਧਿਆਪਕ ਜੱਥੇਬੰਦੀ ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਦਾ ਸੂਬਾ ਪ੍ਰਤੀਨਿਧ ਕੌਂਸਲ ਦਾ ਸੂਬਾਈ ਇਜਲਾਸ ਸੂਬਾ ਕੌਂਸਲ ਮੈਂਬਰਾਂ ਦੀ ਭਰਵੀਂ ਹਾਜ਼ਰੀ ਵਿੱਚ ਕਰਨੈਲ ਸਿੰਘ ਚਿੱਟੀ ਸੂਬਾ ਮੀਤ ਪ੍ਰਧਾਨ ਦੀ ਪ੍ਰਧਾਨਗੀ ਹੇਠ ਅਤੇ ਰਿਟਰਨਿੰਗ ਅਫਸਰ ਸੁਖਵਿੰਦਰ ਸਿੰਘ ਸੁੱਖੀ ਦੀ ਦੇਖ ਰੇਖ ਹੇਠ ਸਥਾਨਕ ਭੁਪਿੰਦਰਾ ਖਾਲਸਾ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਵਿਖੇ ਹੋਇਆ। ਇਜਲਾਸ ਦੇ ਸ਼ੁਰੂਆਤੀ ਦੌਰ ਵਿੱਚ ਜੱਥੇਬੰਦੀ ਦੇ ਕਾਫ਼ਲੇ ਵਿਚੋਂ ਵਿੱਛੜੇ ਸਾਥੀਆਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਹਾਜ਼ਰ ਕੌਂਸਲ ਮੈਂਬਰਾਂ ਅਤੇ ਅਧਿਆਪਕਾਂ ਨੂੰ ਜੀ ਆਇਆਂ ਆਖਦਿਆਂ ਸੀਨੀਅਰ ਮੀਤ ਪ੍ਰਧਾਨ ਕਰਨੈਲ ਸਿੰਘ ਚਿੱਟੀ ਨੇ 'ਇੱਕ ਕਿੱਤਾ-ਇੱਕ ਜੱਥੇਬੰਦੀ' ਦੀ ਲੋੜ ਨੂੰ ਉਭਾਰਿਆ। ਕਾਰਗੁਜ਼ਾਰੀ ਰਿਪੋਰਟ ਪੇਸ਼ ਕਰਦਿਆਂ ਸੂਬਾ ਸਕੱਤਰ ਸਰਵਣ ਸਿੰਘ ਔਜਲਾ ਨੇ ਦੱਸਿਆ ਕਿ ਵਿਸ਼ੇਸ਼ ਹਾਲਤਾਂ ਵਿੱਚ 2019 ਦੇ ਵਿੱਚ ਨਵੀਂ ਜੱਥੇਬੰਦੀ ਦੇ ਗਠਨ ਤੋਂ ਬਾਅਦ ਜੱਥੇਬੰਦੀ ਵੱਲੋਂ ਅਧਿਆਪਕ ਹਿੱਤਾਂ ਵਾਸਤੇ ਬੱਝਵੀਂ ਲੜਾਈ ਦਿੱਤੀ ਗਈ। ਸੂਬਾ ਪ੍ਰਧਾਨ ਦਿਗਵਿਜੇਪਾਲ ਸ਼ਰਮਾ ਨੇ ਸਮੁੱਚੀ ਕਾਰਗੁਜ਼ਾਰੀ ਰਿਪੋਰਟ 'ਤੇ ਵਿਸ਼ੇਸ਼ ਟਿੱਪਣੀ ਕਰਦਿਆਂ ਕਿਹਾ ਕਿ ਡੈਮੋਕ੍ਰੈਟਿਕ ਟੀਚਰਜ਼ ਫ਼ਰੰਟ ਪੰਜਾਬ ਵੱਲੋਂ ਨਾ ਸਿਰਫ਼ ਅਧਿਆਪਕ ਮੰਗਾਂ-ਮਸਲਿਆਂ 'ਤੇ ਹੀ ਭਰਵੀਂ ਲੜਾਈ ਦਿੱਤੀ ਗਈ ਸਗੋਂ ਸਰਵ-ਪ੍ਰਵਾਨਿਤ ਸਿਧਾਂਤ 'ਲੋਕ ਮੁਲਜ਼ਮ ਮਜ਼ਦੂਰ ਏਕਤਾ' ਦੀ ਸਮਝ 'ਤੇ ਪਹਿਰੇਦਾਰੀ ਕਰਦਿਆਂ ਕਿਸਾਨਾਂ, ਮਜ਼ਦੂਰਾਂ, ਠੇਕਾ ਮੁਲਾਜ਼ਮਾਂ ਦੇ ਹੱਕੀ ਘੋ਼ਲਾਂ ਵਿੱਚ ਭਰਵੀਂ ਸ਼ਮੂਲੀਅਤ ਕੀਤੀ। ਉਨ੍ਹਾਂ ਕਿਹਾ ਕਿ ਵਾਤਾਵਰਨ ਪ੍ਰਦੂਸ਼ਿਤ ਕਰਨ ਵਾਲੀਆਂ ਸਨਅਤੀ ਇਕਾਈਆਂ ਖਿਲਾਫ਼ ਲੜੇ ਗਏ ਮਾਲਬਰੋਜ ਸ਼ਰਾਬ ਫੈਕਟਰੀ ਦੇ ਘੋ਼ਲ ਵਿੱਚ ਅਧਿਆਪਕ ਆਗੂਆਂ ਵੱਲੋਂ ਬਣਦਾ ਯੋਗਦਾਨ ਪਾਇਆ ਗਿਆ। ਸੂਬਾ ਵਿੱਤ ਸਕੱਤਰ ਜਸਵਿੰਦਰ ਸਿੰਘ ਬਠਿੰਡਾ ਨੇ ਵਿੱਤੀ ਰਿਪੋਰਟ ਪੇਸ਼ ਕਰਦਿਆਂ ਬਲਾਕਾਂ ਅਤੇ ਜ਼ਿਲਿਆਂ ਵਿੱਚ ਵਿੱਤੀ ਲੈਖਾ-ਜੋਖਾ ਛਾਪ ਕੇ ਅਧਿਆਪਕ ਵਰਗ ਤੱਕ ਪੁੱਜਦਾ ਕਰਨ ਦੀ ਲੋੜ 'ਤੇ ਜੋਰ ਦਿੱਤਾ। ਕਾਰਗੁਜ਼ਾਰੀ ਰਿਪੋਰਟ ਦੀ ਵਿਚਾਰ ਚਰਚਾ ਦੌਰਾਨ ਸੂਬਾਈ ਆਗੂਆਂ ਰੇਸ਼ਮ ਸਿੰਘ ਖੇਮੂਆਣਾ, ਲਖਵੀਰ ਸਿੰਘ ਹਰੀਕੇ, ਬਲਬੀਰ ਲੌਂਗੋਵਾਲ,



ਦਲਜੀਤ ਸਮਰਾਲਾ, ਦਾਤਾ ਸਿੰਘ ਨਮੋਲ, ਨਵਚਰਨਪ੍ਰੀਤ ਕੌਰ, ਪਰਵਿੰਦਰ ਉਭਾਵਾਲ, ਹਰਪ੍ਰੀਤ ਪਾਲ ਸਿੰਘ, ਸੁਖਜਿੰਦਰ ਸਿੰਘ, ਹਰਜੀਤ ਸੁਧਾਰ ਨੇ ਸੰਬੋਧਨ ਕੀਤਾ।

ਇਜਲਾਸ ਦੇ ਦੂਜੇ ਸੈਸ਼ਨ ਦੌਰਾਨ ਪੁਰਾਣੀ ਸੂਬਾ ਕਮੇਟੀ ਭੰਗ ਕੀਤੀ ਗਈ। ਨਵੀਂ ਸੂਬਾ ਕਮੇਟੀ ਦੀ ਚੋਣ ਕਰਦਿਆਂ ਸੂਬਾ ਆਗੂ ਦਾਤਾ ਸਿੰਘ ਨਮੋਲ ਨੇ ਸੂਬਾ ਪ੍ਰਧਾਨ ਵਜੋਂ ਦਿਗਵਿਜੇਪਾਲ ਸ਼ਰਮਾ ਦਾ ਨਾਂਅ ਪੇਸ਼ ਕੀਤਾ ਤੇ ਦਲਜੀਤ ਸਿੰਘ ਸਮਰਾਲਾ ਤੇ ਗਗਨਦੀਪ ਪਾਹਵਾ ਨੇ ਤਾਈਦ ਕੀਤੀ। ਰੇਸ਼ਮ ਸਿੰਘ ਖੇਮੂਆਣਾ ਨੇ ਸੂਬਾ ਜਨਰਲ ਸਕੱਤਰ ਦੇ ਅਹੁੱਦੇ ਲਈ ਬਲਬੀਰ ਲੌਂਗੋਵਾਲ ਦਾ ਨਾਂਅ ਪੇਸ਼ ਕੀਤਾ ਤੇ ਲਖਵੀਰ ਹਰੀਕੇ ਤੇ ਚਰਨਜੀਤ ਸਿੰਘ ਕਪੂਰਥਲਾ ਵੱਲੋਂ ਤਾਈਦ ਕੀਤੀ ਗਈ। ਹਾਜ਼ਰ ਪ੍ਰਤੀਨਿਧ ਕੌਂਸਲ ਦੇ ਮੈਂਬਰਾਂ ਵੱਲੋਂ ਦਿੱਗਵਿਜੇਪਾਲ ਸ਼ਰਮਾ ਨੂੰ ਦੁਬਾਰਾ ਸੂਬਾ ਪ੍ਰਧਾਨ ਅਤੇ ਬਲਬੀਰ ਲੌਂਗੋਵਾਲ ਨੂੰ ਸੂਬਾ ਜਨਰਲ ਸਕੱਤਰ ਚੁਣਿਆ। ਬਾਕੀ ਅਹੁਦੇਦਾਰਾਂ ਦੀ ਚੋਣ ਸੂਬਾ ਕਮੇਟੀ ਮੈਂਬਰਾਂ ਵੱਲੋਂ ਕੀਤੀ ਗਈ। ਚੋਣ ਅਨੁਸਾਰ ਸਰਵਣ ਸਿੰਘ ਔਜਲਾ ਸੀਨੀਅਰ ਮੀਤ ਪ੍ਰਧਾਨ, ਸੁਖਵਿੰਦਰ ਸਿੰਘ ਸੁੱਖੀ ਮੀਤ ਪ੍ਰਧਾਨ, ਜਸਵਿੰਦਰ ਸਿੰਘ ਬਠਿੰਡਾ ਵਿੱਤ ਸਕੱਤਰ, ਕਰਨੈਲ ਸਿੰਘ ਚਿੱਟੀ ਜੱਥੇਬੰਦਕ ਸਕੱਤਰ ਅਤੇ ਗੁਰਮੀਤ ਕੋਟਲੀ ਪ੍ਰੈੱਸ ਸਕੱਤਰ ਚੁਣੇ ਗਏ। ।ਇਸ ਸਮੇਂ ਸੂਬਾ ਕਮੇਟੀ ਮੈਂਬਰ ਲਖਵੀਰ



ਸਿੰਘ ਹਰੀਕੇ, ਰੇਸ਼ਮ ਸਿੰਘ ਖੇਮੂਆਣਾ, ਰਾਜਦੀਪ ਸੰਧੂ, ਬਲਰਾਮ ਸ਼ਰਮਾ, ਸੁਖਪਾਲਜੀਤ ਮੋਗਾ, ਜਗਵੀਰਨ ਕੌਰ, ਗਗਨ ਪਾਹਵਾ, ਦਲਜੀਤ ਸਿੰਘ ਸਮਰਾਲਾ, ਹਰਜੀਤ ਸੁਧਾਰ, ਅਵਤਾਰ ਲਾਲ, ਸੁਖਵਿੰਦਰ ਸਿੰਘ, ਚਰਨਜੀਤ ਸਿੰਘ, , ਹਰਭਗਵਾਨ ਗੁਰਨੇ, ਕਰਮਜੀਤ ਤਾਮਕੋਟ, ਜੀਵਨ ਸਿੰਘ ਬਧਾਈ, ਹਰਜਿੰਦਰ ਸਿੰਘ ਅਨੂਪਗੜ੍ਹ ਸੂਬਾ ਕਮੇਟੀ ਮੈਂਬਰਾਂ ਤੋਂ ਇਲਾਵਾ ਸ਼ਬੀਰ ਖਾਨ, ਤਲਵਿੰਦਰ ਖਰੌੜ, ਜਗਵਿੰਦਰ ਸਿੰਘ ਕਨਵੀਨਰ ਚੁਣੇ ਗਏ। ਆਪਣੇ ਪ੍ਰਧਾਨਗੀ ਭਾਸ਼ਣ ਦੌਰਾਨ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਨੇ ਨਵੀਂ ਸਿੱਖਿਆ ਨੀਤੀ 2020, ਕੇਂਦਰ ਸਰਕਾਰ ਵੱਲੋਂ 'ਪੀਐਮ ਸ਼੍ਰੀ ਯੋਜਨਾ' ਤਹਿਤ ਪੰਜਾਬ ਵਿਚ ਸ਼ੁਰੂ ਕੀਤੇ ਜਾ ਰਹੇ 117 ਸਕੂਲਾਂ ਵਿਚ ਭਵਿੱਖ ਵਿੱਚ ਸਿੱਖਿਆ ਢਾਂਚੇ ਦੇ ਕੀਤੇ ਜਾ ਰਹੇ ਭਗਵੇਂਕਰਨ ਅਤੇ ਸਿੱਖਿਆ ਵਿਭਾਗ ਨੂੰ, ਕਾਰਪੋਰੇਟ ਘਰਾਣਿਆਂ ਦੇ ਰਹਿਮੋ-ਕਰਮ 'ਤੇ, ਉਨ੍ਹਾਂ ਹੱਥੀਂ ਦੇਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਇਸ ਹਮਲੇ ਖਿਲਾਫ਼ ਡਟਵੀਂ ਲੜਾਈ ਲੜਨ 'ਤੇ ਜੋਰ ਦਿੱਤਾ।

ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ ਨੇ ਪੰਜਾਬ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਬਹਾਲੀ ਨੂੰ ਲਟਕਾਉਣ, ਵਲੰਟੀਅਰ ਕੈਟਾਗਰੀ ਅਤੇ ਕੰਪਿਊਟਰ ਅਧਿਆਪਕਾਂ ਦੀ ਸਿੱਖਿਆ ਵਿਭਾਗ ਵਿੱਚ ਪੂਰੀ ਤਨਖਾਹ ਅਤੇ ਭੱਤਿਆਂ ਸਮੇਤ ਰੈਗੂਲਰ ਨਿਯੁਕਤੀ ਨਾ ਕਰਕੇ ਡੰਗ ਟਪਾਊ ਨੀਤੀ ਦੀ ਨਿਖੇਧੀ ਕਰਦਿਆਂ ਪ੍ਰਇਮਰੀ ਮਿੱਡਲ ਹਾਈ ਅਤੇ ਸੈਕੰਡਰੀ ਪੱਧਰ ਤੇ ਦਰਜਾ ਚਾਰ ਅਤੇ ਅਧਿਆਪਕਾਂ ਦੀਆਂ ਅਸਾਮੀਆਂ ਨੇਮ ਅਨੁਸਾਰ ਭਰਨ ਦੀ ਮੰਗ ਕੀਤੀ। ਪੇਸ਼ ਕੀਤੇ ਗਏ ਮਤਿਆਂ ਅਨੁਸਾਰ ਸਮੁੱਚੀ ਜਨਤਕ ਸਿੱਖਿਆ ਦੇ ਨਿੱਜੀਕਰਨ, ਵਪਾਰੀਕਰਨ, ਕਾਰਪੋਰੇਟੀਕਰਨ, ਅਤੇ ਭਗਵੇਂਕਰਨ ਵਾਲੀ ਸਿੱਖਿਆ ਨੀਤੀ ਰੱਦ ਕਰਨ, ਸਿੱਖਿਆ ਵਿਭਾਗ ਸਮੇਤ ਬਾਕੀ ਵਿਭਾਗਾਂ ਵਿੱਚ ਆਊਟ-ਸੋਰਸਿੰਗ ਅਤੇ ਠੇਕਾ ਭਰਤੀ ਬੰਦ ਕਰਕੇ ਰੈਗੂਲਰ ਭਰਤੀ ਚਾਲੂ ਕਰਨ, ਪੁਰਾਣੀ ਪੈਨਸ਼ਨ ਬਹਾਲੀ ਸਕੀਮ ਤੁਰੰਤ ਲਾਗੂ ਕਰਨ, ਕਾਰਪੋਰੇਟ ਪੱਖੀ ਲੇਬਰ ਕੋਡ ਅਤੇ ਬਿਜਲੀ ਸੋਧ ਐਕਟ ਐਕਟ 2020-22 ਰੱਦ ਕਰਨ, ਸਾਰੀਆਂ ਖੇਤੀ ਉਪਜਾਂ ਤੇ ਐਨ ,ਐਸ, ਪੀ ਲਾਗੂ ਕਰਨ, ਸਭਨਾਂ ਵਰਗਾਂ ਲਈ ਰੁਜ਼ਗਾਰ ਦਾ ਪ੍ਰਬੰਧ ਕਰਨ, ਜਮੂਹਰੀ ਹੱਕਾਂ ਦਾ ਘਾਣ ਕਰਨ ਵਾਲੇ ਕਾਲੇ ਕਨੂੰਨ ਰੱਦ ਕਰਨ, ਅਤੇ ਦੇਸ਼ ਧ੍ਰੋਹ ਅਤੇ ਹੋਰ ਝੂਠੇ ਕੇਸਾਂ ਵਿੱਚ ਗ੍ਰਿਫਤਾਰ ਕੀਤੇ ਬੁੱਧੀਜੀਵੀਆਂ ਨੂੰ ਰਿਹਾ ਕਰਨ ਦੀ ਮੰਗ ਕੀਤੀ। ਆਪਣੀ ਜੱਥੇਬੰਦਕ ਤਾਕਤ ਨੂੰ ਵਧਾਉਣ ਅਤੇ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਮੋੜਾ ਦੇਣ ਦੀ ਲੋੜ ਨੂੰ ਉਭਾਰਿਆ ਗਿਆ।

ਅਖੀਰ ਵਿੱਚ ਸੂਬਾ ਪ੍ਰਧਾਨ ਦਿਗਵਿਜੇਪਾਲ ਸ਼ਰਮਾ ਦੀ ਅਗਵਾਈ ਵਿੱਚ ਸੂਬਾ ਪ੍ਰਤੀਨਿਧ ਕੌਂਸਲ ਵੱਲੋਂ ਇਜਲਾਸ ਵਿੱਚ ਪੇਸ਼ ਕੀਤੇ ਮਤਿਆਂ ਤੇ ਅਧਿਆਪਕ ਮੰਗਾਂ ਮਸਲਿਆਂ ਨੂੰ ਮੁਖ਼ਾਤਿਬ ਹੁੰਦਿਆਂ ਸੰਘਰਸ਼ ਜਾਰੀ ਰੱਖਣ ਦਾ ਅਹਿਦ ਲਿਆ।

# ਕੌਂਸਲ ਦੀ ਮੀਟਿੰਗ ਦੌਰਾਨ ਸ੍ਰੀਮਤੀ ਭਾਰਤੀ ਕੌਂਸਲਰ ਵਲੋਂ ਪੇਸ਼ ਕੀਤੇ 3 ਮਤੇ ਸਰਵ ਸੰਮਤੀ ਨਾਲ ਪ੍ਰਵਾਨ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਰਾਹੋਂ ਦੇ ਇਤਿਹਾਸਕ ਦਿੱਲੀ ਗੇਟ ਦੀ ਰੈਨੋਵੇਸ਼ਨ, ਲਟਕੇ ਹੋਏ ਸੀਵਰੇਜ ਪ੍ਰਾਜੈਕਟ ਨੂੰ ਮੁਕੰਮਲ ਕੀਤੇ ਜਾਣ ਅਤੇ ਕਰੈਚ ਸੈਂਟਰਾਂ ਨੂੰ ਆਂਗਣਵਾੜੀ ਸੈਂਟਰਾਂ ਵਿੱਚ ਤਬਦੀਲ ਕੀਤੇ ਸਬੰਧੀ ਮਤਿਆਂ ਨੂੰ ਪ੍ਰਵਾਨਗੀ। ਨਗਰ ਕੌਂਸਲ ਰਾਹੋਂ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਮਿਤੀ 17/02/2023 ਨੂੰ ਹੋਈ ਜਨਰਲ ਮੀਟਿੰਗ ਦੌਰਾਨ ਸ੍ਰੀ ਮਤੀ ਨਵਜੋਤ ਕੌਰ ਭਾਰਤੀ ਮਿਊਸੀਪਲ ਕੌਂਸਲਰ ਵਲੋਂ ਏਜੰਡੇ ਵਿੱਚ ਪੇਸ਼ ਕੀਤੀਆਂ ਗਈਆਂ ਤਜਵੀਜ਼ਾਂ ਸਬੰਧੀ ਮਤਿਆਂ ਨੂੰ ਹਾਊਸ ਵਲੋਂ ਸਰਵ-ਸੰਮਤੀ ਨਾਲ ਪ੍ਰਵਾਨ ਕੀਤਾ ਗਿਆ।

ਸ੍ਰੀਮਤੀ ਭਾਰਤੀ ਦੀ ਪਹਿਲੀ ਤਜਵੀਜ਼ ਅਨੁਸਾਰ ਕੌਂਸਲ ਦੀ ਮਿਤੀ 05/07/2021 ਨੂੰ ਹੋਈ ਮੀਟਿੰਗ ਦੌਰਾਨ ਏਜੰਡੇ ਦੀ ਪ੍ਰਪੋਜ਼ਲ ਨੰ। 24 ਦੇ ਲੜੀ ਨੰ। 6 (ਬ) ਵਿੱਚ ਇਤਿਹਾਸਿਕ ਦਿੱਲੀ ਗੇਟ ਦੀ ਰੈਨੋਵੇਸ਼ਨ ਲਈ 3,00,000/- ਰੁ: ਦੀ ਰਾਸ਼ੀ ਪ੍ਰਵਾਨ ਕੀਤੀ ਗਈ ਸੀ। ਪਰ 18 ਮਹੀਨੇ ਬੀਤ ਜਾਣ ਦੇ ਬਾਵਜੂਦ ਵੀ ਇਹ ਕਾਰਜ ਸ਼ੁਰੂ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਇਤਿਹਾਸਕ ਦਿੱਲੀ ਗੇਟ ਦੀ ਸੁੰਦਰਤਾ, ਸਾਂਭ ਸੰਭਾਲ, ਸਫਾਈ, ਰਾਤ ਸਮੇਂ ਰੋਸ਼ਨੀ ਅਤੇ ਇਸ ਨੂੰ ਆਧੁਨਿਕ ਰੂਪ ਦੇਣ ਲਈ ਜਲਦੀ ਤੋਂ ਜਲਦੀ ਉਪਰਾਲਾ ਕੀਤਾ ਜਾਵੇ।

ਸ੍ਰੀ ਮਤੀ ਭਾਰਤੀ ਵਲੋਂ ਪੇਸ਼ ਕੀਤੀ ਗਈ ਦੂਸਰੀ ਤਜਵੀਜ਼ ਅਨੁਸਾਰ ਸਾਲ 2016 ਵਿੱਚ ਸ੍ਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਸਮੇਂ ਰਾਹੋਂ ਸ਼ਹਿਰ ਵਿੱਚ ਸੀਵਰੇਜ ਟ੍ਰੀਟਮੈਂਟ ਪਲਾਂਟ ਅਤੇ ਸੀਵਰ ਪ੍ਰੋਜੈਕਟ ਲਈ 12 ਕਰੋੜ ਰੁਪਏ ਦੀ ਰਾਸ਼ੀ ਪਾਸ ਕੀਤੀ ਗਈ ਸੀ। ਇਹ ਪ੍ਰੋਜੈਕਟ ਇੱਕ ਸਾਲ ਵਿੱਚ ਮੁਕੰਮਲ ਹੋਣਾ ਸੀ। ਪਰ ਕਈ ਕਾਰਨਾਂ ਕਰਕੇ ਇਸ ਦੀ ਸ਼ੁਰੂਆਤ ਜੂਨ 2020 ਵਿੱਚ ਕਾਂਗਰਸ ਦੀ ਸਰਕਾਰ ਸਮੇਂ ਕੀਤੀ ਗਈ। ਵਾਟਰ



ਸਪਲਾਈ ਅਤੇ ਸੀਵਰੇਜ ਬੋਰਡ ਦਾ ਦਾਅਵਾ ਹੈ ਕਿ ਇਸ ਪ੍ਰੋਜੈਕਟ ਦਾ ਕੰਮ 95% ਮੁਕੰਮਲ ਹੋ ਚੁੱਕਾ ਹੈ। ਜਦ ਕਿ ਇਸਦਾ 50% ਕੰਮ ਬਕਾਇਆ ਅਤੇ ਬੰਦ ਪਿਆ ਹੈ। ਜਿਸ ਕਾਰਨ ਵਿਕਾਸ ਅਤੇ ਪਾਣੀ ਦੇ ਨਿਕਾਸ ਸਬੰਧੀ ਅਨੇਕਾਂ ਸਮੱਸਿਆਵਾਂ ਦਰਪੇਸ਼ ਹਨ। ਲੋਕ ਹਨੇਰੇ ਵਿੱਚ ਹਨ ਕਿ 6 ਸਾਲਾਂ ਦੌਰਾਨ ਕਰੋੜਾਂ ਰੁਪਏ ਖਰਚ ਕੇ ਸ਼ਹਿਰ ਦੀ ਕੀਤੀ ਗਈ ਪੁੱਟ ਪੁਟਾਈ ਤੋਂ ਬਾਅਦ ਵੀ ਇਸ ਪ੍ਰੋਜੈਕਟ ਦੀ ਸੁੱਖ ਸਹੂਲਤ ਕਦੋਂ ਮਿਲੇਗੀ ? ਵਰਨਣਯੋਗ ਹੈ ਕਿ ਕਈ ਦਹਾਕੇ ਪਹਿਲਾਂ ਵੀ ਰਾਹੋਂ ਸ਼ਹਿਰ ਦੇ ਕੁਝ ਹਿੱਸਿਆਂ ਵਿੱਚ ਸੀਵਰੇਜ ਪਾਇਆ ਗਿਆ ਸੀ।ਪਰ ਉਸਨੂੰ ਚਾਲੂ ਨਹੀਂ ਕੀਤਾ ਗਿਆ ਅਤੇ ਲੱਖਾਂ ਰੁਪਏ ਦੀ ਬਰਬਾਦੀ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਨੂੰ ਬਿਨਾਂ ਕੋਈ ਦੇਰੀ ਕੀਤਿਆਂ ਤੁਰੰਤ ਪੂਰਾ ਕਰਨ ਅਤੇ ਇਸ ਸਬੰਧੀ ਸਹੀ ਜਾਣਕਾਰੀ ਆਮ ਲੋਕਾਂ ਨੂੰ ਦੇਣ ਲਈ ਪੰਜਾਬ ਵਾਟਰ ਸਪਲਾਈ ਐਂਡ ਸੀਵਰੇਜ਼ ਬੋਰਡ ਨੂੰ ਲਿਖਿਆ ਜਾਵੇ।

ਸ਼੍ਰੀਮਤੀ ਭਾਰਤੀ ਦੀ ਤੀਸਰੀ ਤਜਵੀਜ਼ ਵਿੱਚ ਦੱਸਿਆ ਕਿ ਕੇਂਦਰ ਸਰਕਾਰ ਦੀ ਰਾਸ਼ਟਰੀ ਕਰੈਚ ਸਕੀਮ ਅਧੀਨ ਲੋੜਵੰਦ, ਗਰੀਬ ਅਤੇ ਸਲੱਮ ਏਰੀਏ ਦੇ ਬੱਚਿਆਂ ਦੀ ਭਲਾਈ ਅਤੇ ਉਹਨਾਂ ਨੂੰ ਸਿੱਖਿਆ ਨਾਲ ਜੋੜਨ ਦੇ ਉਪਰਾਲੇ ਵਜੋਂ ਖੋਲੇ ਗਏ ਪੰਜਾਬ ਕਰੈਚ ਸੈਂਟਰ 01 ਜਨਵਰੀ 2017 ਤੋਂ ਪੰਜਾਬ ਸਰਕਾਰ ਦੇ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੇ ਅਧੀਨ ਕਰ ਦਿੱਤੇ ਗਏ ਸਨ। ਇਹਨਾਂ ਕਰੈਚ ਸੈਂਟਰਾਂ ਵਿੱਚ ਕੰੰਮ ਕਰ ਰਹੀਆਂ ਵਰਕਰਾਂ ਲਈ 3000/-ਰੁ: ਅਤੇ ਹੈਲਪਰਾਂ ਲਈ 1500/-ਰੁ: ਮਾਸਿਕ ਮਾਣ ਭੱਤਾ ਤੈਅ ਕੀਤਾ ਗਿਆ ਹੈ ਜਦਕਿ ਡਿਊਟੀ ਦਾ ਸਮਾਂ ਰੋਜ਼ਾਨਾ 8 ਘੰਟੇ ਹੈ।ਨਿੱਜੀ ਸਾਧਨਾਂ ਅਤੇ ਐਨ।ਜੀ।ਓਜ਼। ਦੀ ਸਹਾਇਤਾ ਨਾਲ ਕਰੈਚ ਸੈਂਟਰ ਚਲਾ ਰਹੀਆਂ ਵਰਕਰਾਂ ਅਤੇ ਹੈਲਪਰਾਂ ਨੂੰ ਪਿਛਲੇ 6 ਸਾਲਾਂ ਦੇ 72 ਮਹੀਨਿਆਂ ਦੌਰਾਨ ਸਿਰਫ 28 ਮਹੀਨੇ ਦਾ ਮਾਣ ਭੱਤਾ ਹੀ ਮਿਲਿਆ ਹੈ। ਇਹਨਾਂ ਕਰੈਚ ਸੈਂਟਰਾਂ ਵਿੱਚ ਆ ਰਹੇ ਬੱਚਿਆਂ ਦੇ ਲਈ ਖੁਰਾਕ ਲਈ 12/-ਰੁ: ਰੋਜ਼ਾਨਾ ਪ੍ਰਤੀ ਬੱਚਾ ਮਿਲਣ ਵਾਲੀ ਰਾਸ਼ੀ ਵੀ ਪਿਛਲੇ 6 ਸਾਲਾਂ ਤੋਂ ਨਹੀਂ ਮਿਲ ਰਹੀ।ਪੰਜਾਬ ਭਰ ਵਿੱਚ 206 ਕਰੈਚ ਸੈਂਟਰ ਚੱਲਦੇ ਸਨ ਜਦਕਿ ਹੁਣ ਇਹਨਾਂ ਦੀ ਗਿਣਤੀ ਘਟ ਕੇ 158 ਰਹਿ ਗਈ ਹੈ। ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਕੁੱਲ 22 ਕਰੈਚ ਸੈਂਟਰਾਂ ਵਿੱਚੋਂ ਰਾਹੋਂ ਅਤੇ ਨਵਾਂਸ਼ਹਿਰ ਵਿਖੇ 2-2, ਬਲਾਚੌਰ, ਰੈਲ ਮਾਜਰਾ ਅਤੇ ਔਸਰੋਂ ਵਿਖੇ 3-3, ਕੌਲਗੜ੍ਹ, ਲੰਗੜੋਆ, ਮੇਹਲੀ ਅਤੇ ਚੱਕਗੁਰੂ ਵਿਖੇ 1-1 ਕੁੱਲ 17 ਕਰੈਚ ਸੈਂਟਰ ਚੱਲ ਰਹੇ ਹਨ ਜਦਕਿ 5 ਸੈਂਟਰ ਬੰਦ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਬੱਚਿਆਂ ਦੇ ਭਵਿੱਖ, ਵਰਕਰਾਂ ਅਤੇ ਹੈਲਪਰਾਂ ਦੇ ਰੋਜ਼ਗਾਰ ਨਾਲ ਖਿਲਵਾੜ ਹੋਣ ਤੋਂ ਬਚਾਉਣ ਲਈ ਕਰੈਚ ਵਰਕਰਾਂ ਅਤੇ ਹੈਲ-ਪਰਾਂ ਦੇ ਮਾਣਭੱਤੇ ਵਿੱਚ ਲੋੜੀਂਦਾ ਵਾਧਾ ਕਰਦਿਆਂ ਇਸ ਦੀ ਬਣਦੇ ਬਕਾਏ ਸਮੇਤ ਲਗਾਤਾਰ ਅਦਾਇਗੀ ਕਰਨ, ਬੱਚਿਆਂ ਲਈ ਖੁਰਾਕ ਦੀ ਰਾਸ਼ੀ ਵਿੱਚ ਲੋੜੀਂਦਾ ਵਾਧਾ ਅਤੇ ਇਹ ਰਾਸ਼ੀ ਤੁਰੰਤ ਜਾਰੀ ਕਰਨ, ਸੈਂਟਰਾਂ ਲਈ ਮੈਡੀਕਲ, ਸਟੇਸ਼ਨਰੀ ਕਿੱਟਾਂ, ਦਰੀਆਂ, ਫਰਨੀਚਰ, ਕੰਟੇਨਰ, ਗੈਸ ਸਿਲੰਡਰ, ਸਾਫ ਸਫਾਈ, ਰੱਖ ਰਖਾਵ ਅਤੇ ਹੋਰ ਸਹੂਲਤਾਂ ਨੂੰ ਲਗਾਤਾਰ ਯਕੀਨੀ ਬਣਾਉਣ, ਬੰਦ ਹੋ ਚੁੱਕੇ ਸੈਂਟਰਾਂ ਨੂੰ ਦੁਬਾਰਾ ਸ਼ੁਰੂ ਕਰਨ, ਜੇਕਰ ਸਰਕਾਰ ਕਰੈਚ ਸੈਂਟਰ ਬੰਦ ਕਰਨਾ ਚਾਹੁੰਦੀ ਹੈ ਤਾਂ ਇਹਨਾਂ ਸੈਂਟਰਾਂ ਨੂੰ ਆਂਗਨਵਾੜੀ ਸੈਂਟਰਾਂ ਵਿੱਚ ਤਬਦੀਲ ਕਰਨ ਲਈ ਮਾਣਯੋਗ ਮੁੱਖ ਮੰਤਰੀ ਪੰਜਾਬ ਸਰਕਾਰ ਚੰਡੀਗੜ੍ਹ ਨੂੰ ਬੇਨਤੀ ਕੀਤੀ ਜਾਵੇ।


"ਦੇਸ਼ ਦੁਆਬਾ"

ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com

(ਸੰਪਰਕ) 1-916-947-8920, (ਫੈਕਸ) 1-916-238-1393

www.deshdoaba.com www.ambedkartimes.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ


'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com, www.ambedkartimes.com

# ਮਜ਼ਦੂਰ ਆਗੂ ਘੁਗਸ਼ੋਰ ਨੂੰ ਜਲੰਧਰ ਪੁਲਿਸ ਵੱਲੋਂ ਗ੍ਰਿਫ਼ਤਾਰ ਕਰਨ ਤੇ ਪੰਜਾਬ ਸਰਕਾਰ ਦੀ ਅਰਥੀ ਫੂਕੀ ਗਈ

**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)** ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਤਹਿਸੀਲ ਪ੍ਰਧਾਨ ਸ਼੍ਰੀ ਅਸ਼ੋਕ ਕੁਲਾਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਲਤੀਫਪੁਰਾ ਦੇ 80 ਘਰਾਂ ਦਾ ਪੰਜਾਬ ਸਰਕਾਰ ਨੇ ਉਜਾੜਾ ਕਰ ਦਿੱਤਾ ਸੀ। ਜਿਸ ਵਿੱਚ ਪੇਂਡੂ ਮਜ਼ਦੂਰ ਯੂਨੀਅਨ ਸਮੇਤ ਹੋਰ ਸਮਾਜ ਸੇਵੀ ਜਥੇਬੰਦੀਆਂ ਵੱਲੋਂ ਲੋਕਾਂ ਨੂੰ ਮੁੜ ਬਸੇਬੇ ਦੀ ਮੰਗ ਨੂੰ ਲੈ ਕੇ ਪੱਕਾ ਮੋਰਚਾ ਲਾਇਆ ਹੋਇਆ ਹੈ। ਜਿਸ ਵਿੱਚ ਪੇਂਡੂ ਮਜ਼ਦੂਰ ਯੂਨੀਅਨ ਦੇ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਜੀ ਅਹਿਮ ਭੂਮਿਕਾ ਨਿਭਾ ਰਹੇ ਹਨ। ਲਤੀਫ਼ਪੁਰਾ ਮੋਰਚਾ ਪੰਜਾਬ ਸਰਕਾਰ ਦੇ ਗਲੇ ਦੀ ਹੱਡੀ ਬਣਿਆ ਹੋਇਆ ਹੈ। ਇਸ ਲਈ ਪੰਜਾਬ ਸਰਕਾਰ ਨੇ ਸਾਥੀ ਕਸ਼ਮੀਰ ਘੁੱਗਸ਼ੋਰ ਨੂੰ ਗ੍ਰਿਫਤਾਰ ਕਰਵਾ ਕੇ ਮੋਰਚੇ ਨੂੰ ਸੱਟ ਮਾਰੀ ਹੈ। ਮੋਰਚੇ ਨੂੰ ਆਗੂ ਰਹਿਤ ਬਣਾਉਣ ਲਈ ਹੋਛੇ ਹੱਥ ਕੰਡੇ ਅਪਣਾਏ ਹਨ ਜੋ ਕਦੇ ਵੀ ਸਫ਼ਲ ਨਹੀਂ ਹੋਣਗੇ। ਪਹਿਲਾਂ ਤਾਂ ਭਗਵੰਤ ਮਾਨ ਦੀ ਸਰਕਾਰ ਨੇ ਲਤੀਫ਼ਪੁਰ ਦੇ ਲੋਕਾਂ ਦੇ ਘਰ ਤੋੜ ਕੇ ਲੋਕਾਂ ਨੂੰ ਬੇਘਰ ਕਰ ਦਿੱਤਾ ਅਤੇ ਹੁਣ ਲੋਕਾਂ



ਦੇ ਮੁੜ ਵਸੇਬੇ ਦੀ ਮੰਗ ਨੂੰ ਲੈ ਕੇ ਜੱਥੇਬੰਦੀਆਂ ਵਲੋਂ ਪੱਕਾ ਮੋਰਚਾ ਲਾਇਆ ਹੋਇਆ ਹੈ ਉਸ ਨੂੰ ਪੰਜਾਬ ਸਰਕਾਰ ਵੱਲੋਂ ਖਤਮ ਕਰਨ ਦੀਆਂ ਕੋਝੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਉਹਨਾਂ ਅੱਗੇ ਕਿਹਾ ਕਿ ਸਾਥੀ ਕਸ਼ਮੀਰ ਸਿੰਘ ਘੁੱਗਸ਼ੋਰ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਸਿਰਕੱਢ ਆਗੂ ਹਨ। ਸਾਂਝਾ ਮੋਰਚਾ ਆਉਣ ਵਾਲੇ ਦਿਨਾਂ ਵਿਚ ਪੰਜਾਬ ਸਰਕਾਰ ਵਿਰੁੱਧ ਤਿੱਖਾ ਸੰਘਰਸ਼ ਕਰਨ ਦਾ ਐਲਾਨ ਕਰ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਮਜ਼ਦੂਰ ਮੋਰਚੇ ਦੀ ਸਾਂਝੀ ਮੀਟਿੰਗ ਚੋਂ ਵਾਪਸ ਆਉਂਦਿਆਂ ਆਗੂ ਕਸ਼ਮੀਰ ਸਿੰਘ ਘੁੱਗਸ਼ੋਰ ਨੂੰ ਜਲੰਧਰ ਪੁਲਿਸ ਵੱਲੋਂ 15 ਫ਼ਰਵਰੀ ਨੂੰ ਗ੍ਰਿਫਤਾਰ ਕਰ ਲਿਆ ਹੈ, ਕਿਉਂਕਿ ਮਜਦੂਰਾਂ ਦੇ ਆਗੂ ਆਮ ਆਦਮੀ ਪਾਰਟੀ ਦੀਆਂ ਅੱਖਾਂ ਵਿਚ ਰੜਕ ਰਹੇ ਹਨ। ਉਹਨਾਂ ਮਜਦੂਰ ਆਗੂ ਕਸ਼ਮੀਰ ਸਿੰਘ ਘੁੱਗਸ਼ੋਰ ਨੂੰ ਬਿਨ੍ਹਾਂ ਸ਼ਰਤ ਰਿਹਾ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਲਤੀਫਪੂਰਾ ਦੇ ਲੋਕਾਂ ਨੂੰ ਮੁੜ ਉਸੇ ਥਾਂ ਤੇ ਰਿਹਾਇਸ਼ੀ ਮਕਾਨ ਬਣਾ ਕੇ ਦੇਵੇ। ਉਨ੍ਹਾਂ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ ਮਜ਼ਦੂਰਾਂ ਨਾਲ ਵਾਅਦਿਆਂ ਦੇ ਰੂਪ ਵਿੱਚ ਕੀਤੀਆਂ ਹੋਈਆਂ ਗਰੰਟੀਆਂ ਨੂੰ ਪੂਰੀਆਂ ਕਰੋ। ਮਜ਼ਦੂਰ ਆਗੂਆਂ ਦੀਆਂ ਗ੍ਰਿਫਤਾਰੀਆਂ ਕਰਨੀਆ ਬੰਦ ਕਰੇ ਨਹੀਂ ਤਾਂ ਆਉਣ ਵਾਲੇ ਸਮੇਂ ਵਿਚ ਸੰਘਰਸ਼ ਹੋਰ ਵੀ ਤਿੱਖਾ ਕੀਤਾ ਜਾਵੇਗਾ। ਇਸ ਮੌਕੇ ਚਮਨ ਲਾਲ ਸੋਮਨਾਥ ਅਮਰਜੀਤ ਸਿੰਘ ਧਰਮਬੀਰ ਕੁਮਾਰ ਮੱਖਣ ਜੱਸੀ ਕਸ਼ਮੀਰੋਂ ਜਸਵੀਰ ਕੌਰ ਨਰੇਸ਼ ਕੁਮਾਰੀ ਬਲਜੀਤ ਕੌਰ ਕਮਲਜੀਤ ਕੌਰ ਨਿੱਕੀ ਬਿੰਦਰ ਕੌਰ ਕਮਲੇਸ਼ ਕੌਰ ਆਦਿ ਹਾਜ਼ਰ ਸਨ।

# ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵੱਲੋਂ ਐੱਸ ਡੀ ਐੱਮ ਬਲਾਚੌਰ ਰਾਹੀਂ ਪੰਜਾਬ ਸਰਕਾਰ ਨੂੰ ਮੰਗ ਪੱਤਰ ਭੇਜਿਆ

**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)** ਅੱਜ ਪੇਂਡੂ ਮਜ਼ਦੂਰ ਯੂਨੀਅਨ ਤਹਿਸੀਲ ਬਲਾਚੌਰ ਵਲੋਂ ਐਸ ਡੀ ਐਮ ਬਲਾਚੌਰ ਸ਼੍ਰੀ ਬਿਕਰਮ ਜੀਤ ਸਿੰਘ ਪਾਂਥੇ ਨੂੰ ਮੰਗ ਪੱਤਰ ਦੇਣ ਸਮੇਂ ਪੇਂਡੂ ਮਜ਼ਦੂਰ ਪੰਜਾਬ ਦੇ ਤਹਿਸੀਲ ਪ੍ਰਧਾਨ ਅਸ਼ੋਕ ਕੁਲਾਰ ਤੇ ਸਕੱਤਰ ਬਗੀਚਾ ਸਿੰਘ ਸਹੂੰਗੜਾ ਨੇ ਮੰਗ ਕਰਦਿਆਂ ਕਿਹਾ ਕਿ ਜ਼ਮੀਨ ਹੱਦਬੰਦੀ ਕਾਨੂੰਨ ਤੋਂ ਵਾਧੂ ਜ਼ਮੀਨਾਂ ਬੇਜਮੀਨੇ ਦਲਿਤ ਮਜ਼ਦੂਰ ਕਿਸਾਨਾਂ ਵਿੱਚ ਵੰਡੀਆਂ ਜਾਣ। ਸਾਰੇ ਪੰਜਾਬ ਦੀਆਂ ਪੰਚਾਇਤੀ ਜ਼ਮੀਨਾਂ ਚੋਂ ਤੀਜਾ ਹਿੱਸਾ ਦਲਿਤਾਂ ਨੂੰ ਪੱਕੇ ਤੌਰ ਤੇ ਦਿੱਤਾ ਜਾਵੇ। ਪਿਛਲੇ ਦਿਨੀਂ ਲਤੀਫਪੁਰਾ ਜਲੰਧਰ ਮੋਰਚੇ ਦੇ ਮੁੱਖੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਅਤੇ ਮਹਿੰਦਰ ਸਿੰਘ ਬਾਜਵਾ ਨੂੰ ਜਲੰਧਰ ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ ਹੈ। ਮਜਦੂਰ ਵਰਗ ਲਈ ਹਰ ਮੋਰਚੇ 'ਚ ਹਿੱਕ ਡਾਹ ਕੇ ਸੰਘਰਸ਼ ਲੜਨ ਵਾਲੇ ਯੋਧਿਆਂ ਦੁ ਰਿਹਾਈ ਦੀ ਮੰਗ ਕਰਦੇ ਹਾਂ ਕਿ ਦੋਨਾਂ ਆਗੂਆਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ। ਨਜੂਲ ਜਮੀਨ ਨਾਮ ਦਾ ਮਾਲਕੀ ਹੱਕ ਦਿੱਤਾ ਜਾਵੇ ਆਬਾਦਕਾਰਾਂ ਨੂੰ ਜ਼ਮੀਨ ਦੇ ਮਾਲਕੀ ਹੱਕ ਦੇਣ। ਮਜ਼-ਦੂਰਾਂ ਸਿਰ ਚੜ੍ਹੇ ਕਰਜ਼ੇ ਮੁਆਫ਼ ਕੀਤੇ ਜਾਣ, ਅਤੇ ਬਿਨ੍ਹਾਂ



ਸ਼ਰਤ ਵਿਆਜ਼ ਰਹਿਤ ਕਰਜ਼ੇ ਦੇਣ ਦਾ ਪ੍ਰਬੰਧ ਕੀਤਾ ਜਾਵੇ। ਮਨਰੇਗਾ ਸਮੇਤ ਪੇਂਡੂ ਤੇ ਖੇਤ ਮਜ਼ਦੂਰਾਂ ਦੀ ਦਿਹਾੜੀ ਵਿੱਚ ਵਾਧਾ ਕਰਕੇ ਸੱਤ ਸੌ ਰੁਪਏ ਕੀਤੀ ਜਾਵੇ, ਤੇ ਸਾਰਾ ਸਾਲ ਕੰਮ ਦਿੱਤਾ ਜਾਵੇ। ਮਨਰੇਗਾ ਸਕੀਮ ਦੇ ਕੰਮਾਂ ਵਿੱਚ ਕੀਤੀ ਜਾਂਦੀ ਸਿਆਸੀ ਦਖਲ ਅੰਦਾਜ਼ੀ ਬੰਦ ਕੀਤੀ ਜਾਵੇ। ਛੋਟੇ ਛੋਟੇ ਘਰਾਂ ਵਿਚ ਜਾ ਕਿਰਾਏ ਤੇ ਰਹਿਣ ਵਾਲੇ ਗਰੀਬ ਲੋਕਾਂ ਨੂੰ 10-10 ਮਰਲੇ ਦੇ ਪਲਾਟ ਅਲਾਟ ਕੀਤੇ ਜਾਣ। ਪਲਾਟ ਤੇ ਉਸਾਰੀ ਕਰਨ ਲਈ 5 ਲੱਖ ਰੁਪਏ ਦੀ ਸਰਕਾਰੀ ਗ੍ਰਾਂਟ ਦਿੱਤੀ ਜਾਵੇ। ਜਿਨ੍ਹਾਂ ਪਿੰਡਾਂ ਦੀਆਂ ਪੰਚਾਇਤਾਂ ਨੇ ਪਲਾਟ ਦੇਣ ਲਈ ਮਤੇ ਪਾਸ ਕੀਤੇ ਹੋਏ ਹਨ, ਉਨ੍ਹਾਂ ਤੇ ਫੌਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਲਾਲ ਲਕੀਰ ਅੰਦਰ ਘੱਟੋ-ਘੱਟ ਮਕਾਨਾਂ ਦੀ ਮਾਲਕੀ ਹੱਕ ਦਿੱਤੇ ਜਾਣ। ਪਿੰਡ ਚੜਿੱਕ ਜ਼ਿਲ੍ਹਾ ਮੋਗਾ ਪੱਤੀ ਸਰਕਾਰ ਦੇ ਸਰਪੰਚ ਅਤੇ ਬੀ ਡੀ ਪੀ ਓ ਉਪਰ ਮਜ਼ਦੂਰਾਂ ਦੇ ਘਰ ਤੋੜਨ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ ।

ਜਾਤੀਵਾਦ ਸਮਾਜਿਕ ਜ਼ਬਰ ਤੁਰੰਤ ਬੰਦ ਕੀਤਾ ਜਾਵੇ। ਖੇਤੀ ਮੋਟਰਾਂ ਦੀ ਤਰ੍ਹਾਂ ਮਜਦੂਰਾਂ ਦੇ ਘਰੇਲੂ ਬਿਜਲੀ ਬਿੱਲ ਮੁਆਫ਼ ਕੀਤੇ ਜਾਣ ਅਤੇ ਹੋਰ ਗਰੀਬ ਲੋਕਾਂ ਦੇ ਜੋ ਬਿਜਲੀ ਵਿਭਾਗ ਵਲੋਂ ਬਿਜਲੀ ਦੇ ਮੀਟਰ ਪੁੱਟੇ ਹਨ, ਉਹ ਤਰੰਤ ਲਾਏ ਜਾਣ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਬੂਟਾ ਬਲਾਚੌਰ, ਮੋਹਣ ਲਾਲ , ਭਜਨ ਸਹੂੰਗੜਾ, ਨਰਿੰਦਰ ਰੱਤੇਵਾਲ, ਸਰਬਜੀਤ ਸਿੰਘ ਸਹੂੰਗੜਾ, ਰਾਜ ਕੁਮਾਰ ਸੀਹਮਾਰ, ਰਾਮ ਕਿਸ਼ਨ, ਸੋਨੂੰ ਬਲਾਚੌਰ, ਆਦਿ ਹਾਜ਼ਰ ਸਨ।

# ਸ਼੍ਰੀ ਖੁਰਾਲਗੜ੍ਹ ਸਾਹਿਬ ਤੋਂ ਮੱਥਾ ਟੇਕ ਕੇ ਵਾਪਸ ਆ ਰਹੀ ਸੰਗਤ ਦੀ ਬੱਸ ਪਲਟੀ-26 ਜਖਮੀ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਸਾਹਿਬ-ਏ-ਕਮਾਲ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪਵਿੱਤਰ ਤੱਪ ਅਸਥਾਨ ਸ਼੍ਰੀ ਖੁਰਾਲਗੜ੍ਹ ਸਾਹਿਬ ਤੋਂ ਪਿੰਡ ਕੁਰਾੜੀ ਜਿਲ੍ਹਾ ਜਲੰਧਰ ਦੀ ਸੰਗਤ ਨਤਮਸਤਕ ਹੋ ਕੇ ਵਾਪਸ ਘਰਾਂ ਨੂੰ ਜਾ ਰਹੀ ਸੀ ਤਾਂ ਅਚਾਨਕ ਪਿੰਡ ਟੋਰੋਵਾਲ ਦੇ ਨਜਦੀਕ ਦਰਦਨਾਕ ਹਾਦਸਾ ਵਾਪਰ ਗਿਆ। ਇਸ ਹਾਦਸੇ ਬਾਬਤ ਜਾਣਕਾਰੀ ਦਿੰਦਿਆਂ ਤੱਪ ਅਸਥਾਨ ਸ਼੍ਰੀ ਖੁਰਾਲਗੜ੍ਹ ਸਾਹਿਬ ਦੇ ਪ੍ਰਧਾਨ ਡਾਕਟਰ ਕੇਵਲ ਸਿੰਘ ਜੀ ਨੇ ਦੱਸਿਆ ਕਿ ਹਾਦਸੇ ਦੀ ਜਾਣਕਾਰੀ ਮਿਲਣ ਤੇ ਅਸੀਂ





ਤੁਰੰਤ ਮੌਕੇ ਤੇ ਪਹੁੰਚ ਗਏ। ਮੌਕੇ ਤੇ ਹਾਦਸਾਗ੍ਰਸਤ ਹੋਈ ਮਿੰਨੀ ਬੱਸ ਦੇ ਡਰਾਈਵਰ ਪਰਮਜੀਤ ਸਿੰਘ ਪਿੰਡ ਡੋਲੀਕੇ (ਆਦਮਪੁਰ) ਅਨੁਸਾਰ ਫਭ-08-ਛਭ-8952 ਸੜਕ ਵਿਚਕਾਰ ਪਲਟੀ ਹੋਈ ਸੀ। ਸ਼ਾਮ ਨੂੰ ਮੱਥਾ ਟੇਕਣ ਉਪਰੰਤ ਘਰ ਵਾਪਸੀ ਸਮੇਂ ਘਾਟੇ ਤੇ ਆ ਕੇ ਬੱਸ ਬੇਕਾਬੂ ਹੋ ਗਈ ਤੇ ਇਹ ਹਾਦਸਾ ਵਾਪਰ ਗਿਆ। ਪਲਟੀ ਹੋਈ ਬੱਸ ਨੂੰ ਜੇ ਸੀ ਬੀ ਦੀ ਮੱਦਦ ਨਾਲ ਸਿੱਧੀ ਕਰਵਾਇਆ ਤੇ ਟ੍ਰੈਫਿਕ ਚਾਲੂ ਕਰਵਾਇਆ ਗਿਆ। ਪ੍ਰਧਾਨ ਜੀ ਨੇ ਅੱਗੇ ਦੱਸਿਆ ਕਿ ਸਾਡੇ ਆਉਣ ਤੋਂ ਪਹਿਲਾਂ ਨਜਦੀਕ ਡੇਰੇ ਵਾਲੇ ਬਾਬਾ ਜੀ ਤੇ ਉਹਨਾਂ ਦੇ ਸੇਵਕਾਂ ਵਲੋਂ ਜਖਮੀਆਂ ਦੀ ਦੇਖਭਾਲ ਸ਼ੁਰੂ ਕੀਤੀ ਹੋਈ ਸੀ। ਬੱਸ ਵਿੱਚ ਸਵਾਰ ਸੰਗਤ ਵਿੱਚ 45 ਸਵਾਰੀਆਂ ਸਨ, ਜਿਨ੍ਹਾਂ ਵਿੱਚੋਂ 20-22 ਦੇ ਕਰੀਬ ਬੱਸ ਦੇ ਪਲਟਣ ਨਾਲ ਬਿਖਰੀ ਹੋਈ ਹਾਲਤ ਵਿੱਚ ਹਾਏ ਤੌਬਾ ਕਰ ਰਹੇ ਸਨ। ਜਿਨ੍ਹਾਂ ਦੀ ਦਰਦਨਾਕ ਸਥਿਤੀ ਵੇਖ ਕੇ ਤੁਰੰਤ 108 ਐਂਬੂਲੈਂਸ ਨੂੰ ਫੋਨ ਕਰਕੇ ਮੌਕੇ ਤੋਂ ਹਸਪਤਾਲ ਵਿਚ ਭੇਜਿਆ ਗਿਆ। ਇਸ ਮੌਕੇ ਜਖਮੀ ਜਿਆਦਾ ਤੇ ਐਂਬੂਲੈਂਸ ਇੱਕ ਹੋਣ ਕਰਕੇ ਡੇਰੇ ਤੇ ਇਲਾਕੇ ਲੋਕ ਆਪਣੇ ਨਿੱਜੀ ਵਾਹਨਾਂ ਤੇ ਵੀ ਜਖਮੀਆਂ ਨੂੰ ਹਸਪਤਾਲ ਭੇਜਣ ਵਿੱਚ ਮੱਦਦ ਕਰਦੇ ਰਹੇ। ਇਸ ਹਾਦਸੇ ਦੌਰਾਨ ਦੋ ਸ਼ਰਧਾਲੂਆਂ ਰੀਤੂ ਕੁਮਾਰੀ (ਉਮਰ 7 ਸਾਲ) ਅਤੇ ਮਾਤਾ ਗੁਰਮੇਜ ਕੌਰ (ਉਮਰ 64-65 ਸਾਲ) ਜਿਆਦਾ ਸੱਟਾਂ ਲੱਗਣ ਕਾਰਨ ਮੁੱਢਲੀ ਸਹਾਇਤਾ ਦੇ ਕੇ ਵੱਡੇ ਹਸਪਤਾਲ ਲਈ ਭੇਜ ਦਿੱਤਾ ਗਿਆ। ਦੋ ਬੱਚਿਆਂ ਦੀਆਂ ਲੱਤ ਤੇ ਬਾਂਹ ਟੁੱਟਣ ਦੀ ਖਬਰ ਵੀ ਮੌਕੇ ਤੋਂ ਪ੍ਰਾਪਤ ਹੋਈ ਹੈ। ਪੁਲਿਸ ਥਾਣਾ ਪੋਜੇਵਾਲ ਦੇ ਇੰਚਾਰਜ ਐੱਸ ਐਚ ਓ ਸੁਰਿੰਦਰ ਸਿੰਘ ਵਲੋਂ ਵੀ ਮੌਕੇ ਤੇ ਪਹੁੰਚ ਕੇ ਜਖਮੀਆਂ ਦੀ ਦੇਖਭਾਲ ਤੇ ਹਸਪਤਾਲ ਪਹੁੰਚਾਉਣ ਵਿੱਚ ਮੱਦਦ ਕੀਤੀ।

# ਕਿਰਤੀਆਂ ਲਈ ਤਿੱਖੇ ਸੰਘਰਸ਼ਾਂ ਦੇ ਅਹਿਦ ਨਾਲ ਇਫਟੂ ਦਾ ਜਿਲਾ ਡੈਲੀਗੇਟ ਇਜਲਾਸ ਸੰਪਨ

**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)** ਅੱਜ ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ (ਇਫਟੂ) ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦਾ ਡੈਲੀਗੇਟ ਇਜਲਾਸ ਸ਼ਹੀਦ ਮਲਕੀਤ ਸਿੰਘ ਮੇਹਲੀ




ਭਵਨ,ਬੰਗਾ ਰੋਡ ਨਵਾਂਸ਼ਹਿਰ ਵਿਖੇ ਹੋਇਆ। ਜਥੇਬੰਦੀ ਦਾ ਝੰਡਾ ਲਹਿਰਾਉਣ ਦੀ ਰਸਮ ਇਫਟੂ ਪੰਜਾਬ ਦੇ ਸੂਬਾਈ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ ਨੇ ਅਦਾ ਕੀਤੀ । ਇਸ ਮੌਕੇ ਸੰਬੋਧਨ ਕਰਦਿਆਂ ਉਹਨਾਂ ਕਿਹਾ ਕਿ ਮਜਦੂਰ ਜਮਾਤ ਦਾ ਇਤਿਹਾਸ ਬਹੁਤ ਸ਼ਾਨਾਮੱਤਾ ਅਤੇ ਕੁਰਬਾਨੀਆਂ ਭਰਿਆ ਹੈ । ਇਫਟੂ ਨੇ ਮਜਦੂਰ ਜਮਾਤ ਦੇ ਹਿੱਤਾਂ ਲਈ ਤਿੱਖੇ ਤੇ ਅਹਿਮ ਘੋਲ ਲੜੇ ਹਨ। ਮੌਜੂਦਾ ਸਮਾਂ ਮਜਦੂਰ ਵਰਗ ਲਈ ਬਹੁਤ ਹੀ ਚਣੌਤੀਆਂ ਭਰਿਆ ਹੈ। ਕੇਂਦਰ ਦੀ ਮੋਦੀ ਸਰਕਾਰ ਕਿਰਤੀਆਂ ਦੇ ਹਿੱਤਾਂ ਉੱਤੇ ਚੌਤਰਫਾ ਹਮਲੇ ਕਰ ਰਹੀ ਹੈ। ਕਾਰਪੋਰੇਟ ਪੱਖੀ ਕਾਨੂੰਨਾਂ ਨੂੰ ਲਿਆਕੇ ਕਿਰਤੀਆਂ ਵੱਲੋਂ ਦਹਾਕਿਆਂ ਵੱਧੀ ਸੰਘਰਸ਼ ਕਰਕੇ ਪ੍ਰਾਪਤ ਕੀਤੇ ਕਾਨੂੰਨੀ ਹੱਕ ਖੋਹੇ ਜਾ ਰਹੇ ਹਨ। ਉਹਨਾਂ ਨੇ ਮਜਦੂਰ ਜਮਾਤ ਨੂੰ ਆਪਣੇ ਹੱਕਾਂ ਦੀ ਰੱਖਿਆ ਲਈ ਲਾਮਬੰਦ ਹੋਕੇ ਤਿੱਖੇ ਸੰਘਰਸ਼ ਵਿੱਢਣ ਦਾ ਸੱਦਾ ਦਿੱਤਾ। ਭਰਾਤਰੀ ਜਥੇਬੰਦੀਆਂ ਵੱਲੋਂ ਪੇਂਡੂ ਮਜਦੂਰ ਯੂਨੀਅਨ ਦੇ ਆਗੂ ਕਮਲਜੀਤ ਸਨਾਵਾ, ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂ ਰਾਜੂ ਬਰਨਾਲਾ ,ਪਰਵਾਸੀ ਭਾਰਤੀ ਲਾਲ ਸਿੰਘ ਬੈਂਸ ਅਤੇ ਭਜਨ ਸਿੰਘ ਅਟਾਲ ਮਜਾਰਾ ਨੇ ਵਿਚਾਰ ਰੱਖੇ।

ਬੀਤੇ ਦੀ ਰੀਵਿਊ ਰਿਪੋਰਟ ਪੇਸ਼ ਕਰਦਿਆਂ ਅਵਤਾਰ ਸਿੰਘ ਤਾਰੀ ਨੇ ਕਿਹਾ ਕਿ 2020 ਤੋਂ ਲੈਕੇ ਇਫਟੂ ਨੇ ਇਸ ਜਿਲੇ ਵਿੱਚ ਅਨੇਕਾਂ ਘੋਲ ਲੜੇ ਹਨ। ਜਿਨ੍ਹਾਂ ਵਿੱਚ ਕਰੋਨਾ ਦੀਆਂ ਬੇਲੋੜੀਆਂ ਪਾਬੰਦੀਆਂ ਵਿਰੁੱਧ ਘੋਲ, ਪੁਲਸ ਜਬਰ ਵਿਰੁੱਧ ਘੋਲ, ਆਰਥਿਕ ਘੋਲ, ਨਿੱਜੀਕਰਨ-ਉਦਾਰੀਕਰਨ-ਸੰਸਾਰੀਕਰਨ ਵਿਰੁੱਧ ਘੋਲ, ਗੁੰਡਾਗਰਦੀ ਵਿਰੁੱਧ ਘੋਲ ,ਮਹਿੰਗਾਈ ਵਿਰੁੱਧ ਘੋਲ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਭਰਾਤਰੀ ਜਥੇਬੰਦੀਆਂ ਵੱਲੋਂ ਲੜੇ ਗਏ ਘੋਲਾਂ ਵਿੱਚ ਵੀ ਭਰਪੂਰ ਯੋਗਦਾਨ ਪਾਇਆ ਹੈ। ਜਿਨ੍ਹਾਂ ਵਿੱਚੋਂ ਕੇਂਦਰ ਦੀ ਮੋਦੀ ਸਰਕਾਰ ਵਲੋਂ ਲਿਆਂਦੇ ਕਿਸਾਨ ਮਾਰੂ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਲੜੇ ਗਏ ਸੰਘਰਸ਼ ਵਿੱਚ ਪਾਇਆ ਯੋਗਦਾਨ ਅਹਿਮ ਹੈ। ਦੂਸਰੀਆਂ ਕੇਂਦਰੀ ਟਰੇਡ ਯੂਨੀ-ਅਨਾਂ ਅਤੇ ਇਫਟੂ ਦੇ ਕੌਮੀ ਪੱਧਰੀ ਦਿੱਤੇ ਗਏ ਸੱਦਿਆਂ ਨੂੰ ਜਿਲੇ ਵਿੱਚ ਲਾਗੂ ਕੀਤਾ ਹੈ। ਕਰੋਨਾ ਕਾਲ ਵਿੱਚ ਇਫਟੂ ਅਤੇ ਦੂਸਰੀਆਂ ਜਥੇਬੰਦੀਆਂ ਦੇ ਆਗੂਆਂ ਉੱਤੇ ਦਰਜ ਪੁਲਸ ਕੇਸ ਰੱਦ ਕਰਾਉਣ ਲਈ ਵੀ ਸੰਘਰਸ਼ ਲੜੇ। ਦੂਸਰੀਆਂ ਜਥੇਬੰਦੀਆਂ ਦੇ ਨਾਲ ਮਿਲ ਕੇ ਲੜੇ ਗਏ ਸਾਂਝੇ ਸੰ-ਘਰਸ਼ਾਂ ਵਿੱਚ ਇਫਟੂ ਦੀ ਅਹਿਮ ਸ਼ਮੂਲੀਅਤ ਰਹੀ। ਉਨ੍ਹਾਂ ਨੇ ਜਥੇਬੰਦੀ ਦੀਆਂ ਘਾਟਾਂ ਵੱਲ ਵੀ ਧਿਆਨ ਦਿਵਾਇਆ। ਡੈਲੀਗੇਟਾਂ ਵੱਲੋਂ ਇਸ ਰਿਪੋਰਟ ਉੱਤੇ ਭਰਵੀਂ ਚਰਚਾ ਕੀਤੀ ਗਈ।

ਹਰਦੀਪ ਪਨੇਸਰ, ਹਰੀ ਲਾਲ, ਤਰਨਜੀਤ , ਭਜਨ ਸਿੰਘ ਬੀਸਲਾ ਦੀ ਪ੍ਰਧਾਨਗੀ ਹੇਠ ਹੋਏ ਇਸ ਇਜਲਾਸ ਵਿੱਚ ਨਵੀਂ ਜਿਲ੍ਹਾ ਕਮੇਟੀ ਵਿੱਚ ਗੁਰਦਿਆਲ ਰੱਕੜ ਨੂੰ ਇਫਟੂ ਦੇ ਜਿਲਾ ਪ੍ਰਧਾਨ, ਨਿਰਮਲ ਸਿੰਘ ਜੰਡੀ ਨੂੰ ਮੀਤ ਪ੍ਰਧਾਨ, ਪਰਵੀਨ ਕੁਮਾਰ ਨਿਰਾਲਾ ਨੂੰ ਸਕੱਤਰ, ਹਰੇ ਰਾਮ ਸਿੰਘ ਨੂੰ ਵਿੱਤ ਸਕੱਤਰ , ਜਸਬੀਰ ਦੀਪ ਨੂੰ ਪ੍ਰੈਸ ਸਕੱਤਰ ਅਤੇ ਰਾਮ ਪਰਵੇਸ਼ ਭਗਤ(ਕਿਸ਼ੋਰ), ਜਗੀਰਾ ਬੈਂਸ, ਪੁਨੀਤ ਕਲੇਰ, ਸ਼ਿਵ ਨੰਦਨ ਕੁਮਾਰ, ਬੱਬਲੂ ਸਲੋਹ, ਭਰਤ ਕੁਮਾਰ, ਤਰਨਜੀਤ, ਅਵਤਾਰ ਸਿੰਘ ਤਾਰੀ ਨੂੰ ਜਿਲ੍ਹਾ ਕਮੇਟੀ ਮੈਂਬਰ ਚੁਣਿਆ ਗਿਆ।

ਇਜਲਾਸ ਵਿੱਚ ਚਾਰ ਕਿਰਤ ਕੋਡ ਰੱਦ ਕਰਨ, ਜਨਤਕ ਅਦਾਰਿਆਂ ਦਾ ਨਿੱਜੀਕਰਨ ਬੰਦ ਕਰਨ, ਵੱਧ ਰਹੀ ਮਹਿੰਗਾਈ ਨੂੰ ਨੱਥ ਪਾਉਣ, ਭੱਠਾ ਮਜਦੂਰਾਂ ਲਈ ਘੱਟੋ ਘੱਟ ਉਜਰਤ ਵਿੱਚ ਵਾਧਾ ਕਰਨ, ਨਵੀਂ ਸਿੱਖਿਆ ਨੀਤੀ ਰੱਦ ਕਰਨ, ਸਜਾ ਪੂਰੀ ਕਰ ਚੁੱਕੇ ਸਾਰੇ ਕੈਦੀ ਅਤੇ ਸਾਰੇ ਸਿਆਸੀ ਕੈਦੀ ਰਿਹਾ ਕਰਨ, ਜਲੰਧਰ ਪੁਲਸ ਵਲੋਂ ਗ੍ਰਿਫਤਾਰ ਕੀਤੇ ਮਜਦੂਰ ਆਗੂ ਕਸ਼ਮੀਰ ਘੁੱਗਸ਼ੋਰ ਦੀ ਰਿਹਾਈ ਦੀ ਮੰਗ ਕਰਦਿਆਂ ਹਰਿਆਣਾ ਪੁਲਿਸ ਵੱਲੋਂ ਮਲਾਜਮਾਂ ਉੱਤੇ ਕੀਤੇ ਗਏ ਲਾਠੀਚਾਰਜ ਦੀ ਨਿੰਦਾ ਦੇ ਮਤੇ ਪਾਸ ਕੀਤੇ ਗਏ।

# ਦੇਸ਼ ਭਗਤਾਂ ਦੀ ਯਾਦ ਵਿਚ ਸਮਾਗਮ 27 ਫਰਵਰੀ ਨੂੰ

**ਜਲੰਧਰ-** 27 ਫਰਵਰੀ ਨੂੰ 8 ਬੱਬਰਾਂ ਅਤੇ ਭਗਤ ਸਿੰਘ ਦੇ ਕ੍ਰਾਂਤੀਕਾਰੀ ਸਾਥੀ ਚੰਦਰ ਸ਼ੇਖਰ ਆਜ਼ਾਦ ਨੂੰ ਅੰਗਰੇਜ਼ਾਂ ਨੇ ਮੌਤ ਦੇ ਘਾਟ ਉਤਾਰਿਆ ਸੀ। ਇੰਨਾਂ ਦੇਸ਼ ਭਗਤਾਂ ਨੂੰ ਯਾਦ ਕਰਨ ਵਾਸਤੇ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਕੰਪਲੈਕਸ ਵਿੱਚ ਉਸਰੇ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਵਿੱਚ ਸਮਾਗਮ ਕੀਤਾ ਜਾ ਰਿਹਾ ਹੈ। ਇਸ ਸਮਾਗਮ ਦੇ ਮੁੱਖ ਵਕਤਾ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੀਤ ਸਕੱਤਰ ਤੇ ਖੋਜਕਾਰ ਚਾਰੰਜੀ ਲਾਲ ਕੰਗਣੀਵਾਲ ਹਨ। ਇਹ ਜਾਣਕਾਰੀ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਸਮਰਾ ਤੇ ਜਨਰਲ ਸਕੱਤਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਪ੍ਰੈਸ ਨੂੰ ਦਿੱਤੀ।

ਉਨ੍ਹਾਂ ਕਿਹਾ ਕਿ ਬੱਬਰ ਲਹਿਰ ਦੇ ਕਰਤਿਆਂ ਨੇ ਦੇਸ਼ ਦੀ ਆਜ਼ਾਦੀ ਵਾਸਤੇ ਬੇਮਿਸਾਲ ਕੁਰਬਾਨੀਆਂ ਦਿੱਤੀਆਂ ਤੇ ਫਿਰ ਦੇਸ਼ ਆਜ਼ਾਦ ਹੋਇਆ ਹੈ। ਪਰ ਬਦਕਿਸਮਤੀ ਹੈ ਕਿ ਆਜ਼ਾਦੀ ਤੋਂ ਬਣੀਆਂ ਹਕੂਮਤਾਂ ਨੇ ਗਦਰੀ ਬਾਬਿਆਂ, ਭਗਤ ਸਰਾਭਿਆਂ ਤੇ ਬੱਬਰਾਂ ਦੀ ਸੋਚ ਨੂੰ ਵਿਸਾਰ ਕੇ ਲੋਟੋ ਪ੍ਰਬੰਧ ਕਾਇਮ ਕਰ ਲਿਆ। ਜਿਸ ਭੁੱਖਨੰਗ, ਗਰੀਬੀ, ਅਨਪੜ੍ਹਤਾ ਤੇ ਬੇਰੁਜ਼ਗਾਰੀ ਦਾ ਪਸਾਰਾ ਹੋਇਆ ਹੈ। ਗਰੀਬ ਵਸੋਂ ਛੱਤ ਤੋਂ ਬਗੈਰ ਰਾਤ ਕੱਟਣ ਲਈ ਮਜਬੂਰ ਹੈ। ਸਾਡੇ ਦੇਸ਼ ਵਿੱਚ ਇਲਾਜ ਦੇ ਪ੍ਰਬੰਧ ਦੀ ਵੱਡੀ ਘਾਟ ਹੈ ਤੇ ਲੋਕ ਇਲਾਜ ਪੱਖੋਂ ਮੌਤ ਨੂੰ ਪਿਆਰੇ ਹੋ ਰਹੇ ਹਨ। ਇਹੋ ਜਿਹੀ ਪ੍ਰਸਥਿਤੀ ਵਿੱਚ ਬੱਬਰਾਂ ਦਾ ਸ਼ਹੀਦੀ ਦਿਵਸ ਮਨਾਇਆ ਜਾ ਰਿਹਾ ਹੈ।

**ਪਿਰਥੀਪਾਲ ਸਿੰਘ ਮਾੜੀਮੇਘਾ**
**ਫੋਨ-9876078731**

# ਸਵਰਗੀ ਸ੍ਰੀ ਸੁੱਖਰਾਜ ਸਿੰਘ ਚੋਪੜਾ ਦਾ ਅਕਾਲ ਚਲਾਣਾ

## ਭਾਰੀ ਗਿਣਤੀ ’ਚ ਭਾਈਚਾਰੇ ਨੇ ਵਿਛੜੀ ਰੂਹ ਦੇ ਦਰਸ਼ਨ ਕੀਤੇ, ਬਹੁਗਿਣਤੀ ਸ਼ਖਸੀਅਤਾਂ ਨੇ ਸ਼ਰਧਾਂਜਲੀ ਦਿੱਤੀ

ਬੀਤੇ ਮਹੀਨੇ ਭਾਰਤੀ-ਫਿਜ਼ੀ-ਅਮਰੀਕਨ ਭਾਈਚਾਰੇ ਦੀ ਨਾਮਵਰ ਸ਼ਖਸੀਅਤ ਸ੍ਰੀ ਸੁਖਰਾਜ ਸਿੰਘ ਚੋਪੜਾ ਜੀ ਦਾ ਅਚਾਨਕ ਸਦੀਵੀ ਵਿਛੋੜਾ ਸਮੂਹ ਚੋਪੜਾ ਪਰਿਵਾਰ ਅਤੇ ਸਮੂਹ ਭਾਈਚਾਰੇ ਲਈ ਬੜਾ ਦੁਖਦਾਈ ਸੀ। ਸਵਰਗੀ ਸ੍ਰੀ ਚੋਪੜਾ ਆਪਣੇ ਨੇਕ ਸੁਭਾਅ ਤੇ ਸਮਾਜਿਕ ਉਦਾਰਵਾਦੀ ਕੰਮਾਂ ਲਈ ਹਮੇਸ਼ਾ ਚਰਚਿਤ ਰਿਹਾ ਅਤੇ ਲੰਬੇ ਸਮੇਂ ਤੱਕ ਯਾਦ ਕੀਤਾ ਜਾਂਦਾ ਰਹੇਗਾ। ਖਾਸ ਕਰਕੇ ਸ੍ਰੀ ਗੁਰੂ ਰਵਿਦਾਸ ਗੁਰ ਘਰ ਨੂੰ ਕੀਤੀ ਦਾਨ ਰਾਸ਼ੀ ਲਈ ਉਹਨਾਂ ਦਾ ਨਾਂ ਹਮੇਸ਼ਾਂ ਅਭੁੱਲ ਅਤੇ ਇਤਿਹਾਸ ਦੇ ਪੰਨਿਆਂ ’ਤੇ ਰਹੇਗਾ।

ਸਵਰਗੀ ਸ੍ਰੀ ਸੁਖਰਾਜ ਸਿੰਘ ਚੋਪੜਾ ਸੁਭਾਅ ਦਾ ਬੜਾ ਨੇਕ ਤੇ ਮਨ ’ਚ ਆਈ ਗੱਲ ਮੂੰਹ ’ਤੇ ਕਹਿ ਦੇਣਾ ਵੀ ਇਕ ਵੱਖਰੀ ਪਹਿਚਾਣ ਸੀ। ਰਹੀ ਗੱਲ ਲੰਬੇ ਸਮੇਂ ਤੱਕ ਯਾਦ ਕੀਤੇ ਜਾਣ ਤੇ ਇਤਿਹਾਸ ਦੇ ਪੰਨਿਆਂ ਦੀ, ਸਵਰਗੀ ਸ੍ਰੀ ਚੋਪੜਾ ਸ੍ਰੀ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ’ਚ ਇਕੋ ਇਕ ਸ਼ਖਸੀਅਤ ਸੀ, ਜਿਸ ਨੂੰ ਕੈਲੇਫੋਰਨੀਆ ਦੇ ਛੇ ਗੁਰੂ ਘਰਾਂ ’ਚੋਂ ਪੰਜ ਗੁਰੂ ਘਰਾਂ ਦੇ ਉਦਘਾਟਨੀ ਰਿਬਨ ਕੱਟਣ ਦਾ ਮਾਣ ਹਾਸਲ ਸੀ, ਜਿਹਨਾਂ ਵਿਚ ਪਿਟਸਬਰਗ, ਸੈਕਰਾਮੈਂਟੋ, ਫਰਿਜ਼ਨੋ, ਯੂਬਾ ਸਿਟੀ ਅਤੇ ਛੇਵੇਂ ਗੁਰੂ ਘਰ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਨੀਅਨ ਸਿਟੀ (ਕੈਲੇਫੋਰਨੀਆ) ਦੀ ਉਸਾਰੀ ਜਾ ਰਹੀ ਬਿਲਡਿੰਗ ਦਾ ਨੀਂਹ ਪੱਥਰ ਰੱਖਣ ਦਾ ਮਾਣ ਹਾਸਲ ਰਿਹਾ। ਅਗਰ ਬਿਲਡਿੰਗ ਮੁਕੰਮਲ ਹੋਣ ਤੱਕ ਜਿਉਂਦੇ ਰਹਿੰਦੇ ਤਾਂ ਇੱਥੇ ਵੀ ਉਦਘਾਟਨੀ ਰਿਬਨ ਕੱਟਣ ਦਾ ਮਾਣ ਵੀ ਉਹਨਾਂ ਨੂੰ ਮਿਲਣਾ ਸੀ ਪਰ ਅਕਾਲ ਪੁਰਖ ਨੂੰ ਜੋ ਮਨਜ਼ੂਰ, ਉਹ ਇਸ ਫਾਨੀ ਸੰਸਾਰ ਨੂੰ 13 ਜਨਵਰੀ 2023 ਨੂੰ ਸਦਾ ਸਦਾ ਲਈ ਅਲਵਿਦਾ ਕਹਿ ਕੇ ਰੁਖਸਤ ਕਰ ਗਏ। ਸਵਰਗੀ ਸ੍ਰੀ ਸੁੱਖਰਾਜ ਸਿੰਘ ਚੋਪੜਾ ਜੀ 11 ਜੂਨ 1950 ਨੂੰ ਫਿਜ਼ੀ ’ਚ ਪੈਦਾ ਹੋਏ ਅਤੇ 13 ਜਨਵਰੀ 2023 ਨੂੰ ਕੈਲੇਫੋਰਨੀਆ ’ਚ ਆਪਣੀ ਜ਼ਿੰਦਗੀ ਦਾ ਅੰਤਿਮ ਸਫਰ ਪੂਰਾ ਕੀਤਾ ਅਤੇ ਉਹਨਾਂ ਦੀ ਮ੍ਰਿਤਕ ਦੇਹ ਦਾ 21 ਜਨਵਰੀ 2023 ਨੂੰ ਅੰਤਿਮ ਸਸਕਾਰ ਸਕਾਈ ਲਾਅਨ ਮੈਮੋਰੀਅਲ ਪਾਰਕ ਸਕਾਈ ਲਾਇਨ ਬੂਲੇਵਾਡ, ਹਾਫ ਮੂਨ ਬੇ (ਕੈਲੇਫੋਰਨੀਆ) ’ਚ ਕਰ ਦਿੱਤਾ ਗਿਆ। ਇਸ ਮੌਕੇ ਚੋਪੜਾ ਪਰਿਵਾਰ, ਸਕੇ ਸਬੰਧੀ ਤੇ ਭਾਈਚਾਰਾ ਵੱਡੀ ਗਿਣਤੀ ’ਚ ਵਿਛੜੀ ਰੂਹ ਦੇ ਅੰਤਿਮ ਦਰਸ਼ਨਾਂ ਅਤੇ ਸ਼ਰਧਾਂਜਲੀ ਦੇਣ ਲਈ ਪਹੁੰਚੇ।

ਇਸ ਮੌਕੇ ਜਿਹਨਾਂ ਨੇ ਸਵਰਗੀ ਚੋਪੜਾ ਜੀ ਨੂੰ ਸ਼ਰਧਾਂਜਲੀ ਦਿੱਤੀ, ਉਹਨਾਂ ਵਿਚ ਨਾਮਵਰ ਸ਼ਖਸੀਅਤਾਂ ਇਸ ਪ੍ਰਕਾਰ ਹਨ :- ਵਿਨੋਦ ਕੁਮਾਰ ਚੁੰਬਰ (ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ), ਡਾ. ਹਰਮੇਸ਼ ਕੁਮਾਰ, ਜਗਦੇਵ ਰਾਮ, ਅਜੈਪਾਲ ਰਾਮ, ਦਸ਼ਵਿੰਦਰ ਪਾਲ, ਅਮਰੀਕ ਚੰਦ ਲਾਖਾ, ਇੰਦਰ ਵਿਜੇ, ਕੇਵਲ ਬੋਲੀਨਾ, ਗੁਰਨਾਮ ਸਿੰਘ ਭੰਡਾਲ, ਮਲਕੀਤ ਸਿੰਘ ਬੰਗੜ, ਨਾਇਦਾਨੀ ਬੱਧਣ, ਪ੍ਰੇਮ ਕੁਮਾਰ ਚੁੰਬਰ, ਜਗਪਾਲ ਸਿੰਘ, ਸੁਰੈਨ ਸਿੰਘ, ਰਣਧੀਰ ਸੁੰਮਨ ਤੋਂ ਇਲਾਵਾ ਸਵਰਗੀ ਸੁੱਖਰਾਜ ਸਿੰਘ ਚੋਪੜਾ ਦਾ ਸਪੁੱਤਰ ਕਮਲ ਚੋਪੜਾ ਅਤੇ ਉਹਨਾਂ ਦਾ ਪੋਤਰਾ ਯਸ਼ ਚੋਪੜਾ ਨੇ ਆਪਣੇ ਵਿਚਾਰ ਰੱਖੇ ਅਤੇ ਸੁਖਰਾਜ ਸਿੰਘ ਚੋਪੜਾ ਦੇ ਜੀਵਨ ਅਤੇ ਸੰਘਰਸ਼ ਬਾਰੇ ਚਾਨਣਾ ਪਾਇਆ।

ਇਹਨਾਂ ਸਭਨਾਂ ਵਿਚ ਸਾਂਝੀ ਗੱਲ ਇਹੀ ਸੀ ਕਿ ਸਵਰਗੀ ਸ੍ਰੀ ਸੁਖਰਾਜ ਸਿੰਘ ਚੋਪੜਾ ਇਕ ਨੇਕਦਿਲ ਇਨਸਾਨ ਸਨ, ਦਿਲ ਦੀ ਗੱਲ ਮੂੰਹ ਤੇ ਕਹਿ ਦੇਣਾ, ਉਹਨਾਂ ਦੀ ਇਕ ਵੱਖਰੀ ਪਹਿਚਾਣ ਸੀ। ਗੁਰੂ ਘਰਾਂ ਚਾਹੇ ਉਹ ਸਿੱਖ ਟੈਂਪਲ ਜਾਂ ਹਿੰਦੂ ਟੈਂਪਲ ਹੀ ਕਿਉਂ ਨਾ ਹੋਣ, ਉਹ ਉਸੇ ਤਰ੍ਹਾਂ ਹੀ ਦਾਨ ਕਰਦੇ ਸਨ, ਜਿਵੇਂ ਸ੍ਰੀ ਗੁਰੂ ਰਵਿਦਾਸ ਗੁਰੂ ਘਰਾਂ ਨੂੰ ਕੀਤਾ ਪ੍ਰੰਤੂ ਸਵਰਗੀ ਸ੍ਰੀ ਚੋਪੜਾ ਤੇ ਗੁਰੂ ਰਵਿਦਾਸ ਮਹਾਰਾਜ ਜੀ ਦੀ ਇਕ ਵਿਸ਼ੇਸ਼ ਬਖਸ਼ਿਸ਼ ਸੀ ਕਿ ਉਹਨਾਂ ਨੂੰ ਇਹਨਾਂ ਗੁਰੂ ਘਰਾਂ ਦਾ ਉਦਘਾਟਨੀ ਰਿਬਨ ਕੱਟਣ ਦਾ ਮਾਣ ਹਾਸਲ ਮਿਲਿਆ, ਇਹ ਮਾਣ ਸ੍ਰੀ ਗੁਰੂ ਰਵਿਦਾਸ ਗੁਰੂ ਘਰਾਂ ਦੇ ਇਤਿਹਾਸ ਨਾਲ ਹਮੇਸ਼ਾ ਜੁੜਿਆ ਰਹੇਗਾ।

ਸਵਰਗੀ ਸ੍ਰੀ ਸੁਖਰਾਜ ਸਿੰਘ ਚੋਪੜਾ ਜੀ ਇਕੱਲੇ ਆਪ ਮਾਇਆ ਨਾਲ ਸੇਵਾ ਹੀ ਨਹੀਂ ਕਰਦੇ ਸੀ ਬਲਕਿ ਹੋਰਨਾਂ ਗੁਰੂ ਘਰਾਂ ਅਤੇ ਸੰਗਤਾਂ ਕੋਲ ਮਾਇਕ ਸਹਾਇਤਾ ਲਈ ਅਮਰੀਕਾ-ਕੈਨੇਡਾ ਦੀਆਂ ਸੰਗਤਾਂ ਕੋਲ ਪ੍ਰਬੰਧਕ ਕਮੇਟੀਆਂ ਨਾਲ ਜਾਂਦੇ ਸੀ। ਸ੍ਰੀ ਚੋਪੜਾ ਹਮੇਸ਼ਾ ਕਿਹਾ ਕਰਦੇ ਸਨ ਕਿ ਮੈਂ ਆਪਣੇ ਆਖਰੀ ਦਮ ਤੱਕ ਇਸੇ ਤਰ੍ਹਾਂ ਸੇਵਾ ਕਰਦਾ ਰਹਾਂਗਾ। ਆਪਣੀ ਜ਼ਿੰਦਗੀ ਦੇ ਆਖਰੀ ਪਲਾਂ ’ਚ ਵੀ ਇਹ ਗੱਲ ਪੁਖਤਾ ਪ੍ਰਤੀਤ ਹੁੰਦੀ ਹੈ ਕਿ ਉਹ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਨੀਅਨ ਸਿਟੀ (ਕੈਲੇਫੋਰਨੀਆ) ਲਈ ਇਥੋਂ ਦੀ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸ੍ਰੀ ਵਿਨੋਦ ਕੁਮਾਰ ਤੇ ਬਾਕੀ ਮੈਂਬਰਾਂ ਸੋਹਣ ਸਿੰਘ ਢੰਡਾ, ਅਜਾਇਬ ਸਿੰਘ ਸੁੰਡਾ ਅਤੇ ਹੋਰ ਨਾਲ ਕੈਨੇਡਾ-ਅਮਰੀਕਾ ਉਗਰਾਹੀ ਲਈ ਗਏ।

ਸਵਰਗੀ ਚੋਪੜਾ ਅਤੇ ਉਹਨਾਂ ਦੀ ਧਰਮ ਪਤਨੀ ਸਵਰਗੀ ਸ੍ਰੀਮਤੀ ਰੌਸ਼ਨੀ ਚੋਪੜਾ ਜੀ ਵੀ ਗੁਰੂ ਜੀ ਦੀ ਮਹਿੰਗਾ ’ਚ ਰੰਗੇ ਰਹਿੰਦੇ ਸਨ ਤੇ ਉਹ ਖੁਦ ਸਿਮਰਨ ਦੇ ਨਾਲ ਧਾਰਮਿਕ ਦੀਵਾਨਾਂ, ਭਜਨ ਬੰਦਗੀ ਵੀ ਕਰਿਆ ਕਰਦੇ ਸਨ। ਹੋਰ ਤਾਂ ਹੋਰ ਸਵਰਗੀ ਚੋਪੜਾ ਸਾਹਿਬ ਦੇ ਭਰਾ ਸ੍ਰੀ ਸੁਖਦੇਵ ਸਿੰਘ ਚੋਪੜਾ ਵੀ ਇਸੇ ਪ੍ਰਕਾਰ ਸ਼ਰਧਾ ਨਾਲ ਸੇਵਾ ਕਰਦੇ ਆ ਰਹੇ ਹਨ। ਇਹੋ ਜਿਹੀਆਂ ਭਾਵਨਾਵਾਂ ਨਾਲ ਵੱਖ-ਵੱਖ ਸ਼ਖਸੀਅਤਾਂ ਨੇ ਦਿਲੀ ਨਿੱਘੀ ਹੰਝੂਆਂ ਭਰੀ ਸ਼ਰਧਾਂਜਲੀ ਦਿੱਤੀ ਤੇ ਉਸ ਦੀ ਆਤਮਕ ਸ਼ਾਂਤੀ ਲਈ ਅਕਾਲ ਪੁਰਖ ਅੱਗੇ ਸਨਿਮਰ ਬੇਨਤੀ ਕੀਤੀ ਤੇ ਮਗਰ ਸਮੂਹ ਚੋਪੜਾ ਪਰਿਵਾਰ ਨੂੰ ਭਾਣਾ ਮੰਨਣ ਲਈ ਅਰਦਾਸ ਕੀਤੀ।

ਇਸ ਤੋਂ ਪਹਿਲਾਂ ਪਾਠ ਉਪਰੰਤ ਭਾਈ ਸਾਹਿਬ ਭਾਈ ਤਰਲੋਚਨ ਸਿੰਘ ਜੀ ਨੇ ਅਰਦਾਸ ਕੀਤੀ। ਇਸ ਉਪਰੰਤ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਅੰਤਿਮ ਅਰਦਾਸ ਕੀਤੀ ਗਈ ਤੇ ਚੋਪੜਾ ਪਰਿਵਾਰ ਵੱਲੋਂ ਸਮਾਜਿਕ ਰਸਮਾਂ ਨੂੰ ਵੀ ਪੂਰਾ ਕੀਤਾ ਗਿਆ। ਅਦਾਰਾ “ਦੇਸ਼ ਦੁਆਬਾ” ਅਤੇ “ਅੰਬੇਦਕਰ ਟਾਈਮਜ਼” ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਇਸ ਦੁੱਖ ਦੀ ਘੜੀ ਵਿਚ ਸ਼ਾਮਲ ਹੋਏ ਅਤੇ ਦੁੱਖ ਪ੍ਰਗਟ ਕੀਤਾ। ਅੰਤ ਵਿਚ ਸ੍ਰੀ ਵਿਨੋਦ ਕੁਮਾਰ ਚੁੰਬਰ ਨੇ ਸਭਨਾਂ ਦਾ ਇਸ ਦੁੱਖ ਦੀ ਘੜੀ ਵਿਚ ਇਕੱਤਰ ਹੋਣ ‘ਤੇ ਸਮੂਹ ਚੋਪੜਾ ਪਰਿਵਾਰ ਵੱਲੋਂ ਧੰਨਵਾਦ ਕੀਤਾ।



ਰਿਪੋਰਟ ਅਤੇ ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ)






















# ਸਵਰਗੀ ਸ੍ਰੀ ਸੁੱਖਰਾਜ ਸਿੰਘ ਚੋਪੜਾ ਦਾ ਅਕਾਲ ਚਲਾਣਾ



















ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ
(ਅੰਬੇਡਕਰ ਟਾਈਮਜ਼ ਅਤੇ ਦੇਸ਼ ਦੁਆਬਾ)



# ਸਵਰਗੀ ਸ੍ਰੀ ਸੁੱਖਰਾਜ ਸਿੰਘ ਚੋਪੜਾ ਦਾ ਅਕਾਲ ਚਲਾਣਾ




























ਸ਼੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਗੁਰਪੁਰਬ ਸਲੋਹ (ਊਨਾ) ਹਿਮਾਚਲ ਪ੍ਰਦੇਸ਼ ਵਿੱਚ ਮਨਾਇਆ ਗਿਆ

# ਪੀਐੱਮ ਨਰਿੰਦਰ ਮੋਦੀ ਖ਼ਿਲਾਫ਼ ਜਾਰਜ ਸੋਰੋਸ ਦੀ ਟਿੱਪਣੀ ਨੇ ਸਿਆਸਤ ਮਘਾਈ

**ਜਲੰਧਰ (ਜੇ ਸਿੰਘ 'ਭਡਿਆਰ')–** ਕੇਂਦਰ ਸਰਕਾਰ 'ਤੇ ਨਿਸ਼ਾਨਾ ਸਾਧਣ ਵਾਲੇ ਅਮਰੀਕੀ ਅਰਬਪਤੀ ਜਾਰਜ ਸੋਰੋਸ ਆਪਣੇ ਬਿਆਨ ਨੂੰ ਲੈ ਕੇ ਚਰਚਾ ਵਿਚ ਹਨ। ਜਾਰਜ ਸੋਰੋਸ ਨੇ ਜਰਮਨੀ ਦੇ ਮਿਊਨਿਖ ਰੱਖਿਆ ਸੰਮੇਲਨ ਵਿੱਚ ਕਿਹਾ ਸੀ, ''ਭਾਰਤ ਇੱਕ ਲੋਕਤੰਤਰਿਕ ਦੇਸ਼ ਹੈ, ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲੋਕਤੰਤਰਿਕ ਨਹੀਂ ਹਨ। ਮੋਦੀ ਦੇ ਵੱਡਾ ਆਗੂ ਬਣਨ ਦਾ ਕਾਰਨ ਭਾਰਤੀ ਮੁਸਲਮਾਨਾਂ ਖ਼ਿਲਾਫ਼ ਹੋਈ ਹਿੰਸਾ ਹੈ। ਉਨ੍ਹਾਂ ਵਿਵਾਦਾਂ ਵਿੱਚ ਘਿਰੇ ਹੋਏ ਭਾਰਤੀ ਕਾਰੋਬਾਰੀ ਗੌਤਮ ਅਡਾਨੀ ਬਾਰੇ ਵੀ ਆਪਣੇ ਪੱਖ ਰਖਦਿਆਂ ਕਿਹਾ ਸੀ ਕਿ ਮੋਦੀ ਹਾਲ ਦੀ ਘੜੀ ਗੌਤਮ ਅਡਾਨੀ ਮਾਮਲੇ ਵਿਚ ਚੁੱਪ ਹਨ ਪਰ ਉਨ੍ਹਾਂ ਨੂੰ ਵਿਦੇਸ਼ੀ ਨਿਵੇਸ਼ਕਾਂ ਦੇ ਸਵਾਲਾਂ ਦਾ ਜਵਾਬ ਸੰਸਦ ਵਿਚ ਦੇਣਾ ਹੋਵੇਗਾ। ਇਸ ਨਾਲ ਸਰਕਾਰ 'ਤੇ ਉਨ੍ਹਾਂ ਦੀ ਪਕੜ ਕਮਜ਼ੋਰ ਹੋਵੇਗੀ। ਉਨ੍ਹਾਂ ਨੇ ਇੱਥੋਂ ਤੱਕ ਦਾਅਵਾ ਕੀਤਾ ਕਿ ਇਸ ਨਾਲ ਭਾਰਤ ਵਿੱਚ ਲੋਕਤੰਤਰਿਕ ਪ੍ਰਕਿਰਿਆ ਦਾ 'ਪੁਨਰ-ਉਥਾਨ' ਹੋਵੇਗਾ।

**ਕੌਣ ਹੈ ਜਾਰਜ ਸੋਰੋਸ**

ਜਾਰਜ ਸੋਰੋਸ ਇੱਕ ਅਮਰੀਕੀ ਅਰਬਪਤੀ ਉਦਯੋਗਪਤੀ ਹਨ ਅਤੇ ਉਨ੍ਹਾਂ ਦਾ ਜਨਮ ਹੰਗਰੀ ਵਿੱਚ ਇੱਕ ਯਹੂਦੀ ਪਰਿਵਾਰ ਵਿਚ ਹੋਇਆ ਸੀ। ਜਦੋਂ ਹਿਟਲਰ ਦੇ ਨਾਜ਼ੀ ਜਰਮਨੀ ਵਿੱਚ ਯਹੂਦੀਆਂ ਨੂੰ ਮਾਰਿਆ ਜਾ ਰਿਹਾ ਸੀ ਤਾਂ ਉਹ ਕਿਸੇ ਤਰ੍ਹਾਂ ਬਚ ਗਏ ਸਨ। ਬਾਅਦ ਵਿੱਚ ਉਹ ਕਮਿਊਨਿਸਟ ਦੇਸ਼ ਛੱਡ ਕੇ ਪੱਛਮੀ ਦੇਸ਼ ਆ ਗਏ। ਉਹ ਸਟਾਕ ਮਾਰਕੀਟ ਵਿੱਚ ਪੈਸਾ ਲਗਾਉਂਦੇ ਸਨ ਤੇ ਇਸ ਤੋਂ ਉਨ੍ਹਾਂ ਨੇ ਕਰੀਬ 44 ਬਿਲੀਅਨ ਡਾਲਰ ਕਮਾਏ ਸਨ। 1979 ਵਿੱਚ, ਉਨ੍ਹਾਂ ਨੇ ਓਪਨ ਸੋਸਾਇਟੀ ਫਾਊਂਡੇਸ਼ਨ ਦੀ ਸਥਾਪਨਾ ਕੀਤੀ ਸੀ, ਜੋ ਹੁਣ ਕਰੀਬ 120 ਦੇਸ਼ਾਂ ਵਿੱਚ ਕੰਮ ਕਰਦੀ ਹੈ।



ਬਰਤਾਨੀਆਂ ਵਿੱਚ, ਉਨ੍ਹਾਂ ਨੂੰ 1992 ਵਿੱਚ ਬੈਂਕ ਆਫ਼ ਇੰਗਲੈਂਡ ਨੂੰ ਬਰਬਾਦ ਕਰਨ ਵਾਲੇ ਵਿਅਕਤੀ ਵਜੋਂ ਜਾਣਿਆ ਜਾਂਦਾ ਹੈ।

ਜਾਰਜ ਸੋਰੋਨ ਜੋ ਕਿ ਲੋਕਤੰਤਰ ਦੇ ਹੱਕ ਵਿੱਚ ਕੰਮ ਕਰਨ ਵਾਲੀਆਂ ਸੰਸਥਾਵਾਂ ਨਾਲ ਜੁੜੇ ਹੋਏ ਹਨ। ਆਪਣੇ ਕੰਮ ਕਾਰਨ ਉਹ ਹਮੇਸ਼ਾ ਸੱਜੇ ਪੱਖੀ ਧਿਰਾਂ ਦੇ ਨਿਸ਼ਾਨੇ 'ਤੇ ਰਹਿੰਦੇ ਹਨ।

**ਸਿਆਸਤਦਾਨਾਂ ਦੀ ਪ੍ਰਤੀਕਿਰਿਆ**

ਕੇਂਦਰੀ ਮੰਤਰੀ ਸਮ੍ਰਿਤੀ ਇਰਾਨੀ ਨੇ ਜਾਰਜ ਸੋਰੋਸ ਦੇ ਬਿਆਨ ਖ਼ਿਲਾਫ਼ ਪ੍ਰੈੱਸ ਕਾਨਫਰੰਸ ਕੀਤੀ ਤੇ ਕਿਹਾ ਸੀ ਕਿ ਇਹ ਭਾਰਤ ਦੇ ਅੰਦਰੂਨੀ ਮਾਮਲਿਆਂ ਵਿੱਚ ਦਖ਼ਲ ਦੇਣ ਦੀ ਕੋਸ਼ਿਸ਼ ਹੈ। ਸਮ੍ਰਿਤੀ ਇਰਾਨੀ ਨੇ ਕਿਹਾ ਕਿ ਵਿਦੇਸ਼ੀ ਧਰਤੀ 'ਤੇ ਬੈਠੇ ਕੇ ਭਾਰਤ ਦੇ ਲੋਕਤੰਤਰਿਕ ਢਾਂਚੇ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਭਾਰਤ ਦੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਕਿਹਾ, ''ਮਿਸਟਰ ਸੋਰੋਸ ਨਿਊਯਾਰਕ ਵਿੱਚ ਬੈਠੇ ਇੱਕ ਬਜ਼ੁਰਗ, ਅਮੀਰ ਤੇ ਵਿਸ਼ੇਸ਼ ਵਿਚਾਰਧਾਰਾ ਵਾਲੇ ਵਿਅਕਤੀ ਹਨ ਜੋ ਅਜੇ ਵੀ ਸੋਚਦੇ ਹਨ ਕਿ ਪੂਰੀ ਦੁਨੀਆਂ ਉਨ੍ਹਾਂ ਦੇ ਵਿਚਾਰਾਂ ਅਨੁਸਾਰ ਕੰਮ ਕਰੇ।''

ਪੀ ਚਿਦੰਬਰਮ ਨੇ ਟਵੀਟ ਕੀਤਾ, 'ਮੈਂ ਜਾਰਜ ਸੋਰੋਸ ਦੀ ਅਤੀਤ ਵਿੱਚ ਕਹੀਆਂ ਜ਼ਿਆਦਾਤਰ ਗੱਲਾਂ ਨਾਲ ਸਹਿਮਤ ਨਹੀਂ ਸੀ ਅਤੇ ਮੈਂ ਅਜੇ ਵੀ ਉਨ੍ਹਾਂ ਦੀਆਂ ਬਹੁਤੀਆਂ ਗੱਲਾਂ ਨਾਲ ਸਹਿਮਤ ਨਹੀਂ ਹਾਂ, ਪਰ ਉਨ੍ਹਾਂ ਦੀਆਂ ਟਿੱਪਣੀਆਂ ਭਾਰਤ ਵਿੱਚ ਲੋਕਤੰਤਰੀ ਤੌਰ 'ਤੇ ਚੁਣੀ ਗਈ ਸਰਕਾਰ ਨੂੰ ਡੇਗਣ ਦੀ ਕੋਸ਼ਿਸ਼ ਹੈ।' ਉਨ੍ਹਾਂ ਨੇ ਇੱਕ ਹੋਰ ਟਵੀਟ ਵਿੱਚ ਕਿਹਾ ਕਿ ਭਾਰਤ ਦੇ ਲੋਕ ਫੈਸਲਾ ਕਰਨਗੇ ਕਿ ਕੌਣ ਸਰਕਾਰ ਵਿੱਚ ਰਹੇਗਾ ਅਤੇ ਕੌਣ ਬਾਹਰ ਹੋਵੇਗਾ।

ਚਿਦੰਬਰਮ ਨੇ ਕਿਹਾ, 'ਮੈਨੂੰ ਨਹੀਂ ਲੱਗਦਾ ਕਿ ਮੋਦੀ ਸਰਕਾਰ ਇੰਨੀ ਕਮਜ਼ੋਰ ਹੈ, ਕਿ ਇਸਨੂੰ 92 ਸਾਲਾ ਵਿਦੇਸ਼ੀ ਨਾਗਰਿਕ ਦੀ ਬਿਆਨਬਾਜ਼ੀ ਨਾਲ ਹੇਠਾਂ ਲਿਆਂਦਾ ਜਾਵੇਗਾ। ਇੱਕ ਹੋਰ ਟਵੀਟ ਵਿੱਚ ਚਿਦੰਬਰਮ ਨੇ ਕਿਹਾ, 'ਜਾਰਜ ਸੋਰੋਸ ਨੂੰ ਨਜ਼ਰਅੰਦਾਜ਼ ਕਰੋ ਅਤੇ ਨੂਰੀਅਲ ਰੂਬੀਨੀ ਨੂੰ ਸੁਣੋ।' ਰੂਬੀਨੀ ਨੇ ਚੇਤਾਵਨੀ ਦਿੱਤੀ ਕਿ ਭਾਰਤ ਵਿੱਚ ਵੱਡੇ ਨਿੱਜੀ ਸਮੂਹਾਂ ਦਾ ਦਬਦਬਾ ਵੱਧ ਰਿਹਾ ਹੈ, ਜੋ ਸੰਭਾਵੀ ਤੌਰ 'ਤੇ ਮੁਕਾਬਲੇ ਨੂੰ ਰੋਕ ਸਕਦਾ ਹੈ।

## ਯਾਦਗਾਰੀ ਹੋ ਨਿਬੜਿਆ ਪਿੰਡ ਮਸਾਣੀ ਦਾ ਭਾਜੀ ਗੁਰਸ਼ਰਨ ਸਿੰਘ ਯਾਦਗਾਰੀ ਨਾਟਕ ਮੇਲਾ



**ਨਵਾਂਸ਼ਹਿਰ (ਸੰਤੋਖ ਜੱਸੀ)** ਜਿਕਰਯੋਗ ਹੈ ਕਿ ਪਿਛਲੇ ਦਿਨੀਂ ਪਿੰਡ ਮਸਾਣੀ ( ਜ਼ਿਲ੍ਹਾ ਜਲੰਧਰ) ਵਿਖੇ ਮਹਾਨ ਨਾਟਕਕਾਰ ਭਾਜੀ ਗੁਰਸ਼ਰਨ ਸਿੰਘ ਦੀ ਨਿੱਘੀ ਯਾਦ ਨੂੰ ਸਮਰਪਿਤ ਇਨਕਲਾਬੀ ਨਾਟਕ ਮੇਲਾ ਕਰਵਾਇਆ ਗਿਆ! ਜਿਸਦੇ ਦੌਰਾਨ ਦਰਸ਼ਕਾਂ ਦਾ ਠਾਠਾਂ ਮਾਰਦਾ ਇਕੱਠ ਦੇਖਣਯੋਗ ਸੀ! ਮੇਲੇ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਸ਼੍ਰੀ ਬਲਦੇਵ ਰਹਿਪਾ ਜੀ (ਜਨਰਲ ਸਕੱਤਰ ਤਰਕਸ਼ੀਲ ਸੁਸਾਇਟੀ ਕਨੇਡਾ) ਅਤੇ ਭਾਜੀ ਅਮੋਲਕ ਸਿੰਘ (ਪ੍ਰਧਾਨ ਪਲਸ ਮੰਚ ਪੰਜਾਬ) ਜੀ ਸ਼ਾਮਿਲ ਹੋਏ! ਸਮਾਗਮ ਵਿੱਚ ਨਰਗਿਸ ਨਗਰ (ਮਾਨਵਤਾ ਕਲਾ ਮੰਚ ਨਗਰ ) ਵੱਲੋਂ ਖੇਡਿਆ ਨਾਟਕ 'ਚਿੜੀਆਂ ਦਾ ਚੰਬਾ' ਨੇ ਸ੍ਰੋਤਿਆਂ ਨੂੰ ਕੀਲ ਕੇ ਰੱਖ ਦਿੱਤਾ!ਦੁਨੀਆਂ ਭਰ ਵਿੱਚ ਸੁਣੇ ਜਾਣ ਵਾਲੇ ਬੁਲਾਰੇ ਸ਼੍ਰੀ ਬਲਦੇਵ ਰਹਿਪਾ ਜੀ ਅਤੇ ਅਮੋਲਕ ਸਿੰਘ ਜੀ ਨੂੰ ਦਰਸ਼ਕਾਂ ਨੇ ਬਹੁਤ ਨੀਝ ਨਾਲ ਸੁਣਿਆਂ! ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਗੀਤ ਸੰਗੀਤ ਪੇਸ਼ ਕੀਤਾ ਗਿਆ! ਅਤੇ ਇਲਾਕੇ ਭਰ ਦੇ ਸਰਕਾਰੀ ਸਕੂਲਾਂ ਵਿੱਚੋਂ ਅੱਵਲ ਆਉਣ ਵਾਲੇ ਵਿਦਿਆਰਥੀਆ ਨੂੰ ਬਹੁਤ ਸਾਰੇ ਇਨਾਮਾਂ ਸਨਮਾਨਾਂ ਨਾਲ ਨਿਵਾਜਿਆ ਗਿਆ, ਮੰਚ ਦਾ ਸਫਲ ਸੰਚਾਲਨ ਤਲਵਿੰਦਰ ਸ਼ੇਰਗਿੱਲ ਜੀ ਨੇ ਕੀਤਾ!ਮੇਲੇ ਦੌਰਾਨ ਪ੍ਰਸਿੱਧ ਗ਼ਜ਼ਲਗੋ ਕੁਲਵਿੰਦਰ ਕੁਲਾ ਜੀ ਨੂੰ ਉਸਤਾਦ ਸ਼ੌਕਤ ਢੰਡਵਾੜਵੀ ਯਾਦਗਾਰੀ ਆਵਾਰਡ ਭੇਂਟ ਕੀਤਾ ਗਿਆ, ਵਿਸ਼ੇਸ਼ ਮਹਿਮਾਨਾਂ ਵਿੱਚ ਸਰਪੰਚ ਦਰਸ਼ਣ ਕੌਰ ਜੀ , ਮੱਖਣ ਸਿੰਘ ਮੰਡੀ ਜੀ ,ਤਲਵਿੰਦਰ ਹੀਰ ਜੀ,ਇਕਬਾਲ ਕਾਹਮਾ ਜੀ, ਰਾਮ ਸ਼ਰਨ ਲੰਬੜਦਾਰ ਜੀ, ਰਾਮ ਆਸਰਾ ਜੀ, ਮੇਜਰ ਰਾਮ ਜੀ, ਮਲਕੀਤ ਚੰਦ ਜੀ , ਜਸਪਾਲ ਸਿੰਘ ਜੀ, ਨਰਿੰਦਰ ਸੰਘਾ ਜੀ, ਘਣਸ਼ਾਮ ਜੀ, ਚਰਨ ਕੌਰ ਜੀ, ਹਰਬੰਸ ਹੀਉ ਜੀ, ਦੀਪ ਕਲੇਰ ਜੀ,ਅਤੇ ਹੋਰ ਬਹੁਤ ਸਾਰੇ ਪਤਵੰਤੇ ਸੱਜਣ ਹਾਜਿਰ ਸਨ, ਅਖੀਰ ਵਿੱਚ ਲੋਕ ਗਾਇਕ ਧਰਮਿੰਦਰ ਮਸਾਣੀ ਜੀ ਨੇ ਸਾਰੇ ਸ੍ਰੋਤਿਆਂ ਦਾ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ!

## ਸ਼ਹੀਦ ਭਗਤ ਸਿੰਘ ਨਗਰ ਐਨ ਆਰ ਆਈ ਸ਼ਿਕਾਇਤਾਂ ਵਿੱਚ ਜ਼ੀਰੋ ਲੰਬਿਤ ਅਰਜ਼ੀਆਂ ਵਾਲਾ ਇੱਕੋ ਇੱਕ ਜ਼ਿਲ੍ਹਾ ਬਣ ਕੇ ਉਭਰਿਆ



**ਨਵਾਂਸ਼ਹਿਰ, (ਸੰਤੋਖ ਸਿੰਘ ਜੱਸੀ)–** ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹਾ ਰਾਜ ਦਾ ਇਕਲੌਤਾ ਅਜਿਹਾ ਜ਼ਿਲ੍ਹਾ ਬਣ ਗਿਆ ਹੈ ਜਿੱਥੇ ਲੰਬਿਤ ਐਨ ਆਰ ਆਈ ਸ਼ਿਕਾਇਤਾਂ ਦੀ ਗਿਣਤੀ ਸਿਫ਼ਰ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਦੱਸਿਆ ਕਿ ਦੋ ਮਹੀਨੇ ਪਹਿਲਾਂ ਪੰਜਾਬ ਦੇ ਐਨ.ਆਰ.ਆਈ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਜਲੰਧਰ ਵਿਖੇ ਕਰਵਾਈ ਗਈ ਐਨ.ਆਰ.ਆਈ ਮਿਲਣੀ ਵਾਲੇ ਦਿਨ ਜ਼ਿਲ੍ਹੇ 'ਚ 12 ਸ਼ਿਕਾਇਤਾਂ ਲੰਬਿਤ ਸਨ। ਰੰਧਾਵਾ ਨੇ ਕਿਹਾ ਕਿ ਐਨ.ਆਰ.ਆਈ ਮੀਟ ਵਿਚ ਸ਼ਾਮਲ ਹੋਣ ਤੋਂ ਬਾਅਦ, ਪਹਿਲ ਦੇ ਆਧਾਰ 'ਤੇ ਮੁੱਦਿਆਂ ਨੂੰ ਹੱਲ ਕਰਨ ਲਈ ਲਗਾਤਾਰ 'ਫਾਲੋ-ਅਪ ' ਮੀਟਿੰਗਾਂ ਕੀਤੀਆਂ ਗਈਆਂ, ਜਿਨ੍ਹਾਂ ਦੇ ਫਲਦਾਇਕ ਨਤੀਜੇ ਨੇ ਕੋਈ ਵੀ ਬਕਾਇਆ ਸ਼ਿਕਾਇਤ ਨਹੀਂ ਰਹਿਣ ਦਿੱਤੀ।

ਜ਼ਿਕਰਯੋਗ ਹੈ ਕਿ ਪੰਜਾਬ ਦੇ ਪ੍ਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਨੇ ਅੱਜ ਸਬੰਧਤ ਜ਼ਿਲ੍ਹਿਆਂ ਨਾਲ ਪੰਜਾਬੀ ਪਰਵਾਸੀ ਭਾਰਤੀਆਂ ਦੀਆਂ ਸ਼ਿਕਾਇਤਾਂ ਦਾ ਜਾਇਜ਼ਾ ਲੈਣ ਲਈ ਇੱਕ ਆਨਲਾਈਨ ਮੀਟਿੰਗ ਦੀ ਪ੍ਰਧਾਨਗੀ ਕੀਤੀ, ਜਿਸ ਵਿੱਚ ਜ਼ਿਲ੍ਹੇ ਵਲੋਂ ਇਹ ਧਿਆਨ 'ਚ ਲਿਆਂਦਾ ਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੇ ਸਾਰੀਆਂ ਬਕਾਇਆ ਸ਼ਿਕਾਇਤਾਂ ਦਾ ਸਫਲਤਾਪੂਰਵਕ ਨਿਪਟਾਰਾ ਕਰ ਦਿੱਤਾ ਹੈ। ਇਸ ਆਨਲਾਈਨ ਮੀਟਿੰਗ ਵਿੱਚ ਪੁਲਿਸ ਵਿਭਾਗ ਤੋਂ ਐਸ.ਪੀ.(ਐਚ) ਗੁਰਮੀਤ ਕੌਰ ਨੇ ਸ਼ਿਰਕਤ ਕੀਤੀ।

## ਸਰਕਾਰੀ ਸੈਕੰਡਰੀ ਸਕੂਲ ਧਮਾਈ ਵਿਖੇ ਅੰਤਰਰਾਸ਼ਟਰੀ ਮਾਂ ਬੋਲੀ ਦਿਹਾੜਾ ਮਨਾਇਆ




**ਗੜਸ਼ੰਕਰ 21 ਫਰਵਰੀ (ਸਤਨਾਮ ਸਿੰਘ ਸਹੂੰਗੜਾ)** ਜੋ ਕੌਮਾਂ ਆਪਣੀ ਭਾਸ਼ਾ ਨੂੰ ਭੁਲਾ ਦਿੰਦੀਆਂ ਹਨ ਉਹ ਹਮੇਸ਼ਾ ਗੁਲਾਮ ਬਣਾ ਲਈਆਂ ਜਾਂਦੀਆਂ ਹਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਮਾਈ ਵਿਖੇ ਵਿਦਿਆਰਥੀਆਂ ਅਤੇ ਸਕੂਲ ਸਟਾਫ ਵਲੋ ਕਰਵਾਏ ਅੰਤਰਰਾਸ਼ਟਰੀ ਮਾਂ ਬੋਲੀ ਦਿਹਾੜੇ ਤੇ ਨੂੰ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਪ੍ਰੋ.ਸੰਧੂ ਵਰਿਆਣਵੀ ਨੇ ਕਿਹਾ ਕਿ ਕਿਸੇ ਵੀ ਕੌਮ ਸਮਾਜ ਨੂੰ ਤਰੱਕੀ ਕਰਨ ਲਈ ਆਪਣੀ ਮਾਂ ਬੋਲੀ ਦੇ ਵਿਰਸੇ ਨੂੰ ਹਮੇਸ਼ਾ ਇੱਕ ਪੀੜ੍ਹੀ ਵਲੋ ਦੂਜੀ ਪੀੜੀ ਨੂੰ ਅੱਗੇ ਵਧਾਉਣਾ ਚਾਹੀਦਾ ਹੈ ਅਤੇ ਬੱਚੇ ਦੀ ਸ਼ਖਸੀਅਤਦੇ ਵਿਕਾਸ ਲਈ ਮਾਵਾਂ ਦਾ ਘਰ ਵਿੱਚ ਆਪਣੀ ਮਾਤ ਭਾਸ਼ਾ ਵਿੱਚ ਬੱਚੇ ਨੂੰ ਦਿੱਤੀ ਘੁੜਤੀ ਅਹਿਮ ਹੈ।

ਇਸ ਸਮੇਂ ਸਕੂਲ ਮੁਖੀ ਮੁਕੇਸ਼ ਕੁਮਾਰ ਅਤੇ ਜਸਵੀਰ ਸਿੰਘ ਨੇ ਵੀ ਮਾਤ ਭਾਸ਼ਾ ਦੀ ਮਹੱਤਤਾ ਵਾਰੇ ਵਿਸਥਾਰ ਸਹਿਤ ਗੱਲਬਾਤ ਕੀਤੀ। ਇਸ ਸਮੇ ਸਕੂਲੀ ਵਿਦਿਆਰਥੀਆਂ ਜਤਿਨ ਰਾਏ , ਗੁਰਲੀਨ, ਅਮਨਪ੍ਰੀਤ ਸਿੰਘ ਵਾਹੜਾ, ਗੁਰਸ਼ਰਨ ਸਿੰਘ , ਪ੍ਰੀਤ ਭੱਟੀ ਰਮਨਪ੍ਰੀਤ ਸਿੰਘ ਨੇ ਵੀ ਕਵਿਤਾਵਾਂ ਪੇਸ਼ ਕੀਤੀਆਂ ਸਕੂਲ ਸਟਾਫ ਵਲੋਂ ਪਰਮਜੀਤ ਸਿੰਘ ਦੀਪਕ ਕੌਸ਼ਲ ਸੁਨੀਤਾ ਕੁਮਾਰੀ ਖੁਸ਼ਵਿੰਦਰ ਕੌਰ ਮਧੂ ਸੰਬਿਆਲ ਬਾਬੂ ਅਵਤਾਰ ਸਿੰਘ ਆਦਿ ਨੇ ਵੀ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ।

******

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਸ੍ਰੀ ਗੁਰੂ ਰਵਿਦਾਸ ਸਭਾ ਸੇਲਮਾ ਨੇ ਸ਼ਰਧਾਪੂਰਵਕ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ

**ਸੇਲਮਾ (ਡੀਡੀਬੀ)** ਧੰਨ ਧੰਨ ਸਤਿਗੁਰੂ ਰਵਿਦਾਸ ਪਿਤਾ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ ਸ੍ਰੀ ਗੁਰੂ ਰਵਿਦਾਸ ਸਭਾ ਸੇਲਮਾ (ਕੈਲੇਫੋਰਨੀਆ) ਨੇ ਸਮੂਹ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਪੂਰਨ ਸਹਿਯੋਗ ਨਾਲ ਬਹੁਤ ਹੀ ਸਤਿਕਾਰ ਤੇ ਸ਼ਰਧਾ ਪੂਰਵਕ 17, 18, 19 ਫਰਵਰੀ 2023 ਨੂੰ ਮਨਾਇਆ। ਇਸ ਮੌਕੇ ਵੱਖ-ਵੱਖ ਰਾਗੀ ਜਥਿਆਂ ਨੇ, ਜਿਹਨਾਂ ਵਿਚ ਭਾਈ ਜੋਗਿੰਦਰ ਸਿੰਘ ਚੰਦਨ ਤੇ ਉਹਨਾਂ ਦਾ ਜਥਾ, ਭਾਈ ਗੁਰਜੀਤ ਸਿੰਘ ਅਤੇ ਭਾਈ ਜਗਤਾਰ ਸਿੰਘ ਦਾ ਜਥਾ, ਭਾਈ ਹਰਬਿਲਾਸ ਸਿੰਘ ਅਤੇ ਜਥਾ, ਭਾਈ ਕੁੰਦਨ ਸਿੰਘ ਧਾਮੀ, ਭਾਈ ਬਘੇਲ ਸਿੰਘ, ਭਾਈ ਪਰਮਪਾਲ ਸਿੰਘ, ਬੀਬੀ ਕਮਲਜੀਤ ਕੌਰ ਭਾਟੀਆ, ਭਾਈ ਰਾਮ ਆਸਰਾ ਅਤੇ ਭਾਈ ਰਾਜ ਬਰਾੜ ਜੀ ਆਦਿ ਨੇ ਬਹੁਤ ਹੀ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

_ਗੁਰੂ ਘਰ ਦੇ ਜਨਰਲ ਸਕੱਤਰ ਸ. ਦੇਵਰਾਜ ਸਿੰਘ ਜੀ ਨੇ ਸਮੂਹ ਗੁਰੂ ਪਿਆਰੀ ਸੰਗਤ ਨੂੰ ਗੁਰਪੁਰਬ ਦੀ ਵਧਾਈ ਦਿੰਦਿਆਂ ਸਭ ਦਾ ਧੰਨਵਾਦ ਕੀਤਾ ਤੇ ਉਹਨਾਂ ਵੱਖ-ਵੱਖ ਗੁਰੂ ਘਰਾਂ ਤੇ ਦੂਰ-ਦੁਰਾਡਿਉਂ ਆਈਆਂ ਸੰਗਤਾਂ ਨੂੰ ਜੀ ਆਇਆਂ ਆਖਿਆ।

ਗੁਰਪੁਰਬ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਅਤੇ ਨਿਸ਼ਾਨ ਸਾਹਿਬ ਦੀ ਸੇਵਾ ਦੀ ਸੇਵਾ ਸ. ਦੇਵਰਾਜ ਸਿੰਘ ਤੇ ਉਹਨਾਂ ਦੇ ਪਰਿਵਾਰ ਵੱਲੋਂ ਕੀਤੀ ਗਈ। ਗੁਰੂ ਦੇ ਲੰਗਰ ਦੀ ਸੇਵਾ ਸਮੂਹ ਗਾਦਰਾ ਪਰਿਵਾਰਾਂ ਤੋਂ ਇਲਾਵਾ ਜਲੇਬੀਆਂ ਦੀ ਸੇਵਾ ਹਰਿਆਣਾ ਦੀ ਸੰਗਤ ਵੱਲੋਂ ਕੀਤੀ ਗਈ ਅਤੇ ਰਸੋਈ ਸੇਵਾ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਨਿਭਾਈ ਗਈ।

ਗੁਰੂ ਘਰ ਦੇ ਸੇਵਾਦਾਰਾਂ ਜਨਰਲ ਸਕੱਤਰ ਸ੍ਰੀ ਦੇਵਰਾਜ ਸਿੰਘ, ਖਜਾਨਚੀ ਸ੍ਰੀ ਮਨੋਹਰ ਗਾਦਰਾ, ਰਾਜਿੰਦਰ ਪਾਲ, ਅਸ਼ਪ੍ਰਤ ਸਿੰਘ, ਗੁਰਪ੍ਰੀਤ ਸਿੰਘ ਜੀ ਨੇ ਬਾਖੂਬੀ ਸੇਵਾ ਨਿਭਾਉਂਦਿਆਂ ਸਮੂਹ ਪ੍ਰਬੰਧਕ ਕਮੇਟੀ ਮੈਂਬਰਾਂ ਸੁਲੱਖਣ ਸਿੰਘ, ਰਘਬੀਰ ਚੰਦ ਬੀਰਾ, ਰਾਮ ਲਾਲ (ਲਾਲੀ), ਦਲਜੀਤ ਸਿੰਘ, ਸਤਨਾਮ ਚਾਨਾ, ਰਵਿੰਦਰ ਕੁਮਾਰ ਰਵੀ, ਬਹਾਦਰ ਸਿੰਘ, ਮਹਿੰਦਰ ਕੌਰ, ਅਕਵਿੰਦਰ ਕੌਰ, ਪਲਕਪ੍ਰੀਤ, ਗੁਰਭੇਜ ਸਿੰਘ, ਬਿਕਰਮ ਸਿੰਘ ਆਦਿ ਦਾ ਭਰਪੂਰ ਸਾਥ ਮਿਲਿਆ।

ਇਸ ਮੌਕੇ ਡਾ. ਸਤਨਾਮ ਸਿੰਘ ਬੰਗੜ ਅਤੇ ਉਹਨਾਂ ਦੇ ਸਟਾਫ ਵੱਲੋਂ ਬਲੱਡ ਪ੍ਰੈਸ਼ਰ ਅਤੇ ਬਲੱਡ ਸ਼ੂਗਰ ਚੈਕਅਪ ਕੈਂਪ ਲਗਾਇਆ ਗਿਆ ਅਤੇ ਡਾ. ਸਤਨਾਮ ਸਿੰਘ ਬੰਗੜ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਗੁਰਪੁਰਬ ਦੀਆਂ ਵਧਾਈਆਂ ਦਿੱਤੀਆਂ।

ਇਸ ਮੌਕੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਜਿਹਨਾਂ ਨੂੰ ਸਿਰੋਪਿਆਂ ਨਾਲ ਸਨਮਾਨਿਆ ਗਿਆ, ਉਹਨਾਂ ਵਿਚ ਸ੍ਰੀ ਕਸ਼ਮੀਰੀ ਭਾਟੀਆ ਅਤੇ ਸ੍ਰੀਮਤੀ ਕਮਲਜੀਤ ਕੌਰ ਭਾਟੀਆ, ਸ੍ਰੀ ਸਤਪਾਲ ਭਾਟੀਆ, ਸ੍ਰੀ ਬੂਟਾ ਰਾਮ ਹੈਡਮਾਸਟਰ ਅਤੇ ਉਹਨਾਂ ਦੀ ਸੁਪਤਨੀ ਨਿਰਮਲ ਕੌਰ, ਸ੍ਰੀ ਸੁਰਿੰਦਰ ਸਿੰਘ ਅਤੇ ਉਹਨਾਂ ਦੀ ਸੁਪਤਨੀ ਸੀਤਾ ਦੇਵੀ ਤੋਂ ਇਲਾਵਾ ਸ੍ਰੀ ਪ੍ਰੇਮ ਕੁਮਾਰ ਚੁੰਬਰ (ਅਦਾਰਾ ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ) ਆਦਿ ਸ਼ਾਮਲ ਹਨ।

ਅਖੀਰ 'ਚ' ਜਨਰਲ ਸਕੱਤਰ ਸ੍ਰੀ ਦੇਵਰਾਜ ਸਿੰਘ ਨੇ ਸਮੂਹ ਗੁਰੂ ਪਿਆਰੀ ਸਾਧ ਸੰਗਤ, ਸਾਰੇ ਰਾਗੀ ਜਥਿਆਂ, ਬੁਲਾਰਿਆਂ, ਸੇਵਕ ਪਰਿਵਾਰਾਂ ਅਤੇ ਮੀਡੀਏ ਦੀ ਸੇਵਾ ਨਿਭਾਅ ਰਹੇ ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਦਾ ਧੰਨਵਾਦ ਕੀਤਾ।















ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ
(ਅੰਬੇਡਕਰ ਟਾਈਮਜ਼ ਅਤੇ ਦੇਸ਼ ਦੁਆਬਾ)






# ਸ੍ਰੀ ਗੁਰੂ ਰਵਿਦਾਸ ਸਭਾ ਸੇਲਮਾ ਨੇ ਸ਼ਰਧਾਪੂਰਵਕ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ





















ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ)



# ਸ੍ਰੀ ਗੁਰੂ ਰਵਿਦਾਸ ਸਭਾ ਸੇਲਮਾ ਨੇ ਸ਼ਰਧਾਪੂਰਵਕ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ

















ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ
(ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ)

# ਸੂਬੇ ਦੀਆਂ ਸੜਕਾਂ ਦੀ ਕਾਇਆ ਕਲਪ ਕਰਨਾ ਪੰਜਾਬ ਸਰਕਾਰ ਦੀ ਮੁੱਖ ਤਰਜੀਹ : ਹਰਭਜਨ ਸਿੰਘ ਈ.ਟੀ.ਓ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਲੋਕ ਨਿਰਮਾਣ ਅਤੇ ਬਿਜਲੀ ਮੰਤਰੀ ਪੰਜਾਬ ਹਰਭਜਨ ਸਿੰਘ ਈ.ਟੀ.ਓ ਨੇ ਕਿਹਾ ਕਿ ਸੂਬੇ ਦੀਆਂ ਸੜਕਾਂ ਦੀ ਕਾਇਆ ਕਲਪ ਕਰਨਾ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਮੁੱਖ ਤਰਜ਼ੀਹ ਹੈ। ਪੰਜਾਬ ਸਰਕਾਰ ਸੂਬੇ ਦੀਆਂ ਸੜਕਾਂ ਦੇ ਨੈਟਵਰਕ ਨੂੰ ਮਜ਼ਬੂਤ ਕਰਨ ਲਈ ਬਹੁਤ ਗੰਭੀਰਤਾ ਨਾਲ ਕੰਮ ਕਰ ਰਹੀ ਹੈ ਅਤੇ ਰਾਜ ਵਿਚ ਕੋਈ ਵੀ ਬਲੈਕ ਸਪਾਟ ਨਹੀਂ ਛੱਡਿਆ ਜਾਵੇਗਾ। ਉਹ ਅੱਜ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਜੈ ਕ੍ਰਿਸ਼ਨ ਰੋੜੀ ਦੀ ਮੌਜੂਦਗੀ ਵਿਚ ਗੜ੍ਹਸ਼ੰਕਰ ਦੇ ਅੱਡਾ ਝੁੰਗੀਆਂ ਵਿਚ 14.32 ਕਰੋੜ ਰੁਪਏ ਦੀ ਲਾਗਤ ਨਾਲ 16.40 ਕਿਲੋਮੀਟਰ ਲੰਬੀ ਬਣਨ ਵਾਲੀ ਗੜ੍ਹਸ਼ੰਕਰ-ਸੰਤੋਖਗੜ੍ਹ ਸੜਕ ਨੂੰ ਮਜ਼ਬੂਤ ਕਰਨ ਦੇ ਕੰਮ ਦੀ ਸ਼ੁਰੂਆਤ ਕਰਵਾਉਣ ਦੌਰਾਨ ਇਲਾਕਾ ਨਿਵਾਸੀਆਂ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਚੇਅਰਪਰਸਨ ਜ਼ਿਲ੍ਹਾ ਯੋਜਨਾ ਕਮੇਟੀ ਕਰਮਜੀਤ ਕੌਰ, ਐਸ.ਡੀ.ਐਮ. ਪ੍ਰੀਤਇੰਦਰ ਸਿੰਘ ਬੈਂਸ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।



ਲੋਕ ਨਿਰਮਾਣ ਮੰਤਰੀ ਨੇ ਇਸ ਦੌਰਾਨ ਦੱਸਿਆ ਕਿ ਇਹ ਸੜਕ ਪੰਜਾਬ ਤੇ ਹਿਮਾਚਲ ਪ੍ਰਦੇਸ਼ ਨੂੰ ਆਪਸ ਵਿਚ ਜੋੜਦੀ ਹੈ ਅਤੇ ਯਾਤਰੀਆਂ ਤੇ ਵਪਾਰੀਆਂ ਦੇ ਦ੍ਰਿਸ਼ਟੀਕੋਣ ਤੋਂ ਇਹ ਸੜਕ ਕਾਫ਼ੀ ਮਹੱਤਵਪੂਰਨ ਹੈ। ਉਨ੍ਹਾਂ ਕਿਹਾ ਕਿ ਇਸ ਸੜਕ ਦੀ 16.40 ਕਿਲੋਮੀਟਰ ਲੰਬਾਈ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਪੈਂਦੀ ਹੈ, ਇਸ ਤੋਂ ਅੱਗੇ ਇਹ ਸੜਕ ਹਿਮਾਚਲ ਪ੍ਰਦੇਸ਼ ਦੇ ਸੰਤੋਖਗੜ੍ਹ, ਊਨਾ, ਨੰਗਲ ਡੈਮ ਆਦਿ ਨੂੰ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਇਹ ਧਾਰਮਿਕ ਅਸਥਾਨ ਮਾਤਾ ਨੈਣਾ ਦੇਵੀ ਜੀ, ਪੀਰ ਨਿਗਾਹਾ, ਬਾਬਾ ਬਾਲਕ ਨਾਥ ਜੀ, ਸ੍ਰੀ ਅਨੰਦਪੁਰ ਸਾਹਿਬ, ਕੀਰਤਪੁਰ ਸਾਹਿਬ ਅਤੇ ਅੱਗੇ ਮਨਾਲੀ, ਰੋਹਤਾਂਗ, ਮਨੀਕਰਨ ਆਦਿ ਸਥਾਨਾਂ ਨੂੰ ਜੋੜਦੀ ਹੈ। ਉਨ੍ਹਾਂ ਕਿਹਾ ਕਿ ਭਾਰੀ ਗਿਣਤੀ ਵਿਚ ਸ਼ਰਧਾਲੂ ਅਤੇ ਸੈਲਾਨੀ ਇਸ ਸੜਕ ਰਾਹੀਂ ਆਉਂਦੇ-ਜਾਂਦੇ ਹਨ। ਇਸ ਤੋਂ ਇਲਾਵਾ ਮਾਈਨਿੰਗ, ਸੀਮੈਂਟ ਦੇ ਡੰਪ ਅਤੇ ਉਦਯੋਗਿਕ ਇਕਾਈਆਂ ਲਈ ਭਾਰੀ ਵਾਹਨ ਵੀ ਇਸੇ ਸੜਕ ਰਾਹੀਂ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਵੱਖ-ਵੱਖ ਇਲਾਕਿਆਂ ਤੱਕ ਸਮਾਨ ਦੀ ਢੋਆ-ਢੁਆਈ ਇਸ ਸੜਕ ਰਾਹੀਂ ਹੀ ਹੁੰਦੀ ਹੈ।

ਇਸ ਸੜਕ ਦੀ ਆਖਰੀ ਵਾਰ ਮੁਰੰਮਤ ਅਗਸਤ 2015 ਨੂੰ ਹੋਈ ਸੀ ਅਤੇ ਹੁਣ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਇਸ ਦੀ ਸਾਰ ਲਈ ਹੈ। ਉਨ੍ਹਾਂ ਕਿਹਾ ਕਿ 31 ਦਸੰਬਰ 2023 ਤੱਕ ਇਸ ਸੜਕ ਦੀ ਮੁਰੰਮਤ ਦਾ ਕੰਮ ਪੂਰਾ ਕਰ ਲਿਆ ਜਾਵੇਗਾ।

ਲੋਕ ਨਿਰਮਾਣ ਮੰਤਰੀ ਨੇ ਕਿਹਾ ਕਿ ਜਲਦ ਹੀ ਮਾਹਿਲਪੁਰ-ਫਗਵਾੜਾ ਰੋਡ ਦੇ ਨਿਰਮਾਣ ਦਾ ਕੰਮ ਸ਼ੁਰੂ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਮਹੱਤਵਪੂਰਨ ਸੜਕ ਮਾਹਿਲਪੁਰ ਤੋਂ ਜੇਜੋਂ ਅਤੇ ਅੱਗੇ ਹਿਮਾਚਲ ਪ੍ਰਦੇਸ਼ ਨੂੰ ਆਪਸ ਵਿਚ ਜੋੜਦੀ ਹੈ। ਉਨ੍ਹਾਂ ਕਿਹਾ ਕਿ ਇਸ ਸੜਕ ਦੀ ਖਸਤਾ ਹਾਲਤ ਨੂੰ ਠੀਕ ਕਰਨ ਲਈ ਕਾਫ਼ੀ ਸਮੇਂ ਤੋਂ ਮੰਗ ਕੀਤੀ ਜਾ ਰਹੀ ਸੀ। ਉਨ੍ਹਾਂ ਕਿਹਾ ਕਿ ਇਸ ਸੜਕ ਦੀ ਟੈਂਡਰਿੰਗ ਪ੍ਰਕਿਰਿਆ ਪ੍ਰਗਤੀ ਅਧੀਨ ਹੈ ਅਤੇ ਅਪ੍ਰੈਲ 2023 ਤੱਕ ਇਸ ਦੀ ਸਪੈਸ਼ਲ ਰਿਪੋਰਟ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ।

# ਸੀਵਰੇਜ ਬੋਰਡ ਦੇ ਚੇਅਰਮੈਨ ਸੰਨੀ ਆਹਲੂਵਾਲੀਆ ਵੱਲੋਂ ਰਾਹੋਂ ਵਿਖੇ ਸੀਵਰੇਜ ਟ੍ਰੀਟਮੈਂਟ ਪਲਾਂਟ ਦਾ ਨੀਂਹ ਪੱਥਰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਜਲ ਸਪਲਾਈ ਤੇ ਸੀਵਰੇਜ ਬੋਰਡ ਦੇ ਚੇਅਰਮੈਨ ਡਾ. ਸੰਨੀ ਸਿੰਘ ਆਹਲੂਵਾਲੀਆ ਨੇ ਅੱਜ ਰਾਹੋਂ ਵਿਖੇ ਪਿਛਲੇ ਕਈ ਸਾਲਾਂ ਤੋਂ ਲਟਕੇ ਸੀਵਰੇਜ ਪ੍ਰਾਜੈਕਟ ਨੂੰ ਮੁੜ ਤੇਜ਼ੀ ਨਾਲ ਸ਼ੁਰੂ ਕਰਵਾਉਂਦਿਆਂ ਤਿੰਨ ਮਿਲੀਅਨ ਲੀਟਰ ਪ੍ਰਤੀ ਦਿਨ ਸਮਰੱਥਾ ਵਾਲੇ ਸੀਵੇਜ ਟ੍ਰੀਟਮੈਂਟ ਪਲਾਂਟ ਦਾ ਜ਼ਮੀਨ ਨੂੰ ਟੱਕ ਲਾ ਕੇ ਨੀਂਹ ਪੱਥਰ ਰੱਖਿਆ। ਉਨ੍ਹਾਂ ਨੇ ਮੌਕੇ ’ਤੇ ਮੌਜੂਦ ਸੀਵਰੇਜ ਬੋਰਡ ਅਧਿਕਾਰੀਆਂ ਨੂੰ 5.30 ਕਰੋੜ ਰੁਪਏ ਦੀ ਲਾਗਤ ਵਾਲੇ ਇਸ ਕੰਮ ਨੂੰ ਇੱਕ ਸਾਲ ਵਿੱਚ ਕਾਰਜਸ਼ੀਲ ਕਰਨ ਲਈ ਆਖਿਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਮਾਨ ਦੀਆਂ ਹਦਾਇਤਾਂ ਅਨੁਸਾਰ ਅਧਿਕਾਰੀ ਇਸ ਕੰਮ ਨੂੰ ‘ਮਿਸ਼ਨ ਮੋਡ’ ’ਚ ਕਰਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵੱਲੋਂ ਸਪੱਸ਼ਟ ਤੌਰ ’ਤੇ ਸਾਰੇ ਅਧਿਕਾਰੀਆਂ ਨੂੰ ਸਾਰੇ ਵਿਕਾਸ ਕੰਮ ਪੂਰੀ ਸੰਜੀਦਗੀ ਅਤੇ ਮਿਆਰਾਂ ਅਨੁਸਾਰ ਕਰਨ ਦੇ ਆਦੇਸ਼ ਹਨ। ਉਨ੍ਹਾਂ ਕਿਹਾ ਕਿ ਜਲ ਸਪਲਾਈ ਤੇ ਸੀਵਰੇਜ ਬੋਰਡ ਵੱਲੋਂ ਪੰਜਾਬ ਦੇ ਸ਼ਹਿਰਾਂ ’ਚ ਪੀਣ ਵਾਲੇ ਪਾਣੀ ਤੇ ਸੀਵਰੇਜ ਦੇ ਪ੍ਰਾਜੈਕਟਾਂ ਨੂੰ ਤਰਜੀਹੀ ਆਧਾਰ ’ਤੇ ਮੁਕੰਮਲ ਕੀਤਾ ਜਾਵੇਗਾ।

ਡਾ. ਸੰਨੀ ਸਿੰਘ ਆਹਲੂਵਾਲੀਆ ਨੇ ਕਿਹਾ ਕਿ ਹਾਲ ਹੀ ਵਿੱਚ ਮੁੱਖ ਮੰਤਰੀ ਵੱਲੋਂ ਜਲ ਸਪਲਾਈ ਤੇ ਸੀਵਰੇਜ ਬੋਰਡ ਵੱਲੋਂ ਤਿਆਰ ਸੂਬੇ ਦੇ ਸਭ ਤੋਂ ਵੱਡੇ ਅਤਿ-ਆਧੁਨਿਕ 225 ਮਿਲੀਅਨ ਲੀਟਰ ਪ੍ਰਤੀ ਦਿਨ ਦੀ ਸਮਰੱਥਾ ਵਾਲੇ ਜਮਾਲਪੁਰ ਸਥਿਤ ਟ੍ਰੀਟਮੈਂਟ ਪਲਾਂਟ ਨੂੰ ਚਾਲੂ ਕੀਤਾ ਗਿਆ ਹੈ। ਇਸ ਦੇ ਨਾਲ ਹੀ ਸੀਵਰੇਜ ਬੋਰਡ ਨੂੰ ਬੁੱਢੇ ਨਾਲੇ ਦੀ ਸਫ਼ਾਈ ਕਰਕੇ ਫ਼ਿਰ ਤੋਂ ਬੁੱਢਾ ਦਰਿਆ ਬਣਾਉਣ ਦੀ ਵੱਡੀ ਜ਼ਿੰਮੇਂਵਾਰੀ ਸੌਂਪੀ ਗਈ ਹੈ। ਉਨ੍ਹਾਂ ਕਿਹਾ ਕਿ ਸਥਾਨਕ ਸਰਕਾਰ ਮੰਤਰੀ ਇੰਦਰਬੀਰ ਸਿੰਘ ਨਿੱਝਰ ਦੀ ਅਗਵਾਈ ’ਚ ਜਲ ਸਪਲਾਈ ਤੇ ਸੀਵਰੇਜ ਬੋਰਡ ਸ਼ਹਿਰਾਂ ਦੀਆਂ ਲੋੜਾਂ ਪ੍ਰਤੀ ਪੂਰਾ ਗੰਭੀਰ ਹੈ।





ਸੀਵਰੇਜ ਬੋਰਡ ਦੇ ਚੇਅਰਮੈਨ ਨੇ ਰਾਹੋਂ ਦੇ ਲੋਕਾਂ ਨੂੰ ਵੀ ਇਸ ਸੀਵਰੇਜ ਪ੍ਰਾਜੈਕਟ ਨੂੰ ਜਲਦ ਨੇਪਰੇ ਚਾੜ੍ਹਨ ਲਈ ਪੂਰਣ ਸਹਿਯੋਗ ਦੇਣ ਦੀ ਅਪੀਲ ਕੀਤੀ ਗਈ। ਉਨ੍ਹਾਂ ਕਿਹਾ ਕਿ ਸ਼ਹਿਰ ’ਚ ਸੀਵਰੇਜ ਪਾਈਪਾਂ ਪਾਉਣ ਦੇ ਕੰਮ ਨੂੰ ਸਮੇਂ ਸਿਰ ਨਿਪਟਾਉਣ ਲਈ ਲੋਕਾਂ ਦਾ ਸਹਿਯੋਗ ਸਭ ਤੋਂ ਅਹਿਮ ਹੈ ਤਾਂ ਜੋ ਸੜ੍ਹਕਾਂ ਦੀ ਪੁਟਾਈ ’ਚ ਬੇਲੋੜੇ ਅੜਿੱਕੇ ਖੜ੍ਹੇ ਨਾ ਹੋ ਸਕਣ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵੀ ਸ਼ਹਿਰ ਵਾਸੀ ਨੂੰ ਕੰਮ ਦੀ ਗੁਣਵੱਤਾ ’ਚ ਕੋਈ ਕਮੀ ਲੱਗੇ ਤਾਂ ਉਹ ਇਸ ਸਬੰਧੀ ਵਿਭਾਗ ਦੇ ਅਧਿਕ-ਾਰੀਆਂ ਜਾਂ ਉਨ੍ਹਾਂ ਦੇ ਧਿਆਨ ’ਚ ਲਿਆਉਣ। ਉਨ੍ਹਾਂ ਦੱਸਿਆ ਕਿ ਰਾਹੋਂ ਵਿਖੇ ਲਾਏ ਜਾਣ ਵਾਲੇ ਸੀਵੇਜ ਟ੍ਰੀਟਮੈਂਟ ਪਲਾਂਟ ਨੂੰ ਪੰਜ ਸਾਲ ਚਲਾਉਣ ਤੇ ਸਾਂਭ-ਸੰਭਾਲ ਦੀ ਜ਼ਿੰਮੇਂਵਾਰੀ ਕੰਪਨੀ ਦੀ ਹੋਵੇਗੀ। ਆਪ ਦੇ ਨਵਾਂਸ਼ਹਿਰ ਦੇ ਸੀਨੀਅਰ ਆਗੂ ਲਲਿਤ ਮੋਹਨ ਪਾਠਕ ਨੇ ਇਸ ਮੌਕੇ ਆਪਣੇ ਸੰਬੋਧਨ ’ਚ ਕਿਹਾ ਕਿ ਪਿਛਲੇ ਕਈ ਸਾਲਾਂ ਤੋਂ ਰੁਕੇ ਸੀਵਰੇਜ ਦੇ ਕੰਮ ਦੇ ਮੁੜ ਸ਼ੁਰੂ ਹੋਣ ਨਾਲ ਰਾਹੋਂ ਦੇ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਨਗਰ ਕੌਂਸਲ ਦੇ ਮੌਜੂਦਾ ਪ੍ਰਧਾਨ ਅਮਰਜੀਤ ਸਿੰਘ ਬਿੱਟਾ ਤੇ ਸਾਬਕਾ ਪ੍ਰਧਾਨ ਹੇਮੰਤ ਰਣਦੇਵ (ਬੌਬੀ) ਅਤੇ ਸ਼ਹਿਰ ਦੇ ਕੌਂਸਲਰ ਇਸ ਪ੍ਰਾਜੈਕਟ ਨੂੰ ਮੁਕੰਮਲ ਕਰਵਾ ਕੇ ਸ਼ਹਿਰ ਦੇ ਲੋਕਾਂ ਨੂੰ ਰਾਹਤ ਦਿਵਾਉਣ ’ਚ ਸਰਕਾਰ ਦਾ ਸਹਿਯੋਗ ਕਰ ਰਹੇ ਹਨ। ਉਨ੍ਹਾਂ ਸੀਵਰੇਜ ਬੋਰਡ ਦੇ ਚੇਅਰਮੈਨ ਨੂੰ ਅਪੀਲ ਕਿ ਉਹ ਹੁਣ ਰਾਹੋਂ ਤੋਂ ਬਾਅਦ ਨਵਾਂਸ਼ਹਿਰ ਦੇ ਬਾਹਰੀ ਇਲਾਕਿਆਂ ਦੇ ਸੀਵਰੇਜ ਪ੍ਰਾਜੈਕਟ ਅਤੇ ਸ਼ਹਿਰ ’ਚ ਇੱਕ ਹੋਰ ਐਸ ਟੀ ਪੀ ਦੀ ਲੋੜ ਦੇ ਮੱਦੇਨਜ਼ਰ ਭੇਜੇ ਗਏ ਪ੍ਰਾਜੈਕਟ ਨੂੰ ਪਹਿਲ ਦੇ ਆਧਾਰ ’ਤੇ ਮਨਜ਼ੂਰ ਕਰਕੇ ਕੰਮ ਸ਼ੁਰੂ ਕਰਵਾਉਣ।

ਇੰਪਰੂਵਮੈਂਟ ਟ੍ਰੱਸਟ ਨਵਾਂਸ਼ਹਿਰ ਦੇ ਚੇਅਰਮੈਨ ਸਤਨਾਮ ਸਿੰਘ ਜਲਵਾਹਾ ਨੇ ਇਸ ਮੌਕੇ ਆਪਣੇ ਸੰਬੋਧਨ ’ਚ ਰਾਹੋਂ ਸ਼ਹਿਰ ਦੇ ਰੁਕੇ ਪਏ ਪ੍ਰਾਜੈਕਟ ਦੇ ਮੁੜ ਸ਼ੁਰੂ ਹੋਣ ’ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ, ਜਲ ਸਪਲਾਈ ਤੇ ਸੀਵਰੇਜ ਬੋਰਡ ਦੇ ਚੇਅਰਮੈਨ ਦਾ ਧੰਨਵਾਦ ਕੀਤਾ। ਹੋਰਨਾਂ ਤੋਂ ਇਲਾਵਾ ਆਪ ਦੇ ਜ਼ਿਲ੍ਹਾ ਸਕੱਤਰ ਗਗਨ ਅਗਨੀਹੋਤਰੀ ਅਤੇ ਨਗਰ ਕੌਂਸਲ ਰਾਹੋਂ ਦੇ ਸਾਬਕਾ ਪ੍ਰਧਾਨ ਹੇਮੰਤ ਰਣਦੇਵ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਰਾਜੀਵ ਵਰਮਾ, ਜਲ ਸਪਲਾਈ ਤੇ ਸੀਵਰੇਜ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਆਸ਼ੀਸ਼ ਰਾਏ, ਐਸ ਡੀ ਓ ਰਣਜੀਤ ਸਿੰਘ, ਈ ਓ ਰਾਹੋਂ ਰਾਮ ਪ੍ਰਕਾਸ਼, ਰਾਹੋਂ ਦੇ ਕੌਂਸਲਰ, ਆਪ ਦੇ ਜ਼ਿਲ੍ਹਾ ਯੂਥ ਪ੍ਰਧਾਨ ਵਿਨੀਤ ਰਾਣਾ, ਮਹਿਲਾ ਵਿੰਗ ਦੇ ਪ੍ਰਧਾਨ ਰਾਜਦੀਪ ਸ਼ਰਮਾ, ਬਲਾਕ ਪ੍ਰਧਾਨ ਭੁਪਿੰਦਰ ਉੜਾਪੜ ਵੀ ਮੌਜੂਦ ਸਨ।

# "ਗੁਰਦੁਆਰਾ, ਧਰਮ ਅਤੇ ਸਮਾਜ ਉਸਾਰੀ ਕੇਂਦਰ"



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਗੁਰਦੁਆਰਾ ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ। ਸੰਗਤ ਗੁਰਬਾਣੀ, ਪਾਠ ਕਥਾ ਕੀਰਤਨ ਇਤਿਹਾਸ ਅਤੇ ਢਾਡੀ ਵਾਰਾਂ ਸਰਵਣ ਕਰਕੇ, ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਦੀ ਹੈ। ਸ਼ਰਧਾ ਭਾਵਨਾ ਨਾਲ ਲੰਗਰਾਂ ਦੀ ਸੇਵਾ ਅਤੇ ਪ੍ਰਬੰਧ ਕੀਤੇ ਜਾਂਦੇ ਹਨ। ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਗੁਰੂ-ਕਾਲ ਵਿਚ ਜਿੱਥੇ ਵੀ ਸਿੱਖ ਵੱਸਦੇ ਸਨ, ਘਰਾਂ ਵਿਚ ਇਕੱਠੇ ਹੋ ਕੇ ਗੁਰਬਾਣੀ ਸਰਵਣ ਕਰਦੇ ਵਿਚਾਰਾਂ ਕਰਦੇ। ਜਦੋਂ ਸੰਗਤ ਦੀ ਗਿਣਤੀ ਵਧਣ ਲੱਗੀ ਤਾਂ ਧਰਮਸ਼ਾਲਾ ਬਣਾ ਲਈਆਂ। ਇਹ ਬਾਹਰੋਂ ਆਈ ਸੰਗਤ ਦੀ ਸੇਵਾ ਅਤੇ ਠਾਹਰ ਹੁੰਦੀਆਂ ਸਨ। ਇਸ ਤਰ੍ਹਾਂ ਧਾਰਮਿਕ ਕੇਂਦਰ ਹੋਂਦ ਵਿਚ ਆਉਂਦੇ ਗਏ। ਅਜਿਹਾ ਪਹਿਲਾ ਵੱਡਾ ਕੇਂਦਰ ਕਰਤਾਰਪੁਰ (ਪਾਕਿਸਤਾਨ) ਸੀ। ਜਿੱਥੇ ਜਿੱਥੇ ਵੀ ਗੁਰੂ ਸਾਹਿਬ ਠਹਿਰਦੇ ਰਹੇ, ਪ੍ਰਚਾਰ ਕਰਦੇ ਰਹੇ, ਉਥੇ ਵੱਡੀਆਂ ਧਰਮਸ਼ਾਲਾ ਬਣਦੀਆਂ ਗਈਆਂ। ਇਹਨਾਂ ਵਿਚੋਂ ਪ੍ਰਮੁੱਖ ਸਨ: ਖਡੂਰ ਸਾਹਿਬ, ਗੋਇੰਦਵਾਲ, ਚੱਕ-ਗੁਰੂ (ਅੰਮ੍ਰਿਤਸਰ), ਤਰਨਤਾਰਨ, ਕਰਤਾਰਪੁਰ (ਜਲੰਧਰ), ਕੀਰਤਪੁਰ, ਚੱਕ ਨਾਨਕੀ (ਅਨੰਦਪੁਰ ਸਾਹਿਬ), ਪਾਉਂਟਾ ਸਾਹਿਬ ਅੱਗੇ ਜਾ ਕੇ ਜਿਵੇਂ-ਜਿਵੇਂ ਸੰਗਤ ਵਧਦੀ ਗਈ, ਹੋਰ ਧਰਮਸ਼ਾਲਾ ਹੋਂਦ ਵਿਚ ਆਉਂਦੀਆਂ ਗਈਆਂ। ਜਿਵੇਂ: ਭਾਈ ਕਲਿਆਣ (ਮਹਲਾ ਦਿਲਵਾਲੀ ਸਿੰਘਾ ਦਿੱਲੀ), ਭਾਈ ਦਗੋ (ਧਰਮਤਾਨ ਜੀਂਦ), ਢਾਕਾ, ਪਟਨਾ, ਕਸ਼ਮੀਰ ਦੀਆਂ ਧਰਮਸ਼ਾਲਾ ਹਨ।

ਅਠਾਰਵੀਂ ਸਦੀ ਦੇ ਅੰਤ ਤੱਕ ਗੁਰੂ ਸਾਹਿਬਾਨ ਦੀ ਯਾਦ ਵਿਚ ਬਣੇ ਥੜਿਆਂ ਤੇ ਬਣਨ ਵਾਲੀਆਂ ਇਮਾਰਤਾਂ ਨੂੰ ਗੁਰਦੁਆਰਾ ਆਖਣਾ ਆਰੰਭ ਹੋਇਆ। ਗੁਰਦੁਆਰਾ ਦੇ ਰੂਪ ਵਿਚ ਬਣਨ ਵਾਲੀ ਪਹਿਲੀ ਇਮਾਰਤ ਦਰਬਾਰ ਸਾਹਿਬ ਅੰਮ੍ਰਿਤਸਰ ਹੀ ਸੀ। ਭਾਵੇਂ ਨਨਕਾਣਾ ਸਾਹਿਬ ਦੀ ਵੀ ਮਾਨਤਾ ਸੀ। ਇਸ ਤੋਂ ਅੱਗੇ ਤਰਨਤਾਰਨ, ਅਕਾਲ ਤਖਤ ਸਾਹਿਬ, ਕੀਰਤਪੁਰ ਸਾਹਿਬ, ਆਨੰਦਪੁਰ ਸਾਹਿਬ, ਨਨਕਾਣਾ ਸਾਹਿਬ ਗੁਰਦੁਆਰੇ ਸਥਾਪਤ ਹੋਏ। ਨਨਕਾਣਾ ਸਾਹਿਬ ਉਨੀਵੀਂ ਸਦੀ ਵਿਚ ਸਥਾਪਿਤ ਹੋਇਆ ਸੀ। ਦਿੱਲੀ ਵਿਚ ਵੀ ਗੁਰਦੁਆਰੇ ਅਠਾਰਵੀਂ ਸਦੀ ਦੇ ਅੰਤ ਵਿਚ ਬਣੇ ਹਨ। ਅਜੋਕੇ ਸਮੇਂ ਵਿਚ ਦੇਸ਼ ਵਿਦੇਸ਼ ਵਿਚ ਸਿੱਖ ਜਾ ਵੱਸੇ ਹਨ, ਗੁਰਦੁਆਰੇ ਬਣਦੇ ਜਾ ਰਹੇ ਹਨ। ਗੁਰੂ ਸਾਹਿਬਾਨ ਨਾਲ ਸਬੰਧਤ ਹਰ ਮੁਕਾਮ 'ਤੇ ਗੁਰਦੁਆਰਾ ਬਣੇ ਹਨ।

ਗੁਰਦੁਆਰਾ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ: ਗੁਰੂ ਤੇ ਦੁਆਰਾ/ ਦਰਵਾਜ਼ਾ/ ਦਰ-ਘਰ ਅਰਥਾਤ ਗੁਰੂ ਦਾ ਘਰ। ਜਿਸ ਤੋਂ ਅਸੀਂ ਵਾਹਿਗੁਰੂ ਜੀ ਦੇ ਦਰਸ਼ਨ ਕਰਨ ਦੀ ਤਿਆਰੀ ਕਰਦੇ ਹਾਂ। ਗੁਰਦੁਆਰਾ ਸਿੱਖ ਪੰਥ ਦੀ ਸੇਧ ਦਾ ਧੁਰਾ ਹੈ। ਇਹ ਸਿਰਫ ਧਾਰਮਿਕ ਕੇਂਦਰ ਹੀ ਨਹੀਂ, ਸਗੋਂ ਇਹ ਰੂਹਾਨੀ ਭਾਈਚਾਰਕ, ਵਿਦਿਅਕ, ਵਿਵਹਾਰਿਕ ਅਤੇ ਸਮਾਜ ਉਸਾਰੀ ਕੇਂਦਰ ਵੀ ਹੈ। ਅਸੂਲ ਅਨੁਸਾਰ ਹਰ ਗੁਰਦੁਆਰਾ ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ, ਉਥੇ ਲੰਗਰ ਅਤੇ ਸ਼ਰਧਾਲੂਆਂ ਦੀ ਠਹਿਰ ਹੋਣਾ ਲਾਜ਼ਮੀ ਹੈ। ਸਾਂਝੇ ਲੰਗਰਾਂ ਦੀ ਪ੍ਰਥਾ ਭਾਵੇਂ ਗੁਰੂ ਨਾਨਕ ਦੇਵ ਜੀ ਦੇ ਸਮੇਂ ਪ੍ਰਚੱਲਿਤ ਸੀ, ਗੁਰੂ ਅੰਗਦ ਦੇਵ ਜੀ ਨੇ ਧਰਮ ਪ੍ਰਚਾਰ ਦੇ ਨਾਲ ਨਾਲ ਲੰਗਰਾਂ ਨੂੰ ਵੀ ਤੋਰਿਆ। ਫਿਰ ਗੁਰੂ ਅਮਰਦਾਸ ਜੀ ਦਾ ਆਦੇਸ਼ ਸੀ ਕਿ ਪਹਿਲਾਂ ਇਕੋ ਪੰਗਤ ਵਿਚ ਬੈਠ ਕੇ ਲੰਗਰ ਛਕਿਆ ਜਾਵੇ, ਫਿਰ ਗੁਰੂ ਦਰਬਾਰ ਦੇ ਦਰਸ਼ਨ ਕੀਤੇ ਜਾਣ। ਜਿਸ ਨਾਲ ਉਚ-ਨੀਚ ਦਾ ਭੇਦਭਾਵ ਦੂਰ ਹੋਇਆ। ਇੱਥੋਂ ਤੱਕ ਕਿ ਮੁਗਲ ਬਾਦਸ਼ਾਹ ਅਕਬਰ ਨੇ ਵੀ ਪੰਗਤ ਵਿਚ ਬੈਠ ਕੇ ਲੰਗਰ ਛਕਿਆ।



ਗੁਰਦੁਆਰਾ ਦੇ ਪ੍ਰਬੰਧ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਇਆ। ਗੁਰੂ ਸਾਹਿਬ ਜੀ ਦੀ ਉਸਤਤਿ ਕੀਤੀ। 'ਝੂਲਤੇ ਨਿਸ਼ਾਨ ਰਹੇਂ ਗੁਰੂ ਮਹਾਰਾਜ ਕੇ' ਸਿੱਖਾਂ ਨੂੰ ਇਹ ਬੜਾ ਸ਼ੌਂਕ ਹੁੰਦਾ ਹੈ ਕਿ ਉਹ ਜਿੱਥੇ ਵੀ ਜਾ ਕੇ ਵੱਸਦੇ ਹਨ, ਸਭ ਤੋਂ ਪਹਿਲੀ ਕੋਸ਼ਿਸ਼ ਇਹ ਕਰਦੇ ਹਨ ਕਿ ਆਪਣੀ ਰਿਹਾਇਸ਼ ਤੇ ਆਪਣਾ ਮਕਾਨ ਹੋਵੇ। ਇਹ ਹੀ ਨਹੀਂ ਸਗੋਂ ਗੁਰੂ ਦਾ ਅਸਥਾਨ ਜ਼ਰੂਰ ਬਣਾਉਂਦੇ ਹਨ। ਇਸ ਲਈ ਜਿੱਥੇ ਵੀ ਸਿੱਖਾਂ ਦੀ ਆਬਾਦੀ ਹੁੰਦੀ ਹੈ, ਉਸ ਆਬਾਦੀ ਵਿਚ ਗੁਰਦੁਆਰਾ ਸਾਹਿਬ ਜੀ ਦੇ ਨਿਸ਼ਾਨ ਝੂਲਦੇ ਮਿਲਦੇ ਹਨ। ਵਿਦੇਸ਼ਾਂ ਵਿਚ ਵੀ ਜਿੱਥੇ-ਜਿੱਥੇ ਸਿੱਖ ਜਾ ਵੱਸੇ ਹਨ, ਉਥੇ ਨਿਸ਼ਾਨ ਸਾਹਿਬ ਜੀ ਦੇ ਦਰਸ਼ਨ ਹੁੰਦੇ ਹਨ।

ਸਿੱਖਾਂ ਦੀ ਆਬਾਦੀ ਭਾਵੇਂ ਜ਼ਿਆਦਾਤਰ ਪੰਜਾਬ ਖਿੱਤੇ ਵਿਚ ਹੈ ਪਰ ਕਈ ਪ੍ਰਮੁੱਖ ਦੇਸ਼ਾਂ ਵਿਚ ਸਿੱਖ ਜਾ ਵੱਸੇ ਹਨ ਜਿਵੇਂ ਇੰਗਲੈਂਡ, ਕੈਨੇਡਾ, ਅਮਰੀਕਾ, ਮਲੇਸ਼ੀਆ, ਕੀਨੀਆ, ਸਿੰਗਾਪੁਰ, ਥਾਈਲੈਂਡ, ਆਸਟ੍ਰੇਲੀਆ, ਨਿਊਜ਼ੀਲੈਂਡ, ਹਾਲੈਂਡ, ਹਾਂਗਕਾਂਗ, ਜਰਮਨੀ, ਨਾਰਵੇ, ਬੈਲਜੀਅਮ ਆਦਿ। ਵਿਦੇਸ਼ਾਂ ਵਿਚ ਮਾਂ-ਬੋਲੀ ਗੁਰਮੁਖੀ ਦੀ ਉਨਤੀ ਲਈ ਪੰਜਾਬੀ ਧਰਮ ਇਤਿਹਾਸ ਅਤੇ ਵਿਰਸਾ ਆਦਿ ਖੇਤਰਾਂ ਵਿਚ ਭਾਈਚਾਰੇ ਵੱਲੋਂ ਯਤਨ ਕੀਤੇ ਜਾ ਰਹੇ ਹਨ। ਹਰ ਕੋਈ ਆਪਣੀ ਯਥਾ-ਸ਼ਕਤੀ ਅਨੁਸਾਰ ਯੋਗਦਾਨ ਪਾ ਰਿਹਾ ਹੈ। ਗੁਰਦੁਆਰੇ ਵਿਚ ਗੁਰਮਤਿ, ਇਤਿਹਾਸ, ਕੀਰਤਨ, ਕਵਿਤਾ ਪਾਠ, ਬੀਰ ਰਸ ਵਾਰਾਂ ਅਤੇ ਗਤਕਾ ਆਦਿ ਦੇ ਅਭਿਆਸ ਦਾ ਉਚੇਚਾ ਪ੍ਰਬੰਧ ਹੁੰਦਾ ਹੈ। ਜਿਸ ਰਾਹੀਂ ਬੱਚਿਆਂ ਨੂੰ ਆਪਣੇ ਗੌਰਵਮਈ ਧਾਰਮਿਕ ਵਿਰਸੇ ਨਾਲ ਜੋੜਿਆ ਜਾ ਰਿਹਾ ਹੈ।

ਇਸ ਤਰ੍ਹਾਂ ਸਿੱਖ ਧਰਮ ਨੇ ਸੰਸਾਰ ਦੇ ਪ੍ਰਮੁੱਖ ਧਰਮਾਂ ਵਿਚ ਆਪਣੀ ਜਗ੍ਹਾ ਬਣਾਈ ਹੈ। ਪਰ ਅਜੋਕੇ ਸਮੇਂ ਵਿਚ ਫਿਰ ਵੀ ਆਪਣੀ ਸ਼ਨਾਖਤ ਦੀ ਰੱਖਿਆ ਲਈ ਬਚਾਅ ਦੇ ਯਤਨ ਕਰਨੇ ਪੈ ਰਹੇ ਹਨ। ਉਹਨਾਂ 'ਤੇ ਨਸਲੀ ਹਮਲੇ ਹੋ ਰਹੇ ਹਨ। ਗੁਰਦੁਆਰੇ ਵਿਚ ਵੀ ਆ ਕੇ ਦੂਸਰੀ ਨਸਲ ਦੇ ਸਿਰਫਿਰੇ ਅਨਸਰ ਆ ਕੇ ਸਿੱਖਾਂ ਨੂੰ ਮਾਰ ਜਾਂਦੇ ਹਨ। ਕਾਰੋਬਾਰਾਂ ਅਤੇ ਸੈਰਗਾਹਾਂ 'ਤੇ ਵੀ ਸਿੱਖ ਮਾਰੇ ਜਾਂਦੇ ਹਨ। ਇਸ ਸਮੇਂ ਅਜਿਹੇ ਪ੍ਰਚਾਰ ਦੀ ਲੋੜ ਹੈ ਕਿ ਦੂਸਰੇ ਧਰਮਾਂ ਅਤੇ ਨਸਲਾਂ ਦੇ ਲੋਕਾਂ ਨੂੰ ਵਿਸ਼ਵਾਸ ਵਿਚ ਲੈ ਕੇ ਸਾਂਝੀ ਗੱਲਬਾਤ ਕੀਤੀ ਜਾਵੇ ਅਤੇ ਸਦਭਾਵਨਾ ਪੈਦਾ ਕੀਤੀ ਜਾਵੇ। ਆਪਣੇ ਗੌਰਵਮਈ ਵਿਰਸੇ ਇਤਿਹਾਸ ਦੀ ਜਾਣਕਾਰੀ ਦੂਸਰੇ ਭਾਈਚਾਰੇ ਤੱਕ ਪਹੁੰਚਾਉਣੀ ਚਾਹੀਦੀ ਹੈ। ਅੰਦਰੂਨੀ ਧਰਮ ਵਿਸ਼ਵਾਸ ਦਾ ਪ੍ਰਚਾਰ ਤੇ ਪਸਾਰ ਹੋਵੇ। ਸਮਾਜਿਕ ਮਾਧਿਅਮਾਂ ਰਾਹੀਂ ਧਰਮ ਪ੍ਰਚਾਰ ਆਪਣੀ ਸਵੈ-ਰੱਖਿਆ ਲਈ ਕੀਤਾ ਜਾਵੇ।

ਗੁਰਦੁਆਰਾ ਗਿਆਨ ਦਾ ਕੇਂਦਰ ਹੈ। ਧਰਮ ਅਤੇ ਸਮਾਜ ਦੀ ਉਸਾਰੀ ਦਾ ਕੇਂਦਰ ਹੈ। ਗੁਰਬਾਣੀ ਦਾ ਚਾਨਣ ਸਾਨੂੰ ਜੀਵਨ ਜਾਚ ਦੀ ਸੋਝੀ ਬਖਸ਼ਦਾ ਹੈ। ਇਹੀ ਗਿਆਨ ਸਾਨੂੰ ਗੁਰਦੁਆਰਾ ਨਾਲ ਜੋੜਦਾ ਹੈ। ਸੰਗਤ ਅਤੇ ਪੰਗਤ ਵਿਚਆਪਸੀ ਸਦਭਾਵਨਾ ਪੈਦਾ ਹੁੰਦੀ ਹੈ। ਕੌਮ ਉਨਤੀ ਕਰਦੀ ਹੈ। ਬੱਚਿਆਂ ਨੂੰ ਆਪਣਾ ਵਿਰਸਾ ਅਗਾਂਹ ਤੋਰਨ ਦੀ ਪ੍ਰੇਰਨਾ ਮਿਲਦੀ ਹੈ। ਮਨੁੱਖਾ ਜੀਵਨ ਸੰਵਾਰਨ ਦੀ ਸਮਝ ਆਉਂਦੀ ਹੈ।

ਅੰਤਿਕਾ: ਉਹੀ ਹਿਰਦਾ ਪਵਿੱਤਰ ਹੈ, ਜਿਹੜਾ ਉਸ ਪ੍ਰਮਾਤਮਾ ਨੂੰ ਚੰਗਾ ਲੱਗ ਪੈਂਦਾ ਹੈ।ਜੇਕਰ ਮਨੁੱਖਦਾ ਹਿਰਦਾ ਅੰਦਰੋਂ ਵਿਕਾਰਾਂ ਨਾਲ ਬਹੁਤ ਗੰਦਾ ਹੋਇਆ ਪਿਆ ਹੈ ਤਾਂ ਬਾਹਰੋਂ ਸਰੀਰ ਨੂੰ ਤੀਰਥ ਆਦਿਕ ਦੇ ਇਸ਼ਨਾਨ ਕਰਾਇਆਂ ਹਿਰਦਾ ਅੰਦਰੋਂ ਸ਼ੁੱਧ ਨਹੀਂ ਹੋ ਸਕਦਾ। ਜੇ ਗੁਰੂ ਦੇ ਦਰ ਤੇ ਆਪਾ ਭਾਵ ਦੂਰ ਕਰਕੇ ਸਵਾਲੀ ਬਣੀਏ, ਤਾਂ ਹਿਰਦੇ ਨੂੰ ਪਵਿੱਤਰ ਭਰਨ ਦੀ ਅਕਲ ਮਿਲਦੀ ਹੈ। ਗੁਰੂ ਦੇ ਦਰ 'ਤੇ ਰਹਿ ਕੇ ਹੀ ਵਿਕਾਰਾਂ ਦੀ ਮੈਲ ਧੋਤਿਆਂ ਹਿਰਦਾ ਪਵਿੱਤਰ ਹੁੰਦਾ ਹੈ। ਜੇਕਰ ਗੁਰੂ ਦੇ ਦਰ ਤੇ ਟਿਕੀਏ ਤਾਂ ਪ੍ਰਮਾਤਮਾ ਆਪ ਹੀ ਇਹ ਵਿਚਾਰਨ ਦੀ ਸਮਝ ਬਖਸ਼ਦਾ ਹੈ ਕਿ ਅਸੀਂ ਚੰਗੇ ਹਾਂ ਜਾਂ ਮੰਦੇ। ਜੇ ਇਸ ਮਨੁੱਖਾ ਜੀਵਨ ਸਮੇਂ ਗੁਰੂ ਦਾ ਆਸਰਾ ਨਹੀਂ ਲਿਆ ਤਾਂ ਕੋਈ ਜੀਵ ਇਹ ਨਾ ਸਮਝ ਲਵੇ ਕਿ ਇੱਥੋਂ ਖਾਲੀ ਹੱਥ ਜਾ ਕੇ ਪ੍ਰਲੋਕ ਵਿਚ ਜੀਵਨ ਪਵਿੱਤਰ ਕਰਨ ਦੀ ਸੂਝ ਮਿਲੇਗੀ। ਇਹ ਇਕ ਕੁਦਰਤੀ ਨਿਯਮ ਹੈ ਕਿ ਇੱਥੇ ਮਨੁੱਖ ਜਿਹੋ ਜਿਹੇ ਕਰਮ ਕਰਦਾ ਹੈ, ਉਹੋ ਜਿਹਾ ਬਣ ਜਾਂਦਾ ਹੈ। ਜੇਕਰ ਮਨੁੱਖ ਗੁਰੂ ਦੇ ਦਰ ਤੇ ਡਿੱਗਦਾ ਹੈ, ਉਸਨੂੰ ਆਤਮਕ ਜੀਵਨ ਦੇਣ ਵਾਲਾ ਆਪਣਾ ਨਾਮ ਆਪ ਬਖਸ਼ਦਾ ਹੈ। ਜਿਸ ਮਨੁੱਖ ਨੂੰ ਇਹ ਦਾਤ ਮਿਲਦੀ ਹੈ, ਉਹ ਆਪਣਾ ਮਨੁੱਖਾ ਜਨਮ ਸੁਚੱਜਾ ਬਣਾ ਕੇ ਇੱਜਤ ਖੱਟ ਕੇ ਇੱਥੋਂ ਜਾਂਦਾ ਹੈ। ਉਹ ਆਪਣੀ ਸ਼ੋਭਾ ਦਾ ਵਾਜਾ ਇੱਥੇ ਵਜਾ ਜਾਂਦਾ ਹੈ। ਕੋਈ ਇਕ ਮਨੁੱਖ ਕੀ? ਤਿੰਨਾਂ ਹੀ ਲੋਕਾਂ ਵਿਚ ਪ੍ਰਮਾਤਮਾ ਉਸਦੀ ਸ਼ੋਭਾ ਖਿਲਾਰਦਾ ਹੈ। ਹੇ ਨਾਨਕ! ਉਹ ਮਨੁੱਖ ਆਪ ਸਦਾ ਪ੍ਰਸੰਨ-ਚਿੱਤ ਰਹਿੰਦਾ ਹੈ ਤੇ ਆਪਣੀਆਂ ਸਾਰੀਆਂ ਕੁਲਾਂ ਨੂੰ ਹੀ ਤਾਰ ਲੈਂਦਾ ਹੈ। ਸ਼ੋਭਾ ਦਿਵਾਉਂਦਾ ਹੈ- ਅੰਗ 730

## ਅਮਰੀਕਾ ਵਿਚ ਪੈਦਲ ਜਾ ਰਹੇ ਲੋਕਾਂ ਉਪਰ ਟਰੱਕ ਚੜਿਆ, ਡਰਾਈਵਰ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਨਿਊਯਾਰਕ ਵਿਚ ਇਕ ਯੂ ਹਾਲ ਟਰੱਕ ਪੈਦਲ ਜਾ ਰਹੇ ਲੋਕਾਂ ਉਪਰ ਚੜਨ ਉਪਰੰਤ ਹਫੜਾ ਦਫੜੀ ਵਾਲਾ ਮਾਹਲੌ ਬਣ ਗਿਆ। ਇਸ ਘਟਨਾ ਵਿਚ 8 ਲੋਕ ਜ਼ਖਮੀ ਹੋਏ ਹਨ ਜਿਨਾਂ ਵਿਚੋਂ 2 ਦੀ ਹਾਲਤ ਗੰਭੀਰ ਤੇ 2 ਦੀ ਹਾਲਤ ਬੇਹੱਦ ਗੰਭੀਰ ਹੈ। ਇਹ ਜਾਣਕਾਰੀ ਨਿਊਯਾਰਕ ਦੇ ਫਾਇਰ ਵਿਭਾਗ ਨੇ ਇਕ ਅਧਿਕਾਰੀ ਨੇ ਦਿੱਤੀ ਹੈ। ਨਿਊਯਾਰਕ ਪੁਲਿਸ ਵਿਭਾਗ ਨੇ ਕਿਹਾ ਹੈ ਕਿ ਇਹ ਘਟਨਾ ਸਨਸੈਟ ਪਾਰਕ, ਬਰੁਕਲਿਨ ਵਿਚ ਸਵੇਰੇ 10.49 ਵਜੇ ਉਸ ਵੇਲੇ ਵਾਪਰੀ ਜਦੋਂ ਟਰੱਕ ਡਰਾਈਵਰ ਪੁਲਿਸ ਤੋਂ ਬਚਣ ਦੇ ਯਤਨ ਵਿਚ ਆਪਣਾ ਨਿਯੰਤਰਣ ਗਵਾ ਬੈਠਾ ਤੇ ਟਰੱਕ ਪੈਦਲ ਜਾ ਰਹੇ ਅਨੇਕਾਂ ਲੋਕਾਂ ਉਪਰ ਜਾ ਚੜਿਆ। ਪੁਲਿਸ ਨੇ ਪਿੱਛਾ ਕਰਕੇ ਕੁਝ ਹੀ ਫਾਸਲੇ 'ਤੇ ਟੱਰਕ ਨੂੰ ਰੋਕ ਲਿਆ ਤੇ ਡਰਾਈਵਰ ਨੂੰ ਹਿਰਾਸਤ ਵਿਚ ਲੈ ਲਿਆ। ਜ਼ਖਮੀਆਂ ਵਿਚ ਇਕ ਪੁਲਿਸ ਅਫਸਰ ਵੀ ਸ਼ਾਮਿਲ ਹੈ। ਪੁਲਿਸ ਦੇ ਬੰਬ ਦਸਤੇ ਨੇ ਟੱਰਕ ਦੀ ਤਲਾਸ਼ੀ ਲੈਣ ਉਪਰੰਤ ਦਸਿਆ ਕਿ ਟਰੱਕ ਵਿਚੋਂ ਬਰਾਮਦ ਹੋਏ ਸਮਾਨ ਤੋਂ ਸੰਕੇਤ ਮਿਲੇ ਹਨ ਕਿ 62 ਸਾਲਾ ਡਰਾਈਵਰ ਪਿਛਲੇ ਕਈ ਦਿਨਾਂ ਤੋਂ ਘਰੋਂ ਬਾਹਰ ਹੀ ਰਹਿ ਰਿਹਾ ਸੀ। ਇਨਫੋਰਸਮੈਂਟ ਸੂਤਰਾਂ ਅਨੁਸਾਰ ਬਰਾਮਦ ਸਮਾਨ ਵਿਚ ਡਰਾਈਵਰ ਦੇ ਕਪੜਿਆਂ ਨਾਲ ਭਰੇ ਪਏ ਡੱਬੇ ਵੀ ਸ਼ਾਮਿਲ ਹਨ। ਜਾਂਚਕਾਰਾਂ ਨੇ ਕਿਹਾ ਹੈ ਕਿ ਉਹ ਡਰਾਈਵਰ ਦੇ ਪਿਛੋਕੜ ਬਾਰੇ ਜਾਣਨ ਦਾ ਯਤਨ ਕਰ ਹਨ ਤੇ ਉਨਾਂ ਦਾ ਵਿਸ਼ਵਾਸ਼ ਹੈ ਕਿ ਇਹ ਘਟਨਾ ਯੋਜਨਾਬੱਧ ਹਮਲਾ ਨਹੀਂ ਸੀ ਬਲ ਕਿ ਕਾਹਲ ਵਿਚ ਪੁਲਿਸ ਕੋਲੋਂ ਬਚ ਕੇ ਨਿਕਲ ਜਾਣ ਦੀ ਕੋਸ਼ਿਸ਼ ਦਾ ਸਿੱਟਾ ਹੈ। ਨਿਊਯਾਰਕ ਪੁਲਿਸ ਵਿਭਾਗ ਦੇ ਕਮਿਸ਼ਨਰ ਕੀਚੰਤ ਸੈਵਲ ਨੇ ਕਿਹਾ ਹੈ ਕਿ ਮੁੱਢਲੇ ਤੌਰ 'ਤੇ ਅਜਿਹਾ ਕੋਈ ਸੰਕੇਤ ਨਹੀਂ ਮਿਲਿਆ ਹੈ ਜੋ ਇਸ ਘਟਨਾ ਦਾ ਸਬੰਧ ਅੱਤਵਾਦ ਨਾਲ ਜੋੜਦਾ ਹੋਵੇ। ਇਸ ਘਟਨਾ ਦੀ ਜਾਣਕਾਰੀ ਗਵਰਨਰ ਕੈਥੀ ਹੋਛਲ ਤੇ ਮੇਅਰ ਏਰਿਕ ਐਡਮਜ ਨੂੰ ਦੇ ਦਿੱਤੀ ਗਈ ਹੈ।




## ਉੱਤਰ-ਆਧੁਨਿਕਤਾ ਬਨਾਮ ਜੋਖਮ ਸਮਾਜ

ਡਾ. ਗੁਰਪ੍ਰੀਤ ਸਿੰਘ
ਅਸਿਸਟੈਂਟ ਪ੍ਰੋਫੈਸਰ (ਸਮਾਜ ਵਿਗਿਆਨ ਵਿਭਾਗ)
ਪਟੇਲ ਮੈਮੋਰੀਅਲ ਨੈਸ਼ਨਲ ਕਾਲਜ, ਰਾਜਪੁਰਾ, ਪੰਜਾਬ.
91-99142-63381

ਬਦਲਾਅ ਅਤੇ ਵਿਕਾਸ ਸਮਾਜ ਦੀ ਹੋਂਦ ਲਈ ਅਵੱਸ਼ਕ ਹਨ. ਤੱਤਕਾਲੀਨ ਸਮਾਜ ਪਹਿਲਾਂ ਐਵੇਂ ਦਾ ਨਹੀ ਸੀ. ਸਗੋਂ ਇਹ ਸਮਾਜ ਸਰਲਤਾ ਤੋਂ ਜਟਿਲਤਾ ਵੱਲ ਹੋਏ ਕ੍ਰਮਕ-ਵਿਕਾਸ ਦਾ ਨਤੀਜਾ ਹੈ. ਇਸ ਪੜਾਅ-ਦਰ-ਪੜਾਅ ਹੋਏ ਕ੍ਰਮਕ-ਵਿਕਾਸ ਦੇ ਸਾਕਾਰਾਤਮਕ ਅਤੇ ਨਾਕਾਰਾਤਮਕ ਦੋਨੋਂ ਹੀ ਪੱਖ ਹਨ। ਇਸ ਵਿਕਾਸ ਦੇ ਸਾਕਾਰਾਤਮਕ ਪੱਖ ਅਨੁਸਾਰ, ਬੇਸ਼ਰਤ, ਬਹੁਤ ਸਾਰੀਆਂ ਵਿਗਿਆਨਕ ਅਤੇ ਤਕਨੀਕੀ ਮਨੁੱਖੀ ਕਾਢਾਂ ਨੇ ਸਮਾਜਿਕ ਉੱਨਤੀ ਲਈ ਅਲੱਗ-ਅਲੱਗ ਖੇਤਰਾਂ ਵਿੱਚ ਅਹਿਮ ਯੋਗਦਾਨ ਪਾਇਆ ਹੈ ਜਿਵੇਂ ਸੰਚਾਰ, ਆਵਾਜਾਈ, ਸਿੱਖਿਆ, ਭੋਜਨ ਸੰਬੰਧੀ ਆਦਿ. ਨਤੀਜਾ, ਇਨ੍ਹਾਂ ਕਾਢਾਂ ਕਾਰਨ ਮਨੁੱਖੀ ਜੀਵਨ ਸੌਖਾ ਹੋਇਆ ਜਾਪਦਾ ਹੈ।

ਪਰ, ਇਸ ਵਿਕਾਸ ਦੇ ਨਾਕਾਰਾਤਮਕ ਪੱਖ ਅਨੁਸਾਰ, ਸਮਾਜਿਕ ਸੱਭਿਆਚਾਰ ਅਤੇ ਵਾਤਾਵਰਨ ਵਿੱਚ ਨਾ-ਪੂਰਨ ਯੋਗ ਬਦਲਾਅ ਆਏ ਹਨ. ਸਮਾਜ ਵਿੱਚ ਹੋਈਆਂ ਆਧੁਨਿਕ ਵਿਗਿਆਨਕ ਅਤੇ ਤਕਨੀਕੀ ਕਾਢਾਂ ਨੇ ਮਨੁੱਖੀ ਜੀਵਨ ਨੂੰ ਭਾਵੇਂ ਸੌਖਾ ਜਰੂਰ ਕੀਤਾ ਹੈ ਪਰ ਇਨ੍ਹਾਂ ਕਾਢਾਂ ਨੇ ਮਨੁੱਖਤਾ ਲਈ ਬਹੁਤ ਸਾਰੀਆਂ ਬਿਪਤਾਵਾਂ ਪੈਦਾ ਕੀਤੀਆਂ ਹਨ. ਆਧੁਨਿਕ ਮਨੁੱਖ ਜੋਖਮ ਸਮਾਜ (Rsk Soicety) ਵਿੱਚ ਰਹਿ ਰਿਹਾ ਹੈ. ਜਰਮਨ ਸਮਾਜ-ਵਿਗਿਆਨੀ ਉਲਰਿਕ ਬੈਕ ਦਾ ਕੰਮ ਆਧੁਨਿਕ ਯੁੱਗ ਵਿੱਚ ਬੇਕਾਬੂਤਾ, ਅਗਿਆਨਤਾ ਅਤੇ ਅਨਿਸ਼ਚਿਤਤਾ ਤੇ ਕੇਂਦ੍ਰਿਤ ਸੀ. ਉਸਨੇ 'ਪੂਰਵ-ਆਧੁਨਿਕਤਾ', 'ਆਧੁਨਿਕਤਾ' ਅਤੇ 'ਉੱਤਰ-ਆਧੁਨਿਕਤਾ ਜਾਂ ਰਿਫਲੈਕਸੀਵਿਟੀ' ਦੇ ਸੰਕਲਪਾਂ ਰਾਹੀਂ ਸਮਾਜ ਦੀ ਪਰਿਵਰਤਨਸ਼ੀਲਤਾ ਨੂੰ ਪੇਸ਼ ਕੀਤਾ ਹੈ. ਪੂਰਵ-ਆਧੁਨਿਕ ਸਮਾਜ ਪਰੰਪਰਾਵਾਦੀ ਸਮਾਜ ਸੀ ਜਿਸ ਵਿੱਚ ਨਾ-ਗਿਣਨਯੋਗ ਜੋਖਮ ਹੋਣ ਕਰਕੇ ਇਹ ਡਰ ਨਹੀਂ ਸੀ ਕਿ ਅਗਲੀ ਬਿਪਤਾ ਕਦੋਂ ਆਵੇਗੀ। ਆਧੁਨਿਕ ਸਮਾਜ ਉਦਯੋਗਿਕ ਸਮਾਜ ਹੋਣ ਕਰਕੇ ਇਸ ਵਿੱਚ ਜੋਖਮ ਗਿਣਨਯੋਗ ਹੋ ਗਿਆ. ਪਰ ਉੱਤਰ-ਆਧੁਨਿਕ ਸਮਾਜ ਵਿੱਚ ਫਿਰ ਦੁਬਾਰਾ ਨਾ-ਗਿਣਨਯੋਗ ਜੋਖਮ ਆਇਆ। ਬੈਕ ਦਲੀਲ ਦਿੰਦਾ ਹੈ ਕਿ ਆਧੁਨਿਕ ਸਮਾਜ ਵਿੱਚ ਮੌਜੂਦ ਜੋਖਮ ਇੱਕ ਵਿਸ਼ਵ-ਵਿਆਪੀ ਜੋਖਮ ਸਮਾਜ ਦੇ ਗਠਨ ਵਿੱਚ ਯੋਗਦਾਨ ਪਾਵੇਗਾ. ਤਕਨਾਲੋਜੀ ਜੋਖਮਾਂ ਦੇ ਨਵੇਂ-ਨਵੇਂ ਰੂਪ ਪੈਦਾ ਕਰਦੀ ਹੈ. ਵਿਅਕਤੀ ਨੂੰ ਹਮੇਸ਼ਾ ਤਬਦੀਲੀਆਂ ਦਾ ਉੱਤਰ ਦੇਣ ਅਤੇ ਉਨ੍ਹਾਂ ਨਾਲ ਅਨੁਕੂਲਤਾ ਦੀ ਜਰੂਰਤ ਹੁੰਦੀ ਹੈ. ਜੋਖਮ ਸਮਾਜ, ਸਿਰਫ ਵਾਤਾਵਰਣ ਅਤੇ ਸਿਹਤ ਨਾਲ ਸਬੰਧਿਤ ਜੋਖਮਾਂ ਤੱਕ ਹੀ ਸੀਮਿਤ ਨਹੀਂ ਹੈ ਸਗੋਂ ਇਸ ਵਿੱਚ ਸਮਕਾਲੀ-ਜੀਵਨ ਵਿੱਚ ਅੰਤਰ-ਸਬੰਧਿਤ ਤਬਦੀਲੀਆਂ ਦੀ ਇੱਕ ਪੂਰੀ ਲੜੀ ਸ਼ਾਮਿਲ ਹੁੰਦੀ ਹੈ ਜਿਵੇਂ ਰੁਜਗਾਰ ਸਬੰਧੀ ਅਨਿਸ਼ਚਿਤਤਾ ਅਤੇ ਅਸੁਰੱਖਿਆ, ਪਰੰਪਰਾਵਾਂ ਅਤੇ ਰੀਤੀ-ਰਿਵਾਜਾਂ ਦਾ ਘਟਦਾ ਪ੍ਰਭਾਵ, ਪਰੰਪਰਾਗਤ ਪਰਿਵਾਰ ਦਾ ਖਾਤਮਾ, ਨਮੂਨੇ ਅਤੇ ਨਿੱਜੀ ਸਬੰਧਾਂ ਦਾ ਲੋਕਤੰਤਰੀਕਰਣ ਆਦਿ. ਜਿੰਨੀ ਤੇਜੀ ਨਾਲ ਆਧੁਨਿਕਤਾ ਦਾ ਪ੍ਰਸਾਰ ਅਤੇ ਵਿਸਥਾਰ ਹੋਇਆ ਓਨੀ ਹੀ ਤੇਜੀ ਨਾਲ ਜੋਖਮ ਵੀ ਵਧਿਆ। ਇਹ ਜੋਖਮ ਸਮਾਜ ਵਿੱਚ ਵਿਅਕਤੀਵਾਦ ਦੀ ਧਾਰਣਾ ਮੁੱਖ ਕੇਂਦਰ ਬਿੰਦੂ ਹੈ ਕਿਉਂਕਿ ਹੁਣ ਵਿਅਕਤੀ ਖੁਦ ਬਾਰੇ ਹੀ ਸੋਚਦਾ ਅਤੇ ਫੈਸਲੇ ਕਰਦਾ ਹੈ। ਉਹ ਸਮਾਜ ਅਤੇ ਵਾਤਾਵਰਣ ਨੂੰ ਆਪਣੇ ਤੋਂ ਦੂਰ ਕਰਦਾ ਜਾ ਰਿਹਾ ਹੈ। ਹੁਣ ਸਵਾਲ ਇਹ ਉੱਠਦਾ ਹੈ ਕਿ ਜੇਕਰ ਵਿਅਕਤੀ ਖੁਦ ਬਾਰੇ ਹੀ ਸੋਚਦਾ ਅਤੇ ਫੈਸਲੇ ਕਰਦਾ ਹੈ ਤਾਂ ਜੋਖਮ ਕਿੱਥੋਂ ਆਇਆ? ਬੈਕ ਉੱਤਰ ਦਿੰਦਾ ਹੋਇਆ ਕਹਿੰਦਾ ਹੈ ਕਿ ਆਧੁਨਿਕ ਸਮਾਜ ਦੀ ਨੀਂਹ ਅਜਿਹੇ ਲੱਛਣਾਂ ਉੱਤੇ ਸਥਾਪਿਤ ਹੈ ਜਿਸ ਵਿੱਚ ਜੋਖਮ ਅੰਤਰ-ਨਿਹਿਤ ਹੈ। ਹੁਣ ਵਿਅਕਤੀ ਮਨੁੱਖੀ ਛੋਟਵਾਦ ਨਮੂਨੇ (Human Exempitonailsm Paraidgm) ਅਨੁਸਾਰ ਜੀਵਨ-ਗਤੀਵਿਧੀਆਂ ਕਰ ਰਿਹਾ ਹੈ। ਉਹ ਸੋਚਦਾ ਹੈ ਕਿ ਜੋਖਮ ਤਾਂ ਕੇਵਲ ਜੀਵ-ਜੰਤੂਆਂ, ਪਸ਼ੂ, ਪੌਦਿਆਂ ਲਈ ਹੈ ਅਤੇ ਕਿਸੇ ਵੀ ਤਰ੍ਹਾਂ ਦੇ ਜੋਖਮ ਤੋਂ ਬਚਾਅ ਅਤੇ ਬਦਲ (alternaitve) ਉਸ ਕੋਲ ਹੈ ਉਦਾਹਰਣ ਵਜੋਂ ਗਰਮੀ ਤੋਂ ਰਾਹਤ ਲਈ ਏ.ਸੀ, ਕੂਲਰ, ਰੈਫਰਿਜਰੇਟਰ ਆਦਿ ਅਤੇ ਸਰਦੀਆਂ ਤੋਂ ਬਚਾਅ ਲਈ ਹੀਟਰ, ਬਲੋਅਰ ਆਦਿ. ਬੈਕ ਇਨ੍ਹਾਂ ਧਾਰਨਾਵਾਂ ਦੇ ਸਬੰਧੀ ਇੱਕ ਪਰਿਕਲਪਨਾ ਵੀ ਰੱਖਦਾ ਹੈ ਕਿ ਜਿਵੇਂ ਧਨ ਦਾ ਸਬੰਧ ਸਮਾਜਿਕ ਵਰਗ (class) ਨਾਲ ਹੁੰਦਾ ਹੈ ਉਸੇ ਤਰ੍ਹਾਂ ਜੋਖਮ ਦਾ ਸਬੰਧ ਸਮਾਜਿਕ ਵਰਗ ਨਾਲ ਵੀ ਹੈ ਪਰ ਇਹ ਸਬੰਧ ਉਲਟਾ ਹੈ ਕਿਉਂਕਿ ਪੈਸਾ ਸਮਾਜ ਵਿੱਚ ਸੱਭ ਤੋਂ ਉੱਪਰਲੇ ਪੱਧਰ ਤੇ ਹੈ ਅਤੇ ਜੋਖਮ ਸੱਭ ਤੋਂ ਹੇਠਲੇ. ਭਾਵ ਕਿ ਜਿਸ ਵਿਅਕਤੀ ਕੋਲ ਧਨ, ਸ਼ਕਤੀ ਅਤੇ ਹੋਰ ਲੋੜੀਂਦੇ ਸਾਧਨ ਬਹੁਤਾਤ ਵਿੱਚ ਹੁੰਦੇ ਹਨ ਉਹ ਇਨ੍ਹਾਂ ਸਹੂਲਤਾਂ ਦੀ ਮਦਦ ਨਾਲ ਆਪਣੇ ਤੋਂ ਹੇਠਲੇ ਵਰਗਾਂ ਦੇ ਵਿਅਕਤੀਆਂ ਦੇ ਮੁਕਾਬਲੇ ਆਪਣੇ ਜੀਵਨ ਵਿਚਲਾ ਜੋਖਮ ਘੱਟ ਕਰ ਲੈਂਦਾ ਹੈ. ਇਸੇ ਤਰ੍ਹਾਂ ਵਿਕਸਿਤ ਰਾਸ਼ਟਰਾਂ ਦੀ ਤੁਲਨਾ ਵਿਕਾਸਸ਼ੀਲ ਅਤੇ ਅਵਿਕਸਿਤ ਰਾਸ਼ਟਰਾਂ ਵਿੱਚ ਵੀ ਜੋਖਮ ਜਿਆਦਾ ਪਾਇਆ ਜਾਂਦਾ ਹੈ। ਉਦਯੋਗੀਕਰਣ ਅਤੇ ਤਕਨੀਕੀਕਰਣ ਦੀ ਬਦੌਲਤ ਪ੍ਰਦੂਸ਼ਣ ਵੀ ਪੈਦਾ ਹੁੰਦਾ ਹੈ ਜਿਸ ਨਾਲ ਬਹੁਤ ਸਾਰੀਆਂ ਨਾ-ਸੋਚੀਆਂ ਬਿਮਾਰੀਆਂ ਵੀ ਪੈਦਾ ਹੁੰਦੀਆਂ ਹਨ ਜੋ ਮਨੁੱਖਤਾ ਲਈ ਮਾਰੂ ਸਾਬਤ ਹੁੰਦੀਆਂ ਹਨ ਜਿਵੇਂ ਕਿ ਕਰੋਨਾ ਵਾਇਰਸ. ਅੱਜ ਹਾਲਾਤ ਇਹ ਬਣ ਚੁੱਕੇ ਹਨ ਕਿ ਸਾਡੇ ਆਲੇ-ਦੁਆਲੇ ਹਰ ਪਾਸੇ ਜੋਖਮ ਹੀ ਜੋਖਮ ਹੈ. ਜਿਵੇਂ ਮੋਬਾਇਲ ਅਤੇ ਇੰਟਰਨੈਟ ਕਾਰਨ ਸਾਡਾ ਖਲਾਅ (space) ਵੀ ਮੱਲਿਆ ਗਿਆ ਹੈ ਅਤੇ ਇਨ੍ਹਾਂ ਨੂੰ ਨੈਟਵਰਕ ਦੇਣ ਲਈ ਲੱਗੇ ਰੇਂਜ-ਟਾਵਰਾਂ ਤੋਂ ਨਿੱਕਲ ਰਹੀਆਂ ਨੁਕਸਾਨਦਾਇਕ ਤਰੰਗਾਂ ਕਾਰਣ ਅਸੀਂ ਹੁਣ ਘਰਾਂ ਵਿੱਚ ਵੀ ਸੁਰੱਖਿਅਤ ਨਹੀਂ ਹਾਂ। ਜੋਖਮ ਨੂੰ ਘੱਟ ਕਰਨ ਲਈ ਸਾਨੂੰ ਸਮਾਜਿਕ ਨੈਤਿਕ ਕਦਰਾਂ-ਕੀਮਤਾਂ ਦਾ ਸਹਾਰਾ ਲੈਣਾ ਪਵੇਗਾ ਜਿਨ੍ਹਾਂ ਤੋਂ ਅਸੀਂ ਦੂਰ ਹੋ ਕੇ ਵਿਅਕਤੀਵਾਦ ਦੀ ਧਾਰਣਾ ਨੂੰ ਪ੍ਰਫੁੱਲਿਤ ਕੀਤਾ ਹੈ। ਦੂਜਾ ਇਸ ਉਦਯੋਗਿਕ ਅਤੇ ਤਕਨੀਕੀ ਵਿਕਾਸ ਕਾਰਨ ਅਸੀਂ ਝੂਠ ਬੋਲਣ ਨੂੰ ਆਪਣੀ ਜਿੰਦਗੀ ਦਾ ਹਿੱਸਾ ਹੀ ਮੰਨ ਲਿਆ ਹੈ. ਸਾਡੇ ਪੰਜਾਬ ਦੀ ਇੱਕ ਕਹਾਵਤ ਹੈ ਕਿ ਜਦੋਂ ਘਰ ਕੱਚੇ ਸੀ ਉਦੋਂ ਲੋਕ ਸੱਚੇ ਸੀ।

# ਭਾਰਤੀ ਹਾਕੀ ਖੇਡ ਨੂੰ ਜਿਤਣ ਲਈ ਨਵੀਂ ਤਕਨੀਕ ਦੇ ਖੇਡ ਮੈਦਾਨ ਅਤੇ ਨਿਪੁੰਨ ਕੋਚਾਂ ਦੀ ਲੋੜ

**ਬੀਰਪਾਲ ਗਿਲ**

ਭਾਰਤੀ ਹਾਕੀ ਦਾ ਵਿਸ਼ਵ ਕੱਪ ਵਿਚ ਭਾਗ ਲੈਣ ਦਾ ਸਫ਼ਰ 51 ਵਰ੍ਹਿਆਂ ਦਾ ਹੋ ਗਿਆ ਹੈ। ਵਿਸ਼ਵ ਕੱਪ 1971 ਤੋਂ ਲੈ ਕੇ 2023 ਤੱਕ 15 ਵਾਰ ਖੇਡਿਆ ਜਾ ਚੁੱਕਾ ਹੈ, ਜਿਸ ਵਿਚ ਭਾਰਤ ਨੇ ਸ਼ੁਰੂਆਤੀ ਦੌਰ ਵਿਚ ਚੰਗਾ ਪ੍ਰਦਰਸ਼ਨ ਕਰਦੇ ਹੋਏ 1971 ਵਿਚ ਤੀਜਾ ਸਥਾਨ ਪ੍ਰਾਪਤ ਕੀਤਾ ਸੀ। ਇਸ ਤੋਂ ਬਾਅਦ ਦੂਜੇ ਵਿਸ਼ਵ ਕੱਪ 1973 ਵਿਚ ਫਾਈਨਲ ਮੁਕਾਬਲੇ ਵਿਚ ਚੰਗਾ ਪ੍ਰਦਰਸ਼ਨ ਕਰਦੇ ਹੋਏ ਦੂਜਾ ਸਥਾਨ ਪ੍ਰਾਪਤ ਕੀਤਾ। ਭਾਰਤੀ ਹਾਕੀ ਟੀਮ ਨੇ ਆਪਣੀ ਕਾਮਯਾਬੀ ਦੀਆਂ ਪੌੜੀਆਂ ਚੜ੍ਹਦਿਆਂ ਹੋਇਆਂ 1975 ਵਿਚ ਵਿਸ਼ਵ ਕੱਪ ਜਿੱਤ ਕੇ ਦੇਸ਼ ਵਾ-ਸੀਆਂ ਦਾ ਸੁਪਨਾ ਪੂਰਾ ਕੀਤਾ ਸੀ। ਭਾਰਤ ਦੇ ਖਿਡਾਰੀਆਂ ਨੇ ਸਿਰਫ਼ ਇਕ ਵਾਰ ਵਿਸ਼ਵ ਕੱਪ ਜਿੱਤ ਕੇ ਦੇਸ਼ ਵਾਸੀਆਂ ਨੂੰ ਖ਼ੁਸ਼ ਕੀਤਾ, ਜਦੋਂ ਕਿ 1947 ਤੋਂ ਵੱਖ ਹੋਇਆ ਗੁਆਂਢੀ ਦੇਸ਼ ਪਕਿਸਤਾਨ ਚਾਰ ਵਾਰ ਵਿਸ਼ਵ ਕੱਪ ਜਿੱਤ ਚੁੱਕਾ ਹੈ। ਟੋਕੀਓ ਉਲੰਪਿਕ ਤੋਂ ਬਾਅਦ ਭਾਰਤੀ ਹਾਕੀ ਟੀਮ 'ਤੇ ਕਾਫ਼ੀ ਉਮੀਦਾਂ ਜਤਾਈਆਂ ਜਾ ਰਹੀਆਂ ਸਨ, ਕਿਉਂਕਿ ਭਾਰਤੀ ਹਾਕੀ ਟੀਮ ਕਾਂਸੀ ਦਾ ਤਗਮਾ ਜਿੱਤ ਕੇ ਦੇਸ਼ ਪਰਤੀ ਸੀ। ਪੰਦਰ੍ਹਵਾਂ ਹਾਕੀ (ਪੁਰਸ਼) ਵਿਸ਼ਵ ਕੱਪ 13 ਜਨਵਰੀ ਤੋਂ 29 ਜਨਵਰੀ 2023 ਤੱਕ ਭੁਬਨੇਸ਼ਵਰ (ਓਡੀਸ਼ਾ) ਭਾਰਤ ਵਿਚ ਕਰਵਾਇਆ ਗਿਆ। ਇਸ ਮੁਕਾਬਲੇ ਵਿਚ ਭਾਰਤੀ ਹਾਕੀ ਟੀਮ ਦਾ ਪ੍ਰਦਰਸ਼ਨ ਉਮੀਦਾਂ 'ਤੇ ਖਰ੍ਹਾ ਨਹੀਂ ਉਤਰਿਆ। ਹਾਕੀ ਦੇ ਖੇਡ ਪ੍ਰੇਮੀ ਕਾਫ਼ੀ ਨਿਰਾਸ਼ ਨਜ਼ਰ ਆਏ, ਖੇਡ ਦੇ ਪਹਿਲੇ ਗੇੜਾਂ ਵਿਚ ਹੀ ਹਾਰ ਦਾ ਸਾਹਮਣਾ ਕਰਨਾ ਸਮਝ ਤੋਂ ਬਾਹਰ ਸੀ। ਖੇਡ ਦੇ ਦੋ ਪਹਿਲੂਆਂ ਨੇ ਹਾਰਨਾ ਅਤੇ ਜਿੱਤਣਾ ਇਕ ਟੀਮ ਨੇ ਜਿੱਤਣਾ ਅਤੇ ਦੂਜੀ ਨੇ ਹਾਰਨਾ ਤੈਅ ਹੀ ਹੁੰਦਾ ਹੈ। ਖੇਡ ਵਿਚ ਹਾਰਨ ਵਾਲੀ ਟੀਮ ਨੂੰ ਖੇਡ ਵਿਚ ਕੀਤੀਆ ਗ਼ਲਤੀਆਂ ਦਾ ਅਹਿਸਾਸ ਹੁੰਦਾ ਹੈ। ਭਾਰਤੀ ਟੀਮ ਦਾ ਤਕਨੀਕੀ ਪੱਖ ਤੋਂ ਕਮਜ਼ੋਰ ਹੋਣਾ ਹਾਰ ਦਾ ਕਾਰਨ ਬਣਿਆ, ਅੱਜ ਟੀਮ ਨੂੰ ਜੇਤੂ ਟੀਮਾਂ ਤੋਂ ਸਬਕ ਸਿੱਖਣ ਦੀ ਲੋੜ ਹੈ। ਖੇਡ 'ਚ ਜਦੋਂ ਟੀਮ ਨੂੰ ਪੈਨਲਟੀ ਕਾਰਨਰ ਲਗਾਉਣ ਦਾ ਮੌਕਾ ਮਿਲਦਾ ਹੈ ਤਾਂ ਖਿਡਾਰੀ ਖ਼ੁਸ਼ ਹੋ ਕੇ ਇਕ-ਦੂਜੇ ਨਾਲ ਹੱਥ ਮਿਲਾਉਂਦੇ ਹਨ ਕਿਉਂਕ ਇਹ ਕਿਸੇ ਵੀ ਟੀਮ ਦੀ ਜਿੱਤ-ਹਾਰ ਤੈਅ ਕਰਦੇ ਹਨ। ਇਸ ਲਈ ਖਿਡਾਰੀ ਵੱਧ ਤੋਂ ਵੱਧ ਪੈਨਲਟੀ ਕਾਰਨਰ ਹਾਸਲ



ਕਰਨ ਦੀ ਕੋਸ਼ਿਸ਼ ਕਰਦੇ ਹਨ। ਇਕ ਤਰ੍ਹਾਂ ਨਾਲ ਇਹ ਪੈਨਲਟੀ ਕਾਰਨਰ ਗਰੇਸ ਅੰਕ ਵਜੋਂ ਕੰਮ ਕਰਦੇ ਹਨ, ਜਿਸ ਤਰ੍ਹਾਂ ਕਲਾਸ ਵਿਚੋਂ ਪਾਸ ਹੋਣ ਲਈ ਕਿਸੇ ਵਿਦਿਆਰਥੀ ਨੂੰ ਦਿੱਤੇ ਜਾਂਦੇ ਹਨ।

ਭਾਰਤੀ ਹਾਕੀ ਟੀਮ ਗਰੇਸ ਅੰਕ ਪ੍ਰਾਪਤ ਕਰਨ ਵਿਚ ਅਸਫਲ ਨਜ਼ਰ ਆਈ। ਭਾਰਤੀ ਹਾਕੀ ਟੀਮ ਦੇ ਵਿਸ਼ਵ ਕੱਪ 2023 ਦੇ ਪੈਨਲਟੀ ਕਾਰਨਰ ਦੇ ਅੰਕੜਿਆ ਦੀ ਗੱਲ ਕੀਤੀ ਜਾਵੇ ਤਾਂ ਇੰਝ ਲਗਦਾ ਹੈ ਕਿ ਇਸ ਵਿਚ ਤਕਨੀਕੀ ਪੱਖ ਨੂੰ ਤਰਾਸ਼ਣ ਦੀ ਲੋੜ ਹੈ। ਖੇਡ ਵਿਚ ਅਗਲਾ ਤਕਨੀਕੀ ਪੱਖ ਸ਼ੂਟਆਊਟ ਦਾ ਮੰਨਿਆ ਜਾ ਰਿਹਾ ਸੀ, ਉਸ ਵਿਚ ਜ਼ਿਆਦਾ ਅਭਿਆਸ ਦੀ ਜ਼ਰੂਰਤ ਸਾਹਮਣੇ ਆਈ ਹੈ।

ਭਾਰਤ ਦੇ ਉੱਭਰਦੇ ਖਿਡਾਰੀ ਸਿੱਖਣ ਲਈ ਤਿਆਰ-ਬਰ-ਤਿਆਰ ਹਨ, ਪ੍ਰੰਤੂ ਸਿੱਖਣ ਲਈ ਮੰਚ ਅਧੂਰੇ ਨਜ਼ਰ ਆ ਰਹੇ ਹਨ। ਜੇਕਰ ਹਾਕੀ ਵਿਸ਼ਵ ਕੱਪ 1975 ਦੀ ਗੱਲ ਕੀਤੀ ਜਾਵੇ ਤਾਂ ਭਾਰਤ ਦੀ ਜਨਸੰਖਿਆ ਕਿੰਨੀ ਸੀ? ਕਿੰਨੇ ਹਾਕੀ ਖੇਡ ਮੈਦਾਨ ਉਪਲਬੱਧ ਸਨ? ਅੱਜ ਭਾਰਤ ਦੀ ਜਨਸੰਖਿਆ ਕਿੰਨੀ ਹੈ ਅਤੇ ਕਿੰਨੇ ਨਵੀਂ ਤਕਨੀਕ ਵਾਲੇ ਖੇਡ ਮੈਦਾਨ ਉਪਲਬੱਧ ਹਨ, ਇਹ ਅੰਦਾਜ਼ਾ ਅੰਕੜਿਆ ਤੋਂ ਲਗਾਇਆ ਜਾ ਸਕਦਾ ਹੈ। ਹਾਕੀ ਖੇਡ ਵਿਚ ਬੁਲੰਦੀਆਂ ਹਾਸਲ ਕਰਨ ਲਈ ਨਵੀਂ ਤਕਨੀਕ ਵਾਲੇ ਖੇਡ ਮੈਦਾਨਾਂ ਦੀ ਲੋੜ ਹੈ। ਖਿਡਾਰੀ ਨੂੰ ਯੋਗ ਖੇਡ ਮੈਦਾਨ ਦੀ ਭਾਲ ਲਈ ਕਾਫ਼ੀ ਲੰਬਾ ਸਫ਼ਰ ਤਹਿ ਕਰਨਾ ਪੈਂਦਾ ਹੈ। ਖਿਡਾਰੀਆਂ ਦੀ ਸਹੂਲਤ ਨੂੰ ਮੱ-ਦੇਨਜ਼ਰ ਰੱਖਦੇ ਹੋਏ ਹਰ ਪਿੰਡ ਅਤੇ ਸ਼ਹਿਰ ਵਿਚ ਖੇਡ ਮੈਦਾਨ ਯਕੀਨੀ ਬਣਾਇਆ ਜਾਵੇ। ਦੇਸ਼ ਵਿਚ ਖਿਡਾਰੀ ਬਹੁਤ ਨੇ ਪ੍ਰੰਤੂ ਕੋਚ ਤੋਂ ਸੱਖਣੇ ਨਜ਼ਰ ਆ ਰਹੇ ਹਨ। ਖਿਡਾਰੀਆਂ ਦੇ ਮਾਪੇ ਅਕਸਰ ਸਵਾਲ ਕਰਦੇ ਦੇਖੇ ਜਾਂਦੇ ਹਨ, ਆਪਣੇ ਨੇੜੇ-ਤੇੜੇ ਕੋਈ ਕੋਚ ਹੈ, ਬੱਚੇ ਨੂੰ ਖੇਡਣ ਭੇਜਣਾ ਹੈ। ਅੱਜ ਹਰ ਜ਼ਿੰਮੇਵਾਰ ਵਿਅਕਤੀ ਇਸ ਸਵਾਲ ਦਾ ਜਵਾਬ ਦੇਣ ਤੋਂ ਅਸਮੱਰਥ ਹੈ।

ਭਾਰਤ ਦੀ ਹਰਮਨ-ਪਿਆਰੀ ਹਾਕੀ ਖੇਡ ਨੂੰ ਹਰਮਨ ਪਿਆਰਾ ਬਣਾਈ ਰੱਖਣ ਲਈ ਨਵੀਂ ਤਕਨੀਕ ਦੇ ਖੇਡ ਮੈਦਾਨ ਅਤੇ ਕੋਚਾਂ ਦੀ ਨਿਯੁਕਤੀ ਕੀਤੀ ਜਾਣੀ ਚਾਹੀਦੀ ਹੈ। ਅੰਤਰ-ਰਾਸ਼ਟਰੀ ਖਿਡਾਰੀਆਂ ਦੇ ਦੂਜੇ ਦੇਸ਼ਾਂ ਵਿਚ ਸਿਖਲਾਈ ਕੈਂਪ ਦਾ ਪ੍ਰਬੰਧ ਜੰਗੀ ਪੱਧਰ 'ਤੇ ਹੋਣਾ ਚਾਹੀਦਾ ਹੈ। ਸਰਕਾਰ ਦੁਆਰਾ ਨਿ-ਯੁਕਤ ਕੀਤੇ ਕੋਚਾਂ ਦਾ ਦੂਜੇ ਦੇਸ਼ਾਂ ਵਿਚ ਤਕਨੀਕ ਨੂੰ ਬਰੀਕੀ ਨਾਲ ਜਾਣਨ ਲਈ ਟ੍ਰੇਨਿੰਗ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਜੇਕਰ ਸਰਕਾਰ ਦੁਆਰਾ ਇਨ੍ਹਾਂ ਪਹਿਲੂਆਂ 'ਤੇ ਧਿਆਨ ਦਿੱਤਾ ਗਿਆ ਤਾਂ ਯਕੀਨਨ ਹਾਕੀ ਵਿਚ ਭਾਰਤ ਦਾ ਗੁਆਚਿਆ ਰੁਤਬਾ ਮੁੜ ਬਹਾਲ ਹੋ ਜਾਵੇਗਾ।

# ਭਾਰਤ ਨੇ ਆਸਟ੍ਰੇਲੀਆ ਨੂੰ 6 ਵਿਕਟਾਂ ਨਾਲ ਹਰਾਇਆ

**ਨਵੀਂ ਦਿੱਲੀ–** ਰੋਹਿਤ ਸ਼ਰਮਾ ਦੀ ਅਗਵਾਈ 'ਚ ਭਾਰਤੀ ਟੀਮ ਨੇ ਦਿੱਲੀ ਟੈਸਟ ਵੀ ਜਿੱਤ ਲਿਆ ਹੈ। ਟੀਮ ਇੰਡੀਆ ਨੇ ਮੈਚ ਵਿੱਚ ਆਸਟਰੇਲੀਆ ਨੂੰ 6 ਵਿਕਟਾਂ ਨਾਲ ਹਰਾਇਆ। ਇਸ ਤਰ੍ਹਾਂ ਭਾਰਤ ਨੇ 4 ਮੈਚਾਂ ਦੀ ਸੀਰੀਜ਼ 'ਚ 2-0 ਦੀ ਅਜੇਤੂ ਬੜ੍ਹਤ ਬਣਾ ਲਈ ਹੈ। ਭਾਵ ਭਾਰਤੀ ਟੀਮ ਹੁਣ ਸੀਰੀਜ਼ ਨਹੀਂ ਗੁਆ ਸਕਦੀ ਅਤੇ ਬਾਰਡਰ-ਗਾਵਸਕਰ ਟਰਾਫੀ ਹੁਣ ਉਨ੍ਹਾਂ ਕੋਲ ਰਹੇਗੀ। ਮੈਚ ਦੇ ਤੀਜੇ ਦਿਨ ਐਤਵਾਰ ਨੂੰ ਆਸਟ੍ਰੇਲੀਆਈ ਟੀਮ ਦੂਜੀ ਪਾਰੀ 'ਚ ਸਿਰਫ 113 ਦੌੜਾਂ ਬਣਾ ਕੇ




ਪੈਵੇਲੀਅਨ ਪਰਤ ਗਈ। ਖੱਬੇ ਹੱਥ ਦੇ ਸਪਿਨਰ ਰਵਿੰਦਰ ਜਡੇਜਾ ਨੇ 42 ਦੌੜਾਂ ਦੇ ਕੇ 7 ਵਿਕਟਾਂ ਲਈਆਂ। ਇਹ ਉਸ ਦੇ ਕਰੀਅਰ ਦਾ ਸਰਵੋਤਮ ਪ੍ਰਦਰਸ਼ਨ ਹੈ। ਇਸ ਤਰ੍ਹਾਂ ਭਾਰਤ ਨੂੰ 115 ਦੌੜਾਂ ਦਾ ਟੀਚਾ ਮਿਲਿਆ। ਟੀਮ ਨੇ 4 ਵਿਕਟਾਂ ਗੁਆ ਕੇ ਇਹ ਪ੍ਰਾਪਤੀ ਕੀਤੀ। ਇਸ ਤੋਂ ਪਹਿਲਾਂ ਨਾਗਪੁਰ 'ਚ ਖੇਡੇ ਗਏ ਪਹਿਲੇ ਟੈਸਟ 'ਚ ਆਸਟ੍ਰੇਲੀਆ ਨੂੰ ਪਾਰੀ ਨਾਲ ਹਾਰ ਮਿਲੀ ਸੀ।

ਟੀਚੇ ਦਾ ਪਿੱਛਾ ਕਰਦਿਆਂ ਭਾਰਤੀ ਟੀਮ ਸ਼ੁਰੂਆਤ ਨਹੀਂ ਚੰਗੀ ਨਹੀਂ ਰਹੀ। ਕੇਐੈਲ ਰਾਹੁਲ ਇੱਕ ਵਾਰ ਫਿਰ ਵੱਡੀ ਪਾਰੀ ਨਹੀਂ ਖੇਡ ਸਕੇ। ਉਹ ਇਕ ਦੌੜ ਬਣਾ ਕੇ ਆਫ ਸਪਿੰਨਰ ਨਾਥਨ ਲਿਓਨ ਦਾ ਸ਼ਿਕਾਰ ਬਣ ਗਏ। 6 ਦੌੜਾਂ 'ਤੇ ਪਹਿਲੀ ਵਿਕਟ ਡਿੱਗਣ ਤੋਂ ਬਾਅਦ ਕਪਤਾਨ ਰੋਹਿਤ ਸ਼ਰਮਾ ਨੇ ਹਮਲਾਵਰ ਰੁਖ਼ ਅਪਣਾਇਆ। ਉਸ ਨੇ 20 ਗੇਂਦਾਂ 'ਤੇ 31 ਦੌੜਾਂ ਬਣਾਈਆਂ। 3 ਚੌਕੇ ਅਤੇ 2 ਛੱਕੇ ਲਗਾਏ। ਹਾਲਾਂਕਿ ਉਹ ਅਰਧ ਸੈਂਕੜੇ ਤੱਕ ਨਹੀਂ ਪਹੁੰਚ ਸਕੇ ਅਤੇ ਰਨ ਆਊਟ ਹੋ ਗਏ।

ਆਪਣਾ 100ਵਾਂ ਟੈਸਟ ਖੇਡ ਰਹੇ ਚੇਤੇਸ਼ਵਰ ਪੁਜਾਰ ਅਤੇ ਵਿਰਾਟ ਕੋਹਲੀ ਨੇ 39 ਦੌੜਾਂ 'ਤੇ 2 ਵਿਕਟਾਂ ਡਿੱਗਣ ਤੋਂ ਬਾਅਦ ਸਕੋਰ ਨੂੰ 69 ਦੌੜਾਂ ਤੱਕ ਪਹੁੰਚਾਇਆ। 31 ਗੇਂਦਾਂ 'ਤੇ 20 ਦੌੜਾਂ ਬਣਾ ਕੇ ਕੋਹਲੀ ਨੂੰ ਆਫ ਸਪਿਨਰ ਟੌਡ ਮਰਫੀ ਨੇ ਸਟੰਪ ਕੀਤਾ। ਇਸ ਤੋਂ ਬਾਅਦ ਸ਼੍ਰੇਅਸ ਅਈਅਰ 6 ਦੌੜਾਂ ਬਣਾ ਕੇ ਸ਼ੇਰ ਦਾ ਦੂਜਾ ਸ਼ਿਕਾਰ ਬਣੇ। ਪੁਜਾਰਾ 31 ਅਤੇ ਕੇਐੈਸ ਭਰਤ 23 ਦੌੜਾਂ ਬਣਾ ਕੇ ਨਾਬਾਦ ਰਹੇ। ਦੋਵੇਂ ਟੀਮ ਜਿੱਤ ਕੇ ਵਾਪਸ ਪਰਤੇ।

ਐਤਵਾਰ ਨੂੰ ਆਸਟ੍ਰੇਲੀਆ ਨੇ ਪਹਿਲੀ ਪਾਰੀ 'ਚ ਇਕ ਵਿਕਟ 'ਤੇ 61 ਦੌੜਾਂ ਤੋਂ ਅੱਗੇ ਖੇਡਣਾ ਸ਼ੁਰੂ ਕੀਤਾ। ਪਰ ਟੀਮ ਨੇ ਅਗਲੇ 52 ਦੌੜਾਂ 'ਤੇ 9 ਵਿਕਟਾਂ ਗੁਆ ਦਿੱਤੀਆਂ। ਟ੍ਰੈਵਿਸ ਹੈਡ (43) ਅਤੇ ਮਾਰਨਸ ਲਾਬੂਸ਼ੇਨ (35) ਨੇ ਸੰਘਰਸ਼ ਦਿਖਾਇਆ, ਪਰ ਉਨ੍ਹਾਂ ਦੇ ਆਊਟ ਹੁੰਦੇ ਹੀ ਪੂਰੀ ਟੀਮ ਹਿੱਲ ਗਈ। ਦਿਨ ਦੇ ਪਹਿਲੇ ਓਵਰ ਵਿੱਚ ਹੀ ਵਿਕਟਕੀਪਰ ਕੇਐੈਸ ਭਰਤ ਨੇ ਆਫ ਸਪਿੰਨਰ ਅਸ਼ਵਿਨ ਦਾ ਹੈਡ ਕੈਚ ਫੜਿਆ ਅਤੇ ਇੱਥੋਂ ਮੈਚ ਪੂਰੀ ਤਰ੍ਹਾਂ ਬਦਲ ਗਿਆ।

**ਜਡੇਜਾ ਨੇ 10 ਵਿਕਟਾਂ ਹਾਸਲ ਕੀਤੀਆਂ**

ਸਟੀਵ ਸਮਿਥ ਸਵੀਪ ਵਿੱਚ ਆਰ ਅਸ਼ਵਿਨ ਦਾ ਸ਼ਿਕਾਰ ਹੋਏ। ਮਾਰਨਸ ਲਾਬੂਸ਼ੇਨ ਨੂੰ ਜਡੇਜਾ ਨੇ ਬੋਲਡ ਕੀਤਾ। ਮੈਟ ਰੇਨਸ਼ਾਅ (2), ਪੀਟਰ ਹੈਂਡਸਕੌਂਬ (0) ਅਤੇ ਕਪਤਾਨ ਪੈਟ ਕਮਿੰਸ (9) ਕੁਝ ਖਾਸ ਨਹੀਂ ਕਰ ਸਕੇ। ਐਲੇਕਸ ਕੈਰੀ (8) ਅਤੇ ਨਯਨ ਲਾਇਨ (7) ਨੇ 15 ਦੌੜਾਂ ਦੀ ਸਾਂਝੇਦਾਰੀ ਕਰਕੇ ਸਕੋਰ ਨੂੰ 100 ਦੌੜਾਂ ਦੇ ਪਾਰ ਪਹੁੰਚਾਇਆ। ਪਰ ਰਵਿੰਦਰ ਜਡੇਜਾ ਨੇ ਕੁਨਹੇਮੈਨ ਨੂੰ ਆਊਟ ਕਰਕੇ ਕੰਗਾਰੂ ਟੀਮ ਨੂੰ ਜੋੜ ਦਿੱਤਾ। ਜਡੇਜਾ ਤੋਂ ਇਲਾਵਾ ਆਫ ਸਪਿਨਰ ਆਰ ਅਸ਼ਵਿਨ ਨੇ ਵੀ 3 ਵਿਕਟਾਂ ਹਾਸਲ ਕੀਤੀਆਂ। ਜਡੇਜਾ ਨੇ ਮੈਚ ਵਿੱਚ 10 ਅਤੇ ਅਸ਼ਵਿਨ ਨੇ 6 ਵਿਕਟਾਂ ਲਈਆਂ।

# ਨਿੱਕੀਆਂ ਕਰੂੰਬਲਾਂ ਦਾ ਕਮਲਜੀਤ ਨੀਲੋਂ ਵਿਸ਼ੇਸ਼ ਅੰਕ ਬਲਬੀਰ ਸੇਵਕ ਵੱਲੋਂ ਜਾਰੀ

**ਮਾਹਿਲਪੁਰ–** ਮਾਹਿਲਪੁਰ ਦੇ ਉੱਘੇ ਬਾਲ ਸਾਹਿਤ ਲੇਖਕ ਬਲਜਿੰਦਰ ਮਾਨ ਵੱਲੋਂ ਪਿਛਲੇ 27 ਸਾਲ ਤੋਂ ਨਿਰੰਤਰ ਸੰਪਾਦਿਤ ਤੇ ਪ੍ਰਕਾਸ਼ਿਤ ਕੀਤਾ ਜਾਣ ਵਾਲਾ ਪੰਜਾਬੀ ਬਾਲ ਰਸਾਲਾ ਹੁਣ ਇੰਡੀਆ ਬੁੱਕ ਆਫ ਰਿਕਾਰਡਜ਼ ਵਿੱਚ ਦਰਜ ਹੋ ਚੁੱਕਾ ਹੈ। ਇਸ ਰਸਾਲੇ ਦੇ 28 ਵੇਂ ਸਾਲ ਦਾ ਪ੍ਰਵੇਸ਼ ਅੰਕ ਕਮਲਜੀਤ ਨੀਲੋਂ ਵਿਸ਼ੇਸ਼ ਅੰਕ ਹੈ। ਇਸ ਵਿਸ਼ੇਸ਼ ਅੰਕ ਨੂੰ ਜਾਰੀ ਕਰਦਿਆਂ ਬਲਵੀਰ ਸਿੰਘ ਸੇਵਕ ਸਾਬਕਾ ਐਡੀਸ਼ਨਲ ਐਡਵੋਕੇਟ ਜਨਰਲ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਕਿਹਾ ਕੀ ਪੂਰੇ ਪੰਜਾਬ ਅਤੇ ਚੰਡੀਗੜ੍ਹ ਵਿੱਚੋਂ ਪੰਜਾਬੀ ਵਿਚ ਛਪਣ ਵਾਲਾ ਇਹ ਇਕੋ-ਇਕ ਬਾਲ ਰਸਾਲਾ ਹੈ।ਇਸ ਮੌਕੇ ਪ੍ਰਧਾਨਗੀ ਮੰਡਲ ਵਿਚ ਸ਼ਾਮਲ ਪ੍ਰੋਫੈਸਰ ਡਾਕਟਰ ਦਵਿੰਦਰਜੀਤ ਕੌਰ, ਸੰਜੀਵ ਖੁਰਾਣਾ ਅਤੇ ਗੁਰਵਿੰਦਰ ਸਿੰਘ ਨੇ ਕਿਹਾ ਕਿ ਇਸ ਰਸਾਲੇ ਦੇ ਪਾਠਕ ਪੂਰੀ ਦੁਨੀਆ ਵਿਚ ਬੈਠੇ ਹਨ ਜੋ ਆਨਲਾਈਨ ਅਤੇ ਪ੍ਰਿੰਟਿਡ ਪੜ੍ਹਦੇ ਹਨ। ਸੁਰ ਸੰਗਮ ਵਿੱਦਿਅਕ ਟਰੱਸਟ ਵੱਲੋਂ ਪ੍ਰਿੰਸੀਪਲ ਮਨਜੀਤ ਕੌਰ ਦੀ ਅਗਵਾਈ ਹੇਠ ਆਯੋਜਿਤ ਕੀਤੇ ਗਏ ਰਲੀਜ਼ ਸਮਾਰੋਹ ਵਚ ਸਾਂਝਾ ਵਿਚਾਰ ਮੰਚ ਪੰਜਾਬ ਦੇ ਕਨਵੀਨਰ ਅਮਰਜੀਤ ਸਿੰਘ ਉਚੇਚੇ ਤੌਰ ਤੇ ਹਾਜ਼ਰ ਹੋਏ। ਉਨ੍ਹਾਂ ਆਪਣੇ ਸੰਬੋਧਨ ਵਿਚ ਕਿਹਾ ਕਿ ਨੈਤਿਕ ਕਦਰਾਂ ਕੀਮਤਾਂ ਦਾ ਸੰਚਾਰ ਕਰਨ ਵਾਲੇ ਅਜਿਹੇ ਰਸਾਲੇ ਹਰ ਪੰਜਾਬੀ ਦੇ ਘਰ ਵਿਚ ਹੋਣੇ ਚਾਹੀਦੇ ਹਨ । ਉਨ੍ਹਾਂ ਅੱਗੇ ਕਿਹਾ ਕਿ ਮਾਤ ਭਾਸ਼ਾ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਨਿੱਕੀਆਂ ਕਰੂੰਬਲਾਂ ਦਾ ਮਹੱਤਵਪੂਰਨ ਯੋਗਦਾਨ ਹੈ। ਸਾਂਝਾ ਵਿਚਾਰ ਮੰਚ ਪੰਜਾਬ ਵੱਲੋਂ ਇਸ ਰਸਾਲੇ ਨੂੰ ਘਰ-ਘਰ ਪਹੁੰਚਾਉਣ ਦਾ ਜ਼ਿੰਮਾ ਲਿਆ ਗਿਆ। ਡਾਕਟਰ ਦੇਵਿੰਦਰ ਜੀਤ ਕੌਰ ਨੇ ਕਮਲਜੀਤ ਨੀਲੋਂ ਵਿਸ਼ੇਸ਼ ਅੰਕ ਬਾਰੇ ਬੋਲਦਿਆਂ ਕਿਹਾ ਕਿ ਇਹ ਇੱਕ ਸੰਪੂਰਣ ਦਸਤਾਵੇਜ ਹੈ ਜਿਸ ਰਾਹੀਂ ਸਾਨੂੰ ਕਮਲਜੀਤ ਨੀਲੋਂ ਦੇ ਜੀਵਨ ਸੰਗਰਾਮ ਅਤੇ ਪ੍ਰਾਪਤੀਆਂ ਬਾਰੇ ਜਾਣਕਾਰੀ ਮਿਲਦੀ ਹੈ। ਇਸ ਮੌਕੇ ਪੰਮੀ ਖੁਸ਼ਹਾਲਪੁਰੀ ਅਤੇ ਸੁਖਮਨ ਸਿੰਘ ਨੇ ਆਪਣੀਆਂ ਰਚਨਾਵਾਂ ਨਾਲ ਖੂਬ ਰੰਗ ਬੰਨ੍ਹਿਆ। ਇਸ ਸਮਾਰੋਹ ਵਿਚ ਹਰਭਜਨ ਸਿੰਘ ਕਾਹਲੋਂ, ਚੈਂਚਲ ਸਿੰਘ ਬੈਂਸ, ਬੱਗਾ ਸਿੰਘ ਆਰਟਿਸਟ, ਰਘਬੀਰ ਸਿੰਘ ਕਲੋਆ, ਹਰਵੀਰ ਮਾਨ, ਹਰਮਨਪ੍ਰੀਤ ਕੌਰ, ਤਾਨੀਆ ਜਾਖੂ, ਸੰਨੀ ਹੀਰ ਲੰਗੇਰੀ ਸਮੇਤ ਵਿਦਿਆਰਥੀ ਅਤੇ ਸਾਹਿਤ ਪ੍ਰੇਮੀ ਸ਼ਾਮਲ ਹੋਏ । ਸਭ ਦਾ ਧੰਨਵਾਦ ਕਰਦਿਆਂ ਕੁਲਦੀਪ ਕੌਰ ਬੈਂਸ ਨੇ ਕਿਹਾ ਕਿ ਅੱਜ ਵਿਦਿਆਰਥੀਆਂ ਨੂੰ ਨੈੱਟ ਦੇ ਜਾਲ ਤੋਂ ਬਚਾਉਣ ਲਈ ਅਜਿਹੇ ਰਸਾਲਿਆਂ ਦੀ ਬਹੁਤ ਲੋੜ ਹੈ।



# ਚੀਨ ਨਾਲ ਵਪਾਰਕ ਅਸੰਤੁਲਨ ਲਈ ਵਪਾਰੀ/ਕਾਰੋਬਾਰੀ ਵੀ ਬਰਾਬਰ ਦੇ ਜ਼ਿੰਮੇਵਾਰ- ਐੱਸ ਜੈਸ਼ੰਕਰ

**ਪੁਣੇ–** ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਪਾਕਿਸਤਾਨ ਦਾ ਸਿੱਧੇ ਤੌਰ 'ਤੇ ਨਾਮ ਨਾ ਲੈਂਦਿਆਂ ਕਿਹਾ ਕਿ ਅਤਿਵਾਦ ਦਾ ਕਾਰੋਬਾਰ ਚਲਾਉਣ ਵਾਲਾ ਕੋਈ ਵੀ ਮੁਲਕ ਆਪਣੀਆਂ ਸਮੱਸਿਆਵਾਂ ਤੋਂ ਬਾਹਰ ਨਹੀਂ ਨਿਕਲ ਸਕਦਾ ਹੈ ਅਤੇ ਖੁਸ਼ਹਾਲ ਨਹੀਂ ਬਣ ਸਕਦਾ ਹੈ। ਮੁਸ਼ਕਲਾਂ 'ਚ ਘਿਰੇ ਪੱਛਮੀ ਗੁਆਂਢੀ ਮੁਲਕ ਦੀ ਭਾਰਤ ਵੱਲੋਂ ਸਹਾਇਤਾ ਕੀਤੇ ਜਾਣ ਬਾਰੇ ਪੁੱਛੇ ਗਏ ਸਵਾਲ ਦਾ ਜਵਾਬ ਦਿੰਦਿਆਂ ਜੈਸ਼ੰਕਰ ਨੇ ਕਿਹਾ ਕਿ ਭਾਰਤ-ਪਾਕਿਸਤਾਨ ਸਬੰਧਾਂ 'ਚ ਅਤਿਵਾਦ ਮੂਲ ਮੁੱਦਾ ਹੈ। ਵਿਦੇਸ਼ ਮੰਤਰਾਲੇ ਵੱਲੋਂ ਇਥੇ ਕਰਵਾਏ ਗਏ ਏਸ਼ੀਆ ਆਰਥਿਕ ਸੰਵਾਦ 'ਚ ਉਨ੍ਹਾਂ ਕਿਹਾ ਕਿ ਕੋਈ ਵੀ ਵੱਡਾ ਫ਼ੈਸਲਾ ਲੈਣ ਤੋਂ ਪਹਿਲਾਂ ਉਹ ਜਨ ਭਾਵਨਾ ਨੂੰ ਵੀ ਦੇਖਣਗੇ। ਉਨ੍ਹਾਂ ਕਿਹਾ ਕਿ ਉਹ ਲੋਕਾਂ ਦੀ ਨਬਜ਼ ਨੂੰ ਮਹਿਸੂਸ ਕਰ ਸਕਦੇ ਹਨ ਅਤੇ ਸਾਰਿਆਂ ਨੂੰ ਇਸ ਦਾ ਜਵਾਬ ਮਿਲ ਗਿਆ ਹੋਵੇਗਾ।

ਵਿਦੇਸ਼ ਮੰਤਰੀ ਨੇ ਕਿਹਾ ਕਿ ਚੀਨ ਨਾਲ ਵਪਾਰਕ ਅਸੰਤੁਲਨ ਦੀ ਜ਼ਿੰਮੇਵਾਰੀ ਕਾਰੋਬਾਰੀਆਂ 'ਤੇ ਵੀ ਨਿਰਭਰ ਕਰਦੀ ਹੈ। ਉਨ੍ਹਾਂ ਭਾਰਤੀ ਕਾਰਪੋਰੇਟਾਂ ਨੂੰ ਵਿਕਾਸ ਨਾ ਕਰਨ ਲਈ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਕਿਹਾ ਕਿ ਸਰਕਾਰ ਆਤਮਨਿਰਭਰ ਭਾਰਤ 'ਤੇ ਜ਼ੋਰ ਦੇਣ ਵਰਗੀਆਂ ਨੀਤੀਆਂ ਲਿਆ ਰਹੀ ਹੈ ਪਰ ਵੱਡੇ ਪੱਧਰ 'ਤੇ ਵਿਦੇਸ਼ 'ਚ ਐਕਸਪੋਜ਼ਰ ਨਾਲ ਰਾਸ਼ਟਰੀ ਸੁਰੱਖਿਆ ਖਤਰੇ ਵਿੱਚ ਪੈ ਸਕਦੀ ਹੈ। ਚੀਨ ਨਾਲ ਵਪਾਰਕ ਅਸੰਤੁਲਨ ਕਾਰਨ ਪੈਦਾ ਹੋਈ ਚੁਣੌਤੀ ਨੂੰ ਬਹੁਤ ਗੰਭੀਰ ਅਤੇ ਭਿਆਨਕ ਦੱਸਦਿਆਂ ਉਨ੍ਹਾਂ ਕਿਹਾ ਕਿ ਇੱਥੇ ਜ਼ਿੰਮੇਵਾਰੀ ਸਿਰਫ਼ ਸਰਕਾਰ ਦੀ ਨਹੀਂ, ਸਗੋਂ ਇਹ ਕਾਰੋਬਾਰੀਆਂ ਦੀ ਵੀ ਬਣਦੀ ਹੈ। ਆਰਬੀਆਈ ਦੇ ਸਾਬਕਾ




ਗਵਰਨਰ ਰਘੂਰਾਮ ਰਾਜਨ ਸਮੇਤ ਹੋਰਾਂ ਵੱਲੋਂ ਭਾਰਤ ਨੂੰ ਸੇਵਾਵਾਂ 'ਤੇ ਧਿਆਨ ਕੇਂਦਰਤ ਕਰਨ ਲਈ ਆਖਣ 'ਤੇ ਜੈਸ਼ੰਕਰ ਨੇ ਚਿਤਾਵਨੀ ਦਿੱਤੀ ਕਿ ਜਿਹੜੇ ਲੋਕ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕਰਦੇ ਹਨ, ਉਹ ਅਸਲ ਵਿੱਚ ਭਾਰਤ ਦੇ ਰਣਨੀਤਕ ਭਵਿੱਖ ਨੂੰ ਨੁਕਸਾਨ ਪਹੁੰਚਾ ਰਹੇ ਹਨ।

**'ਆਪਣੀ ਸੁਰੱਖਿਆ ਲਈ ਕਿਸੇ ਵੀ ਹੱਦ ਤੱਕ ਜਾ ਸਕਦੈ ਭਾਰਤ'**

ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਕਿਹਾ ਕਿ ਭਾਰਤ ਦਾ ਅਕਸ ਅਜਿਹੇ ਮੁਲਕ ਵਾਲਾ ਬਣ ਗਿਆ ਹੈ ਜੋ ਆਪਣੀ ਸੁਰੱਖਿਆ ਲਈ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਹਰੇਕ ਮੁਲਕ ਦੀਆਂ ਆਪਣੀਆਂ ਚੁਣੌਤੀਆਂ ਹਨ ਅਤੇ ਕੌਮੀ ਸੁਰੱਖਿਆ ਤੋਂ ਵਧ ਕੇ ਹੋਰ ਕੋਈ ਵੀ ਚੁਣੌਤੀ ਵੱਡੀ ਨਹੀਂ ਹੈ। ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਅਜਿਹਾ ਮੁਲਕ ਹੈ ਜਿਸ ਨੂੰ ਨਾ ਤਾਂ ਖੁੱਡੇ ਲਾਇਆ ਜਾ ਸਕਦਾ ਹੈ ਅਤੇ ਨਾ ਹੀ ਕਿਸੇ ਨੂੰ ਲਕਸ਼ਮਣ ਰੇਖਾ ਪਾਰ ਕਰਨ ਦੀ ਇਜਾਜ਼ਤ ਦਿੱਤੀ ਜਾਵੇਗੀ। ਸਿੰਬੋਸਿਸ ਇੰਟਰਨੈਸ਼ਨਲ ਯੂਨੀਵਰਸਿਟੀ ਵੱਲੋਂ ਕਰਵਾਏ ਗਏ 'ਬੁੱਧੀਜੀਵੀਆਂ ਦੇ ਮੇਲੇ' ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ,"ਪਿਛਲੇ ਕੁਝ ਸਾਲਾਂ 'ਚ ਸਾਨੂੰ ਪੱਛਮੀ ਸਰਹੱਦ 'ਤੇ ਚੁਣੌਤੀ ਦਾ ਸਾਹਮਣਾ ਕਰਨਾ ਪਿਆ ਹੈ। ਮੈਨੂੰ ਜਾਪਦਾ ਹੈ ਕਿ ਹੁਣ ਹਾਲਾਤ ਕੁਝ ਵੱਖਰੇ ਹਨ ਅਤੇ ਇਸ ਨਾਲ ਹਰ ਕੋਈ ਸਹਿਮਤ ਹੋਵੇਗਾ। ਸਾਲ 2016 ਅਤੇ 2019 'ਚ ਕੁਝ ਘਟਨਾਵਾਂ ਵਾਪਰੀਆਂ ਸਨ ਅਤੇ ਉੱਤਰੀ ਸਰਹੱਦ 'ਤੇ ਚੁਣੌਤੀ ਮਿਲ ਰਹੀ ਹੈ।"

ਯੂਕਰੇਨ ਜੰਗ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਨਾਲ ਆਜ਼ਾਦੀ ਅਤੇ ਭਰੋਸਗੀ ਦੀ ਭਾਵਨਾ 'ਤੇ ਵੀ ਸਵਾਲ ਖੜ੍ਹੇ ਹੋਏ। ਜੀ-20 ਦੀ ਪ੍ਰਧਾਨਗੀ ਬਾਰੇ ਉਨ੍ਹਾਂ ਕਿਹਾ ਕਿ ਇਹ ਭਾਵੇਂ ਕੁਝ ਹੀ ਮੁਲਕਾਂ ਦਾ ਗੁੱਟ ਹੈ ਪਰ ਦੁਨੀਆ ਦੇ ਹੋਰ ਮੁਲਕਾਂ ਦੇ ਜਾਇਜ਼ ਹਿੱਤਾਂ ਨੂੰ ਉਥੇ ਉਭਾਰਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਭਾਰਤ ਆਲਮੀ ਦੱਖਣ ਦੀ ਆਵਾਜ਼ ਬਣ ਕੇ ਉਭਰਿਆ ਹੈ। ਵਿਦੇਸ਼ ਮੰਤਰੀ ਨੇ ਕਿਹਾ ਕਿ ਡੇਟਾ ਸੁਰੱਖਿਆ ਅਤੇ ਨਿੱਜਤਾ ਡਿਜੀਟਲ ਦੁਨੀਆ ਦੀਆਂ ਸਭ ਤੋਂ ਵੱਡੀਆਂ ਚੁਣੌਤੀਆਂ ਹਨ ਜਿਨ੍ਹਾਂ ਦਾ ਜੀ-20 ਦੀ ਮੀਟਿੰਗ ਦੌਰਾਨ ਹੱਲ ਕੱਢਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਹ ਮੀਟਿੰਗ ਉਸ ਸਮੇਂ ਹੋ ਰਹੀ ਹੈ ਜਦੋਂ ਦੁਨੀਆ ਨੂੰ ਯੂਕਰੇਨ-ਰੂਸ ਜੰਗ, ਕੋਵਿਡ ਮਹਾਮਾਰੀ ਅਤੇ ਉਸ ਦੇ ਅਸਰ ਕਾਰਨ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

## ਸ਼ਹੀਦੀ ਜੋੜ ਮੇਲੇ 'ਤੇ ਵਿਸ਼ੇਸ਼

# ਸਿੱਖ ਇਤਿਹਾਸ ਦਾ ਸਭ ਤੋਂ ਲੰਮਾ ਜੈਤੋ ਦਾ ਮੋਰਚਾ



ਪ੍ਰਮੋਦ ਧੀਰ
91-98550-31081

ਫਰੀਦਕੋਟ ਜ਼ਿਲ੍ਹੇ ਦੇ ਇਤਿਹਾਸਕ ਸ਼ਹਿਰ ਜੈਤੋ ਦੀ ਸਿੱਖ ਇਤਿਹਾਸ 'ਚ ਬੜੀ ਅਹਿਮ ਥਾਂ ਹੈ। ਇਸ ਸ਼ਹਿਰ ਨੂੰ ਦਸਮ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਹੈ। ਦੇਸ਼ ਦੇ ਆਜ਼ਾਦੀ ਸਮਾਗਮ 'ਚ ਇਥੋਂ ਦੇ ਦੇਸ਼ ਭਗਤਾਂ ਦਾ ਯੋਗਦਾਨ ਭੁਲਾਇਆ ਨਹੀਂ ਜਾ ਸਕਦਾ । ਇਸ ਥਾਂ ਦੀ ਇਤਿਹਾਸਕ ਮਹਾਨਤਾ ਇਸ ਕਰਕੇ ਹੀ ਵਧੇਰੇ ਹੈ ਕਿ ਸਿੱਖ ਇਤਿਹਾਸ ਦਾ ਸਭ ਤੋਂ ਲੰਮਾ ਸਮਾਂ ਜਾਰੀ ਰਹਿਣ ਵਾਲਾ ਮੋਰਚਾ ਇਥੇ ਹੀ ਲੱਗਿਆ ਜਿਸ ਨੂੰ ਜੈਤੋ ਦਾ ਮੋਰਚਾ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ।

**ਜੈਤੋ ਦਾ ਮੋਰਚਾ:** ਜੈਤੋ ਦਾ ਮੋਰਚਾ ਪਟਿਆਲਾ ਅਤੇ ਨਾਭਾ ਰਿਆਸਤ ਦੇ ਬਾਹਰੀ ਝਗੜੇ ਵਜੋਂ ਹੋਂਦ ਵਿਚ ਆਇਆ, ਕਿਉਂਕਿ ਅੰਗਰੇਜ਼ ਹਕੂਮਤ ਪਹਿਲਾਂ ਹੀ ਇਸ ਤਾਕ ਵਿਚ ਸੀ ਕਿ ਨਾਭਾ ਰਿਆਸਤ ਦੇ ਮਹਾਰਾਜ ਰਿਪੂਦਮਨ ਸਿੰਘ ਦੇ ਵਿਰੁੱਧ ਕੋਈ ਕਾਰਵਾਈ ਕਰਕੇ ਉਸ ਨੂੰ ਅੰਗਰੇਜ਼ੀ ਹਕੂਮਤ ਦਾ ਪ੍ਰਭਾਵ ਕਬੂਲ ਕਰਨ ਲਈ ਮਜਬੂਰ ਕੀਤਾ ਜਾ ਸਕੇ। ਅੰਗਰੇਜ਼ੀ ਹਕੂਮਤ ਨੇ ਦੋਹਾਂ ਰਿਆਸਤਾਂ ਦੇ ਵਿਚ-ਵਿਚਾਲੇ ਪੈ ਕੇ ਹੁਸ਼ਿਆਰੀ ਨਾਲ ਦੋਹਾਂ ਮਹਾਰਾਜਿਆਂ ਪਾਸੋਂ ਫੈਸਲਾ ਕਰਨ ਦੇ ਹੱਕ ਪ੍ਰਾਪਤ ਕਰ ਲਏ। ਹਕੂਮਤ ਨੂੰ ਅਜਿਹਾ ਹੱਕ ਦੇਣਾ ਹੀ ਮਹਾਰਾਜਾ ਨੂੰ ਮਹਿੰਗਾ ਪਿਆ। ਸਰਕਾਰ ਨੇ ਝਗੜੇ ਦੀ ਆੜ ਹੇਠ 9 ਜੁਲਾਈ 1923 ਨੂੰ ਮਹਾਰਾਜ ਰਿਪੂਦਮਨ ਸਿੰਘ ਨੂੰ ਨਾਭਾ ਰਿਆਸਤ ਦੀ ਰਾਜਗੱਦੀ ਤੋਂ ਲਾਹ ਕੇ ਉਸ ਨੂੰ ਰਾਜ ਵਿਚੋਂ ਕੱਢ ਦਿੱਤਾ। ਇਸ ਹਕੂਮਤ ਵਿਚ ਸਿੱਖ ਜਗਤ 'ਚ ਬੇਹੱਦ ਸਤਿਕਾਰ ਹੋਣ ਕਰਕੇ ਸਿੱਖਾਂ ਦੀ ਸ਼੍ਰੋਮਣੀ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੀ ਇਸ ਦਾ ਸਖਤ ਵਿਰੋਧ ਕੀਤਾ ਗਿਆ ਅਤੇ ਮਹਾਰਾਜਾ ਨਾਭਾ ਪ੍ਰਤੀ ਹਮਦਰਦੀ ਦਾ ਮਤਾ 9 ਸਤੰਬਰ 1923 ਨੂੰ 'ਨਾਭਾ ਡੇ' ਮਨਾਉਣ ਦਾ ਐਲਾਨ ਕਰ ਦਿੱਤਾ। ਇਸ ਦਿਨ ਪੰਜਾਬ ਵਿਚ ਥਾਂ-ਥਾਂ 'ਤੇ ਜਲੂਸ ਕੱਢੇ ਗਏ ਅਤੇ ਮਹਾਰਾਜੇ ਦੀ ਬਹਾਲੀ ਲਈ ਮਤੇ ਪਾਸ ਕੀਤੇ ਗਏ। ਜੈਤੋ ਵਿਖੇ ਵੀ ਅਜਿਹਾ ਜਲੂਸ ਕੱਢਿਆ ਗਿਆ। ਜਲੂਸ ਦੀ ਸਮਾਪਤੀ 'ਤੇ ਦੀਵਾਨ ਸਜਾਇਆ ਗਿਆ ਅਤੇ ਗੁਰਦੁਆਰਾ ਗੰਗਸਰ ਸਾਹਿਬ ਵਿਖੇ ਅਖੰਡ ਪਾਠ ਦੀ ਲੜੀ ਆਰੰਭ ਕੀਤੀ ਗਈ।

ਦੂਜੇ ਪਾਸੇ ਅੰਗਰੇਜ਼ੀ ਹਕੂਮਤ ਵੱਲੋਂ ਮਹਾਰਾਜਾ ਰਿਪੂਦਮਨ ਸਿੰਘ ਦੇ ਹੱਕ ਵਿਚ ਕੋਈ ਵੀ ਮਤਾ ਪਾਸ ਕਰਨ ਦੀ ਸਖਤ ਮਨਾਹੀ ਸੀ ਅਤੇ ਜੈਤੋ ਵਿਖੇ ਮਹਾਰਾਜੇ ਦੇ ਹੱਕ ਵਿਚ ਅਖੰਡ ਪਾਠਾਂ ਦੀ ਲੜੀ ਹਕੂਮਤੀ ਆਦੇਸ਼ਾਂ ਦੀ ਸਿੱਧੀ ਵਿਰੋਧਤਾ ਸੀ। ਇਸ ਕਰਕੇ 14 ਸਤੰਬਰ 1923 ਨੂੰ ਜਦੋਂ ਗੁਰਦੁਆਰਾ ਗੰਗਸਰ ਸਾਹਿਬ ਵਿਖੇ ਦੀਵਾਨ ਸਾਹਿਬ ਸਜਿਆ ਹੋਇਆ ਸੀ ਅਤੇ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਚੱਲ ਰਹੇ ਸਨ ਤਾਂ ਅੰਗਰੇਜ਼ੀ ਹਕੂਮਤ ਦੇ ਹਥਿਆਰਬੰਦ ਸਿਪਾਹੀਆਂ ਨੇ ਗੁਰਦੁਆਰਾ ਗੰਗਸਰ ਸਾਹਿਬ ਵਿਖੇ ਦਾਖਲ ਹੋ ਕੇ ਉਥੇ ਹੀ ਇਕੱਤਰ ਸ਼ਰਧਾਲੂਆਂ ਅਤੇ ਸੇਵਾਦਾਰਾਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ 'ਚ ਬੈਠੇ ਗ੍ਰੰਥੀ ਸਿੰਘਾਂ ਨੂੰ ਬਾਹਰ ਕੱਢ ਲਿਆਂਦਾ। ਇਸ ਤਰ੍ਹਾਂ ਚੱਲ ਰਹੇ ਅਖੰਡ ਪਾਠਾਂ ਨੂੰ ਖੰਡਿਤ ਕਰ ਦਿੱਤਾ। ਅਖੰਡ ਪਾਠ ਦਾ ਖੰਡਿਤ ਕੀਤਾ ਜਾਣਾ ਸਿੱਖ ਧਰਮ ਲਈ ਬਹੁਤ ਹੀ ਅਸਹਿ ਘਟਨਾ ਸੀ, ਜਿਸ ਦਾ ਵੱਡੇ ਪੱਧਰ 'ਤੇ ਵਿਰੋਧ ਹੋਣ ਲੱਗਾ। ਇਸ ਘਟਨਾ ਨੇ ਮਹਾਰਾਜਾ ਨਾਭਾ ਦੇ ਰਾਜਸੀ ਸਵਾਲ ਨੂੰ ਸਿੱਖ ਧਰਮ ਦਾ ਸਵਾਲ ਬਣਾ ਦਿੱਤਾ ਤੇ ਜੈਤੋ ਵਿਖੇ ਸਿੱਖਾਂ ਨੇ ਇਹ ਮੋਰਚਾ ਆਰੰਭ ਕਰ ਦਿੱਤਾ। ਇਸ ਮੋਰਚੇ ਦਾ ਮੁੱਖ ਨਿਸ਼ਾਨਾ ਖੰਡਿਤ ਕੀਤੇ ਗਏ ਅਖੰਡ ਪਾਠਾਂ ਨੂੰ ਅਖੰਡ ਰੂਪ 'ਚ ਮੁੜ ਚਾਲੂ ਕਰਨਾ ਸੀ।

ਸਿੱਖ ਇਤਿਹਾਸ ਦਾ ਪ੍ਰਸਿੱਧ ਜੈਤੋ ਦਾ ਮੋਰਚਾ ਸਾਰੇ ਸਿੱਖ ਮੋਰਚਿਆਂ ਤੋਂ ਲੰਮਾਂ ਸਮਾਂ (ਪੌਣੇ ਦੋ ਸਾਲ ਤੋਂ ਵੀ ਵੱਧ) ਜਾਰੀ ਰਿਹਾ ਅਤੇ ਇਸ ਮੋਰਚੇ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਰਹੀ ਕਿ ਉਸ ਵੇਲੇ ਦੀ ਅੰਗਰੇਜ਼ੀ ਹਕੂਮਤ ਨੂੰ 'ਗੁਰਦੁਆਰਾ ਐਕਟ' ਬਣਾਉਣ ਲਈ ਮਜ਼ਬੂਰ ਹੋਣਾ ਪਿਆ। ਇਸੇ ਐਕਟ ਦੇ ਅਧੀਨ ਹੀ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੌਜੂਦਾ ਸਰੂਪ ਹੋਂਦ ਵਿਚ ਆਇਆ। ਅੰਗਰੇਜ਼ੀ ਹਕੂਮਤ ਵੱਲੋਂ ਮਹਾਰਾਜੇ ਦੇ ਸਬੰਧ ਵਿਚ ਕੋਈ ਵੀ ਮਤਾ ਪਾਸ ਕਰਨ ਦੀ ਆਗਿਆ ਨਾ ਹੋਣ ਦੇ ਬਾਵਜੂਦ ਸਿੱਖ ਸੰਗਤਾਂ ਵੱਲੋਂ ਪੰਜਾਬ ਭਰ ਵਿਚ ਥਾਂ-ਥਾਂ ਮੁਜ਼ਾਹਰੇ ਕੀਤੇ ਗਏ ਅਤੇ ਮਹਾਰਾਜਾ ਦੀ ਬਹਾਲੀ ਦੇ ਮਤੇ ਪਾਸ ਕੀਤੇ ਗਏ। ਜੈਤੋ ਮੰਡੀ ਵਿਚ ਵੀ ਅਜਿਹਾ ਮੁਜ਼ਾਹਰਾ ਕਰਨ ਉਪਰੰਤ ਗੁਰਦੁਆਰਾ ਪਾਤਸ਼ਾਹੀ ਦਸਵੀਂ ਸ੍ਰੀ ਗੰਗਸਰ ਸਾਹਿਬ ਵਿਖੇ ਦੀਵਾਨ ਸਜਾਇਆ ਗਿਆ ਅਤੇ ਅਖੰਡ ਪਾਠਾਂ ਦੀ ਲੜੀ ਆਰੰਭ ਕੀਤੀ ਗਈ।



ਇਹ ਸਿੱਖ ਮਰਯਾਦਾ ਦੀ ਘੋਰ ਉਲੰਘਣਾ ਸੀ ਅਤੇ ਇਸ ਦੁਰਘਟਨਾ ਨੇ ਮਹਾਰਾਜਾ ਦੇ ਰਾਜਸੀ ਸਵਾਲ ਨੂੰ ਧਾਰਮਿਕ ਸਵਾਲ ਬਣਾ ਦਿੱਤਾ। ਜੈਤੋ ਮੋਰਚੇ ਦਾ ਮੁੱਖ ਨਿਸ਼ਾਨਾ ਖੰਡਿਤ ਅਖੰਡ ਪਾਠ ਨੂੰ ਮੁੜ ਅਖੰਡਿਤ ਰੂਪ ਵਿਚ ਚਾਲੂ ਕਰਨਾ ਸੀ। ਸਿੱਖਾਂ ਦੀ ਧਾਰਮਿਕ ਜੱਥੇਬੰਦੀ ਨੇ ਇਸ ਮੋਰਚੇ ਦੀ ਕਮਾਨ ਸੰਭਾਲਦਿਆਂ ਅੰਮ੍ਰਿਤਸਰ ਤੋਂ ਰੋਜ਼ਾਨਾ 25-25 ਸਿੰਘਾਂ ਦੇ ਜੱਥੇ ਜੈਤੋ ਵੱਲ ਭੇਜਣੇ ਸ਼ੁਰੂ ਕੀਤੇ। ਹਰ ਰੋਜ਼ ਇੱਕ ਜੱਥਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਚੱਲ ਕੇ ਜਦੋਂ ਜੈਤੋ ਪਹੁੰਚਦਾ ਤਾਂ ਹਕੂਮਤ ਵੱਲੋਂ ਸਿੰਘਾਂ ਨੂੰ ਗ੍ਰਿਫਤਾਰ ਕਰਕੇ ਜੰਗਲਾਂ ਵਿਚ ਲਿਜਾ ਕੇ ਛੱਡ ਦਿੱਤਾ ਜਾਂਦਾ। ਮੋਰਚੇ ਦੀ ਚਰਚਾ ਪੰਜਾਬ ਤੋਂ ਬਾਹਰ ਵੀ ਹੋਣ ਲੱਗੀ। ਕਾਂਗਰਸ ਵੱਲੋਂ ਪੰਡਿਤ ਜਵਾਹਰ ਲਾਲ ਨਹਿਰੂ, ਪ੍ਰਿੰਸੀਪਲ ਗਿਡਵਾਨੀ ਅਤੇ ਮਿਸਟਰ ਕੇ. ਸਨਾਤਮ ਸਥਿਤੀ ਦਾ ਜਾਇਜ਼ਾ ਲੈਣ ਲਈ ਜੈਤੋ ਮੰਡੀ ਭੇਜਿਆ ਗਿਆ। ਤਿੰਨਾਂ ਆਗੂਆਂ ਨੂੰ ਜੈਤੋ ਪੁੱਜਣ ਤੇ ਹੀ ਗ੍ਰਿਫਤਾਰ ਕਰ ਲਿਆ ਗਿਆ ਅਤੇ ਇਕ ਰਾਤ ਜੈਤੋ ਕਿਲੇ ਦੀ ਇਕ ਕੋਠੜੀ ਵਿਚ ਬੰਦ ਕਰਨ ਉਪਰੰਤ ਅਗਲੇ ਦਿਨ ਨਾਭਾ ਜੇਲ੍ਹ ਵਿਚ ਭੇਜ ਦਿੱਤਾ। 29 ਸਤੰਬਰ, 1923 ਨੂੰ ਸ਼੍ਰੋਮਣੀ ਗੁਰਦੁਆਰਾ ਕਮੇਟੀ ਵੱਲੋਂ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਹਕੂਮਤ ਦੀ ਦਖਲਅੰਦਾਜ਼ੀ ਨਾ ਸਹਿਣ ਕਰਨ ਦਾ ਮਤਾ ਪਾਸ ਕੀਤਾ ਗਿਆ ਅਤੇ 25 ਸਿੰਘਾਂ ਦੇ ਜੱਥੇ ਭੇਜਣ ਨਾਲ ਕੋਈ ਤਸੱਲੀਬਖਸ਼ ਸਿੱਟਾ ਨਿਕਲਦਾ ਨਾ ਵੇਖ ਕੇ ਮੋਰਚੇ ਨੂੰ ਹੋਰ ਤੇਜ਼ ਕਰਨ ਲਈ 500-500 ਸਿੰਘਾਂ ਦਾ ਜੱਥੇ ਭੇਜਣ ਦਾ ਫੈਸਲਾ ਕੀਤਾ ਗਿਆ। ਪਹਿਲੇ ਜੱਥੇ ਨੂੰ 21 ਫਰਵਰੀ, 1924 ਨੂੰ ਜੈਤੋ ਪੁੱਜ ਕੇ ਗੁਰਦੁਆਰਾ ਪਾਤਸ਼ਾਹੀ ਦਸਵੀਂ ਸ੍ਰੀ ਗੰਗਸਰ ਸਾਹਿਬ ਨੂੰ ਕਬਜ਼ੇ ਵਿਚ ਲੈਣ ਅਤੇ ਅਖੰਡ ਪਾਠ ਸ਼ੁਰੂ ਕਰਨ ਦਾ ਆਦੇਸ਼ ਦਿੱਤਾ ਗਿਆ।

ਇਹ ਵਿਸ਼ਾਲ ਜੱਥਾ 9 ਫਰਵਰੀ,1924 ਨੂੰ ਅਕਾਲ ਤਖਤ ਤੋਂ ਚੱਲ ਕੇ 20 ਫਰਵਰੀ ਨੂੰ ਫ਼ਰੀਦਕੋਟ ਜ਼ਿਲ੍ਹੇ ਦੇ ਪਿੰਡ ਬਰਗਾੜੀ ਵਿਖੇ ਪੁੱਜਿਆ। 21 ਫਰਵਰੀ ਨੂੰ ਸਵੇਰੇ ਕੀਰਤਨ ਕਰਨ ਉਪਰੰਤ ਇਹ ਜੱਥਾ ਜੈਤੋ ਵੱਲ ਕੂਚ ਕਰਨ ਲੱਗਿਆ। ਜੱਥੇ ਦੇ ਨਾਲ ਹਜਾਰਾਂ ਦੀ ਗਿਣਤੀ ਵਿਚ ਹੋਰ ਸੰਗਤ ਵੀ ਸ਼ਰਧਾਵੱਸ ਨਾਲ ਚੱਲ ਰਹੀ ਸੀ ਅਤੇ ਬੀਬੀਆਂ ਸਮੇਤ ਵੱਡੀ ਗਿਣਤੀ ਵਿਚ ਦਰਸ਼ਕ ਵੀ ਸਨ। ਕਾਂਗਰਸੀ ਨੇਤਾ ਡਾਕਟਰ ਕਿਚਲੂ, ਪ੍ਰਿੰਸੀਪਲ ਗਿਡਵਾਨੀ ਅਤੇ ਨਿਊਯਾਰਕ ਟਾਈਮਜ਼ ਦੇ ਪ੍ਰਤੀਨਿੱਧ ਮਿਸਟਰ ਜ਼ਿੰਮਦ ਕਾਰ ਵਿਚ ਸਵਾਰ ਹੋ ਕੇ ਜੱਥੇ ਦੇ ਨਾਲ-ਨਾਲ ਚੱਲ ਰਹੇ ਸਨ ਪਰ ਇਨ੍ਹਾਂ ਨੇਤਾਵਾਂ ਨੂੰ ਨਾਭਾ ਰਿਆਸਤ ਦੀ ਹੱਦ ਤੋਂ ਅੱਗੇ ਨਹੀਂ ਜਾਣ ਦਿੱਤਾ ਗਿਆ।

ਜੱਥੇ ਦੇ ਅੱਗੇ ਪੰਜ ਸਿੰਘ ਨਿਸ਼ਾਨ ਸਾਹਿਬ ਲੈ ਕੇ ਚੱਲ ਰਹੇ ਸਨ ਅਤੇ ਵਿਚਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਸੀ। ਅੰਗਰੇਜ਼ੀ ਹਕੂਮਤ ਵੱਲੋਂ ਜੱਥੇ ਨੂੰ ਗੁਰਦੁਆਰਾ ਟਿੱਬੀ ਸਾਹਿਬ ਤੋਂ 150 ਮੀਟਰ ਦੀ ਵਿੱਥ 'ਤੇ ਰੋਕ ਕੇ ਗੋਲੀ ਚਲਾ ਦੇਣ ਦੀ ਧਮਕੀ ਦਿੱਤੀ ਪਰ ਜੱਥਾ ਸ਼ਾਂਤਮਈ ਅੱਗੇ ਵਧਦਾ ਰਿਹਾ ਜਿਸ 'ਤੇ ਵਿਲਸਨ ਜਾਨਸਟਨ ਨੇ ਪੁਲਿਸ ਨੂੰ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ ਅਤੇ ਸੈਂਕੜੇ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ ਗਿਆ (ਸ਼ਰੋਮਣੀ ਕਮੇਟੀ ਅਨੁਸਾਰ ਇਸ ਘਟਨਾ ਵਿਚ 300 ਸਿੰਘ ਗੋਲੀ ਦਾ ਸ਼ਿਕਾਰ ਹੋਏ ਜਿਨ੍ਹਾਂ ਵਿਚੋਂ 100 ਸਿੰਘ ਸ਼ਹਾਦਤ ਹਾਸਲ ਕਰ ਗਏ)। ਇਸ ਘਟਨਾ ਨੇ ਸਿੱਖਾਂ ਅੰਦਰ ਨਵਾਂ ਜੋਸ਼ ਭਰ ਦਿੱਤਾ ਅਤੇ ਉਨ੍ਹਾਂ ਵਿਚ ਇਸ ਮੋਰਚੇ ਵਿਚ ਸ਼ਹਾਦਤ ਪਾਉਣ ਦਾ ਚਾਅ ਠਾਠਾਂ ਮਾਰਨ ਲੱਗਾ। ਲੋਕ ਸ਼ਹੀਦੀ ਜੱਥਿਆਂ ਵਿਚ ਵਧ ਚੜ੍ਹ ਕੇ ਸ਼ਾਮਲ ਹੋਣ ਲੱਗੇ। 28 ਫਰਵਰੀ 1924 ਨੂੰ ਅਗਲਾ ਸਿੰਘਾਂ ਦਾ ਜੱਥਾ ਅਮ੍ਰਿਤਸਰ ਤੋਂ ਜੈਤੋ ਲਈ ਰਵਾਨਾ ਹੋਇਆ ਜਿਸਨੂੰ 14 ਮਾਰਚ 1924 ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਇਨ੍ਹਾਂ ਜੱਥਿਆਂ ਵਿੱਚ ਕੈਨੇਡਾ,ਹਾਂਗਕਾਂਗ,ਹੰਗਾਈ ਆਦਿ ਦੇਸ਼ਾਂ ਤੋਂ ਵੀ ਸਿੰਘਾਂ ਨੇ ਹਿੱਸਾ ਲਿਆ।

ਇਸ ਤਰ੍ਹਾਂ 500-500 ਦੇ ਜੱਥੇ ਭੇਜਣ ਦਾ ਸਿਲਸਿਲਾ ਲਗਾਤਾਰ ਚਲਦਾ ਰਿਹਾ ਅਤੇ ਉਦੋਂ ਤੱਕ ਜਾਰੀ ਰਿਹਾ ਜਦੋਂ ਤੱਕ ਅੰਗਰੇਜ਼ੀ ਹਕੂਮਤ ਨੇ ਹੱਥ ਖੜ੍ਹੇ ਨਾ ਕੀਤੇ। ਅੰਤ ਹਕੂਮਤ ਸਿੱਖ ਸੰਘਰਸ਼ ਅੱਗੇ ਝੁਕ ਗਈ ਅਤੇ ਇਸ ਇਤਿਹਾਸਕ ਮੋਰਚੇ ਨੂੰ ਸਫਲਤਾ ਮਿਲੀ। ਸਿੱਖ ਸੰਗਤ ਨੇ ਗੁਰਦੁਆਰਾ ਗੰਗਸਰ ਸਾਹਿਬ ਜੈਤੋ ਵਿਖੇ ਮੁੜ ਆਖੰਡ ਪਾਠ ਸ਼ੁਰੂ ਕਰਕੇ ਮੋਰਚੇ ਨੂੰ ਤੋੜ ਚੜ੍ਹਾਇਆ। ਜੈਤੋ ਦੇ ਇਤਿਹਾਸਕ ਗੁਰਦੁਆਰਾ ਸ਼ਹੀਦ ਗੰਜ ਟਿੱਬੀ ਸਾਹਿਬ ਵਿਖੇ ਹਰ ਸ਼ਾਲ 21 ਫਰਵਰੀ ਨੂੰ ਸ਼ਹੀਦੀ ਜੋੜ ਮੇਲਾ ਲਗਾਇਆ ਜਾਂਦਾ ਹੈ ਜਿੱਥੇ ਵੱਡੀ ਗਿਣਤੀ ਵਿੱਚ ਸੰਗਤਾਂ ਪਹੁੰਚ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਣ ਕਰਦੀਆਂ ਹਨ।

# ਜੀਵਨਸਾਥੀ ਨਾਲ ਜਾਤ ਪਾਤ ਨਹੀਂ ਕੇਵਲ ਸੋਚ ਵਿਚਾਰ ਮਿਲਦੇ ਹੋਣ

ਆਪਾਂ ਸਭ ਜਾਣਦੇ ਹਾਂ ਕਿ ਜ਼ਿੰਦਗੀ ਦਾ ਸਫਰ ਬਹੁਤ ਲੰਮਾ ਹੁੰਦਾ ਹੈ।ਇਸ ਕਰਕੇ ਕੋਈ ਵੀ ਇੰਨਸਾਨ ਜ਼ਿੰਦਗੀ ਦਾ ਲੰਮਾ ਸਫ਼ਰ ਇਕੱਲਾ ਨਹੀਂ ਤੈਅ ਕਰ ਸਕਦਾਂ। ਚਲੋ ਬਾਕੀ ਹਰੇਕ ਇਨਸਾਨ ਦੀ ਆਪਣੀ ਆਪਣੀ ਸੋਚ ਹੈ। ਜਿਵੇਂ ਕਿਸੇ ਨੂੰ ਚੰਗਾ ਲੱਗਦਾ ਹੈ ਉਸ ਹਿਸਾਬ ਨਾਲ ਆਪਣੀ ਜ਼ਿੰਦਗੀ ਬਤੀਤ ਕਰਦਾ ਹੈ। ਆਪਾਂ ਪੁਰਾਣੇ ਸਮੇਂ ਦੀ ਗੱਲ ਕਰੀਏ ਤਾਂ ਪੁਰਾਣੇ ਸਮੇਂ ਚ ਅਨਪੜ੍ਹਤਾ ਸੀ। ਅਨਪੜ੍ਹਤਾ ਦੇ ਨਾਲ ਨਾਲ ਲੋਕਾਂ ਦੀ ਸੋਚ ਵੀ ਬਹੁਤ ਘੱਟ ਸੀ,ਇਸ ਕਰਕੇ ਕਿਸੇ ਦੀ ਕੋਈ ਵੀ ਖ਼ਵਾਹਿਸ਼ ਨਹੀਂ ਸੀ। ਕੇਵਲ ਉਮਰ ਦੇ ਹਿਸਾਬ ਨਾਲ ਵਿਆਹ ਕਰਵਾਉਣ ਤੱਕ ਮਤਲਬ ਹੁੰਦਾ ਸੀ ਹਰੇਕ ਇਨਸਾਨ ਦਾ ਇਸ ਕਰਕੇ ਜਿਥੇ ਵੀ ਕੋਈ ਪਰਿਵਾਰ ਚੋਂ ਕਹਿੰਦਾਂ ਸੀ ਤਾ ਚੁੱਪ-ਚਾਪ ਉਥੇ ਹੀ ਵਿਆਹ ਕਰਵਾ ਲਿਆ ਜਾਂਦਾ ਸੀ ਤੇ ਕੋਈ ਵੀ ਕਿਸੇ ਪ੍ਰਕਾਰ ਦੀ ਸੁਕਾਇਤ ਨਹੀਂ ਹੁੰਦੀ ਸੀ ਤੇ ਇਸ ਕਰਕੇ ਹੀ ਕੋਈ ਵੀ ਰਿਸ਼ਤਾ ਵੀ ਨਹੀਂ ਟੁੱਟਦਾ ਸੀ। ਇਸ ਤੋਂ ਇਲਾਵਾ ਹੋਰ ਕੋਈ ਅੱਗੇ ਵੱਧੂ ਸੋਚ ਨਹੀਂ ਸੀ ਕਿਉਂਕਿ ਅਨਪੜ੍ਹਤਾ ਸੀ ਬੱਸ ਕੰਮ ਇਹੀ ਸੀ ਖਾਣ ਪੀਣ ਦੇ ਗੁਜ਼ਾਰੇ ਲਈ ਖੇਤੀ ਹੁੰਦੀ ਇਸ ਦੇ ਨਾਲ ਨਾਲ ਉਸ ਵਕ਼ਤ ਲੋਕ ਮਾਲ ਚਾਰਦੇ ਸੀ।




ਹੁਣ ਦੇ ਸਮੇਂ ਦੀ ਗੱਲ ਕਰੀਏ ਤਾਂ ਹੁਣ ਦੇ ਸਮੇਂ ਚ ਹਰੇਕ ਇਨਸਾਨ ਪੜਿਆ ਲਿਖਿਆ ਹੈ। ਪੜ੍ਹਾਈ ਦੇ ਨਾਲ-ਨਾਲ ਹਰ ਵਿਸੇ ਬਾਰੇ ਜਾਣਕਾਰੀ ਵੀ ਹੈ। ਕੰਪਿਊਟਰ ਯੁੱਗ ਤੇ ਹਰੇਕ ਇਨਸਾਨ ਕੋਲ ਟੱਚ ਫੋਨ ਹੈ। ਦਿਮਾਗ ਇੰਨਾ ਤੇਜ ਹੋ ਗਿਆ ਕਿ ਹਰੇਕ ਇਨਸਾਨ ਦੀ ਖਵਾਇਸ਼ ਵੱਧ ਗਈ ਹੈ। ਹੁਣ ਦੇ ਸਮੇਂ ਚ ਹਰੇਕ ਮੁੰਡਾ-ਕੁੜੀ ਘਰੋਂ ਮਾਂ ਪਿਉ ਤੋਂ ਆਜ਼ਾਦੀ ਚਹੁੰਦਾ ਤੇ ਘਰੋਂ ਮਾਂ ਪਿਉ ਤੋਂ ਅਜ਼ਾਦੀ ਕਿਸੇ ਨੂੰ ਮਿਲਦੀ ਨਹੀਂ ਇਹੀ ਕਾਰਨ ਹੈ। ਅੱਜਕਲ੍ਹ ਜ਼ਿਆਦਾਤਰ ਰਿਸਤੇ ਟੁੱਟਣ ਦਾ ਇਸ ਕਰਕੇ ਮੁੰਡੇ-ਕੁੜੀਆਂ ਨੂੰ ਘਰੋਂ ਮਾਂ ਪਿਉ ਵੱਲੋਂ ਅਜ਼ਾਦੀ ਮਿਲਣੀ ਚਾਹੀਦੀ ਹੈ। ਜਾਤ-ਪਾਤ ਅਤੇ ਧਰਮ ਅਮੀਰੀ ਗਰੀਬੀ ਨਾਲ ਕੋਈ ਵੀ ਸੰਬੰਧ ਨਹੀਂ ਹੋਣਾ ਚਾਹੀਦਾ ਹੈ। ਜਿਥੇ ਵੀ ਕਿਸੇ ਦੀ ਸੋਚ ਵਿਚਾਰ ਮਿਲਦੇ ਨੇ ਜਿਥੇ ਵੀ ਵਿਆਹ ਕਰਵਾ ਕੇ ਅੰਦਰਲਾ ਮਨੀ ਰਾਮ ਖੁਸ ਹੈਂ। ਬੱਸ ਉਥੇ ਹੀ ਚੁੱਪ ਕਰਵਾ ਲੈਣਾ ਚਾਹੀਦਾ ਹੈ। ਇਹ ਚ ਕਿਸੇ ਦਾ ਵੀ ਸਲਾਹ ਮਸ਼ਵਰਾ ਨਹੀਂ ਹੋਣਾ ਚਾਹੀਂਦਾ ਹੈ। ਬੱਸ ਮੁੰਡਾ-ਕੁੜੀ ਅਜ਼ਾਦ ਹੋਣੇਂ ਚਾਹੀਦੇ ਨੇ। ਇਸ ਨਾਲ ਦਾਜ-ਦਹੇਜ ਵੀ ਖਤਮ ਹੋ ਜਾਵੇਂਗਾ। ਅਤੇ ਕਰਜ਼ੇ ਤੋਂ ਵੀ ਬਚਿਆ ਜਾ ਸਕਦਾ ਹੈਂ। ਨਾਂ ਕੋਈ ਤਲਾਕ ਨਾਂ ਹੀ ਕੋਈ ਰਿਸ਼ਤਾ ਟੁੱਟੇ ਹੁਣ ਆਪਣੇ ਲੋਕ ਬਾਹਰਲੇ ਦੇਸ਼ਾਂ ਚ ਜਾਂਦੇ ਨੇ ਬਾਹਰਲੀਆਂ ਕੰਟਰੀਆ ਚ ਲੋਕ ਅਜਾਦ ਨੇਂ ਜੋਂ ਵੀ ਕਰਦੇ ਨੇ ਆਪਣੀ ਮਰਜ਼ੀ ਨਾਲ ਕਰਦੇ ਨੇ ਆਪਣੀ ਮਰਜ਼ੀ ਨਾਲ ਹੀ ਜ਼ਿੰਦਗੀ ਜਿਉਂਦੇ ਨੇ।

ਜਿੰਦਗੀ ਚ ਬਹੁਤ ਖੁਸ਼ ਨੇ ਕਰਜ਼ੇ ਤੋਂ ਮੁਕਤ ਕੋਈ ਕਿਸੇ ਪ੍ਰਕਾਰ ਦੀ ਟੈਨਸਨ ਨਹੀਂ, ਕੋਈ ਕਿਸੇ ਪ੍ਰਕਾਰ ਦਾ ਵਹਿਮ ਭਰਮ ਨਹੀਂ, ਕੋਈ ਵਿਖਾਵਾ ਨਹੀਂ ਕੋਈ ਲਾਲਚ ਨਹੀਂ ਜੋਂ ਵੀ ਕਮਾਉਂਣਾ ਉਹੀ ਖਾਣਾਂ ਬੱਸ ਨਾਂ ਕੋਈ ਕਿਸੇ ਦੀ ਆਸ ਨਾਂ ਹੀ ਝਾਕ ਬੱਸ ਆਪਣੇ ਸਿਰ ਤੇ ਮੌਜ ਕਰਦੇ ਨੇ।

ਇਸ ਕਰਕੇ ਜ਼ਿੰਦਗੀ ਚ ਆਪਣੀ ਸੋਚ ਤੇ ਅਜ਼ਾਦ ਰਹੋ ਤੇ ਆਪਣੇ ਬੱਚਿਆਂ ਨੂੰ ਵੀ ਅਜ਼ਾਦ ਕਰੋਂ। ਅਸਲੀ ਇਨਸਾਨੀਅਤ ਵਾਲ਼ੀ ਜ਼ਿੰਦਗੀ ਬਤੀਤ ਕਰੋ।

**ਜਗਨ ਉੱਗੋਕੇ ਧਾਲੀਵਾਲ, 99155-98209**

## 'ਬੇਗਮਪੁਰਾ ਵਸਾਕੇ ਰਹਿਣਾ'

ਅਸੀਂ ਅਨੇਕਾਂ ਜਥੇਬੰਦੀਆਂ ਵਿਚ ਹਾਂ ਵੰਡੇ।
ਸੱਜਣੋਂ ਤਰ੍ਹਾਂ ਤਰ੍ਹਾਂ ਦੇ ਚੁੱਕੇ ਝੰਡੇ।

ਸਭੇ ਪਾਰਟੀਆਂ, ਡੇਰਿਆਂ ਨਾਲ ਖੜ੍ਹੇ ਹਾਂ।
ਵੱਖ-ਵੱਖ ਧਰਮਾਂ ਦੇ ਵਿਚ ਵੜੇ ਹਾਂ।

ਕੋਈ ਇਕ-ਦੂਜੇ ਨੂੰ ਵੇਖਕੇ ਨਾ ਰਾਜ਼ੀ।
ਕਹਿੰਦੇ ਫਿਰ ਵੀ ਜਿੱਤਕੇ ਰਹਿਣਾ ਬਾਜ਼ੀ।

ਗੀਤਾਂ ਭਾਸ਼ਣਾਂ ਵਿਚ ਜਚਕੇ ਕਹਿਣਾ।
ਮੇਜਰ ''ਅਸੀਂ ਬੇਗਮਪੁਰਾ ਵਸਾ ਕੇ ਰਹਿਣਾ।''



ਮੇਜਰ ਸਿੰਘ ਬੁਢਲਾਡਾ
91-94176-42327

## ਅੱਧ - ਅਧੂਰੇ

ਦੋਹਾਂ ਨੇ ਰਲਮਿਲ ਘਰ ਬਣਾਇਆ
ਬੰਦੇ ਦੀ ਹਉਮੈ ਨੇ ਕੰਮ ਗਵਾਇਆ
ਝਗੜਾ ਉਸ ਨੇ ਰੋਜ ਹੀ ਪਾਇਆ
ਵਧਦਾ ਝਗੜਾ ਓਸ ਐਨਾ ਵਧਾਇਆ
ਤਲਾਕ ਦੇਣ ਦੀ ਨੌਬਤ ਲੈ ਆਇਆ
ਬੰਦੇ ਨੇ ਤੀਵੀਂ ਨੂੰ, ਨੀਵਾਂ ਦਿਖਾਇਆ
ਪਤਨੀ ਦਾ ਸਵੈਮਾਣ, ਪਤੀ ਨੇ ਢਾਹਿਆ
ਨਫਰਤ ਨੇ ਘਰ, ਡੇਰਾ ਲਾਇਆ
ਪਤਨੀ ਨੇ ਵੀ ਫਿਰ ਪਾਸਾ ਪਰਤਾਇਆ
ਉਹਨੇ ਵੀ ਜਦੋਂ ਨੱਕ ਚੜ੍ਹਾਇਆ
ਵੱਖੋ ਵੱਖਰਾ ਦੋਹਾਂ, ਰਾਹ ਬਣਾਇਆ
ਹੁਣ ਕਚਹਿਰੀਆਂ ਵੱਲ ਨੂੰ ਚਾਲਾ ਪਾਇਆ
ਬੱਚਿਆਂ ਬਾਰੇ ਨਾ ਧਿਆਨ ਲਗਾਇਆ
ਬੰਦਾ ਨਾ ਮੰਨਿਆਂ, ਰਿਸ਼ਤੇਦਾਰਾਂ ਸਮਝਾਇਆ
ਸਾਨੂੰ ਦੋਵੇਂ ਚਾਹੀਦੇ, ਬੱਚਿਆਂ ਰੌਲਾ ਪਾਇਆ
ਅੱਧੇ-ਅਧੂਰੇ ਰਹਿ ਗਏ, ਨਾ ਤੋੜ ਨਿਭਾਇਆ
ਕਦੇ ਕਦੇ ਉਹ ਸੋਚਦੇ, ਕੀ ਖੱਟਿਆ ਕੀ ਪਾਇਆ
ਆਕੜ ਬੰਦੇ ਛੱਡੀ ਨਾ, ਉਂਜ ਘਰ ਗਵਾਇਆ

ਸ਼ੱਕ ਜਿਥੇ ਆ ਗਿਆ, ਉਸ ਨੇ ਭੜਥੂ ਹੀ ਪਾਇਆ
ਜੋੜ-ਕਜੋੜ ਜਿਥੇ ਮਿਲ ਗਏ, ਨਾ ਸੁੱਖ ਸ਼ਾਤੀ ਪਾਇਆ
ਕੁੜੀਆਂ ਵੀ ਘੱਟ ਨਹੀਂ, ਨਾ ਮੇਲ ਮਿਲਾਇਆ
ਕਈ ਕਾਰਨ ਬਣ ਗਏ, ਜਿੰਦਗੀ ਨੂੰ ਰੁਲਾਇਆ
"ਮਾਵੀ" ਦੁਨੀਆਂ ਭਟਕ ਰਹੀ, ਦੁੱਖ ਉਠਾਇਆ
ਚੁਸਤ, ਚਲਾਕੀਆਂ, ਠੱਗੀਆਂ, ਨੇ ਜੋਰ ਵਧਾਇਆ

ਗੁਰਦਰਸ਼ਨ ਸਿੰਘ ਮਾਵੀ
98148 51298



# ਕਿਵੇਂ ਕਰੀਏ ਪ੍ਰੀਖਿਆਵਾਂ ਦੀ ਤਿਆਰੀ?

## (ਆਓ ਜਾਣੀਏ ਪ੍ਰੀਖਿਆਵਾਂ 'ਚ ਚੰਗੇ ਅੰਕ ਪ੍ਰਾਪਤ ਕਰਨ ਦੇ ਪ੍ਰਭਾਵਸ਼ਾਲੀ ਨੁਕਤੇ)



ਪ੍ਰਮੋਦ ਧੀਰ
91-98550-31081

ਪ੍ਰੀਖਿਆਵਾਂ ਦਾ ਸਮਾਂ ਦਿਨੋਂ ਦਿਨ ਨਜ਼ਦੀਕ ਆਉਂਦਾ ਜਾ ਰਿਹਾ ਹੈ 'ਤੇ ਅਜਿਹੇ ਵਿੱਚ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਪ੍ਰਤੀ ਜਾਗਰੂਕਤਾ ਲਿਆਉਣ ਦੀ ਲੋੜ ਹੈ ਤਾਂ ਕਿ ਚੰਗੇ ਅੰਕ ਪ੍ਰਾਪਤ ਕਰਕੇ ਸਾਲ ਭਰ ਦੀ ਮਿਹਨਤ ਦਾ ਮੁੱਲ ਪਾਇਆ ਜਾ ਸਕੇ। ਜੇਕਰ ਵਿਦਿਆਰਥੀ ਹਾਲੇ ਤੱਕ ਵੀ ਆਪਣੀ ਪੜ੍ਹਾਈ ਪ੍ਰਤੀ ਜਾਗਰੂਕ ਨਹੀਂ ਹੋਏ ਤਾਂ ਇਸਦਾ ਮਤਲਬ ਇਹ ਵੀ ਹੋ ਸਕਦਾ ਹੈ ਕਿ ਪੜ੍ਹਾਈ-ਲਿਖਾਈ 'ਚ ਦਿਲ ਨਾਂ ਲੱਗਣਾ,ਜੋ ਪੜ੍ਹਿਆ ਹੈ ਉਹ ਸਮਝ ਨਾ ਆਉਣਾ,ਕਿਵੇਂ ਪੜ੍ਹੀਏ ਜਾਂ ਕਿੱਥੋਂ ਸ਼ੁਰੂਆਤ ਕਰੀਏ ਇਸ ਬਾਰੇ ਪਤਾ ਕਰਨਾ,ਪੜ੍ਹਾਈ ਤੋਂ ਪਾਸਾ ਵੱਟਣਾ ਤੇ ਝੂਠੀ ਘਬਰਾਹਟ ਦਾ ਸਹਾਰਾ ਲੈਣਾ, ਇਹ ਗੱਲਾਂ ਅਕਸਰ ਇੱਕ ਵਿਦਿਆਰਥੀ ਦੀ ਜਿੰਦਗੀ ਨਾਲ ਜੁੜੀਆਂ ਹੁੰਦੀਆਂ ਹਨ। ਇਹਨਾਂ ਗਲਾਂ ਤੋਂ ਬਚਣ ਲਈ ਸਭ ਤੋਂ ਪਹਿਲਾ ਕੰਮ ਹੈ ਕਦੇ ਪੜ੍ਹਾਈ ਨੂੰ ਬੋਜ ਨਾ ਮੰਨੋ। ਪੜ੍ਹਾਈ ਨੂੰ ਆਪਣੇ ਜੀਵਨ ਦਾ ਰੋਚਕ ਤੇ ਦਿਲਚਸਪ ਵਿਸ਼ਾ ਬਣਾਉ। ਪੜ੍ਹਨ ਨੂੰ ਆਪਣਾ ਸ਼ੌਂਕ ਬਣਾਉ। ਜੋ ਵਿਦਿਆਰਥੀ ਸ਼ੌਂਕ 'ਤੇ ਦਿਲਚਸਪੀ ਨਾਲ ਪੜ੍ਹਾਈ ਕਰਦੇ ਹਨ ਉਹ ਜਿੰਦਗੀ 'ਚ ਹਮੇਸ਼ਾ ਕਾਮਯਾਬੀ ਹਾਸਲ ਕਰਦੇ ਹਨ। ਆਮ ਵੇਖਿਆ ਹੈ ਕਿ ਬੱਚਿਆਂ ਵਿੱਚ ਪੇਪਰਾਂ ਸਬੰਧੀ ਬਹੁਤ ਡਰ ਵਾਲਾ ਮਾਹੌਲ ਹੁੰਦਾ ਹੈ ਖਾਸ ਕਰਕੇ ਬੋਰਡ ਦੇ ਪੇਪਰਾਂ ਸਬੰਧੀ, ਪਰ ਡਰ ਨਾਲ ਤਾਂ ਕੋਈ ਮਸਲਾ ਹੱਲ ਨਹੀਂ ਹੁੰਦਾ । ਸੋ ਚਾਹੀਦਾ ਇਹ ਹੈ ਕਿ ਡਰ ਛੱਡ ਕੇ, ਮਨ ਲਗਾ ਕੇ ਪੂਰੀ ਤਰਾਂ ਪੇਪਰਾਂ ਦੀ ਤਿਆਰੀ ਵਿੱਚ ਜੁਟ ਜਾਈਏ ਅਤੇ ਚੰਗੇ ਨੰਬਰ ਲੈ ਕੇ ਪਾਸ ਹੋਈਏ। ਪ੍ਰੀਖਿਆ ਦੀ ਤਿਆਰੀ ਲਈ ਸਭ ਤੋਂ ਜਰੂਰੀ ਕੰਮ ਹੈ ਟਾਈਮ ਟੇਬਲ ਬਣਾਉਣਾ। ਟਾਈਮ ਟੇਬਲ ਦੇ ਅਨੁਸਾਰ ਪੜ੍ਹਾਈ ਕਰਨੀ ਚਾਹੀਦੀ ਹੈ ਤਾਂ ਕਿ ਹਰੇਕ ਵਿਸ਼ੇ ਨੂੰ ਬਰਾਬਰ ਤਰਜੀਹ ਦਿੱਤੀ ਜਾ ਸਕੇ। ਇਸ ਨੂੰ ਬਣਾਉਣ ਲਈ ਹੇਠਾਂ ਦਿੱਤੇ ਜਾ ਰਹੇ ਬਿੰਦੂਆਂ ਨੂੰ ਧਿਆਨ ਵਿੱਚ ਰੱਖੋ।

**ਆਪਣੇ ਰੋਜ਼ਾਨਾ ਦੇ ਰੁਟੀਨ ਤੇ ਇੱਕ ਦਿਨ ਦਾ ਸਰਵੇ ਕਰੋ:-** ਇਸ ਦਾ ਮਤਲਬ ਹੈ ਕਿ ਪਹਿਲਾਂ ਤੁਸੀ ਆਪਣੇ ਰੋਜ਼ਾਨਾ ਦੇ ਕੰਮਾਂ 'ਤੇ ਨਰੀਖਣ ਕਰੋ ਤੇ ਪਤਾ ਕਰੋ ਕਿ ਤੁਸੀਂ ਕਿਹੜੇ ਕੰਮ ਕਰਦੇ ਹੋ ਜੋ ਮਹੱਤਵਪੂਰਨ ਹਨ ਤੇ ਮਹੱਤਵਪੂਰਨ ਨਹੀਂ ਹਨ,ਉਨ੍ਹਾਂ ਦੀ ਇੱਕ ਸੂਚੀ ਬਣਾਉ ਅਤੇ ਦਿਨ ਦੇ ਅੰਤਰ ਤੱਕ ਮਹੱਤਵਪੂਰਨ ਕੰਮਾਂ ਤੇ ਟਿਕ (ਧ) ਲਗਾਓ ਤੇ ਜੋ ਕੰਮ ਮਹੱਤਵਪੂਰਨ ਨਹੀਂ ਸਨ ਤੁਹਾਡੇ ਵੱਲੋਂ ਕੀਤੇ ਗਏ ਉਨ੍ਹਾਂ ਕੰਮਾਂ ਸਾਹਮਣੇ ਕਰਾਸ (×) ਦਾ ਨਿਸ਼ਾਨ ਲਗਾਉ। ਅਜਿਹੇ ਕੰਮਾਂ ਨੂੰ ਕਰਨ ਦਾ ਮਤਲਬ ਹੁੰਦਾ ਹੈ ਕਿ ਤੁਸੀਂ ਆਪਣੇ ਕਿਸ ਸਮੇਂ ਨੂੰ ਵਿਅਰਥ ਵਿੱਚ ਖਰਚ ਕੀਤਾ ਹੈ ਅਤੇ ਕਿਸ ਸਮੇਂ ਨੂੰ ਸਹੀ ਵਰਤਿਆ ਹੈ, ਦੁਆਰਾ ਸਮਾਂ ਵਿਅਰਥ ਕਰਨ ਤੋਂ ਬਚੋ। ਹੁਣ ਤੁਸੀਂ ਉਨ੍ਹਾਂ ਵਿਸ਼ਿਆਂ ਦੀ ਮੁੜ ਸੂਚੀ ਬਣਾਓ ਜੋ ਤੁਹਾਡੇ ਲਈ ਅਤੇ ਤੁਹਾਡੀ ਪੜ੍ਹਾਈ ਲਈ ਮਹੱਤਵਪੂਰਨ ਹਨ।

**ਆਪਣੇ ਅਧਿਐਨ ਲਈ ਕਮਜ਼ੋਰ ਤੇ ਸ਼ਕਤੀਸ਼ਾਲੀ ਵਿਸ਼ੇ ਚੁਣੋ:-** ਇਸ ਗੱਲ ਨੂੰ ਹਰ ਵਿਦਿਆਰਥੀ ਚੰਗੀ ਤਰਾਂ ਸਮਝ ਸਕਦਾ ਹੈ ਕਿ ਉਹ ਹਰ ਵਿਸ਼ੇ ਵਿਚ ਕਮਜ਼ੋਰ ਨਹੀਂ ਹੁੰਦਾ। ਜੋ ਵਿਸ਼ੇ ਕਮਜ਼ੋਰ ਹਨ ਜਾਂ ਜਿਨ੍ਹਾਂ ਵਿਸ਼ਿਆਂ ਨੂੰ ਤੁਹਾਡੀ ਮਿਹਨਤ ਦੀ ਸਖਤ ਲੋੜ ਹੈ ਉਹਨਾਂ ਨੂੰ ਆਪਣੇ ਮਹੱਤਵਪੂਰਨ ਬਿੰਦੂਆਂ ਤੇ ਸਿਖਰ ਤੇ ਰੱਖੋ ਤੇ ਵੱਧ ਸਮਾਂ ਦਿਉ ,ਜਿੰਨਾਂ ਤੇ ਤੁਹਾਡੀ ਪਕੜ ਚੰਗੀ ਹੁੰਦੀ ਹੈ ਉਨ੍ਹਾਂ ਦਾ ਵੀ ਅਧਿਐਨ ਕਰਨਾ ਨਾਂ ਭੁੱਲੋ। ਸਾਰੇ ਵਿਸ਼ਿਆਂ ਨੂੰ ਬਰਾਬਰ ਮਹੱਤਤਾ ਦਿਉ।

**ਸੁਚੱਜੀ ਪੜ੍ਹਾਈ ਲਈ ਬਣਾਓ ਟਾਈਮ ਟੇਬਲ:-** ਹੁਣ ਲੋੜ ਹੈ ਤੁਹਾਨੂੰ ਟਾਈਮ ਟੇਬਲ ਦੀ ਚੋਣ ਕਰਨ ਦੀ, ਸਵੇਰੇ ਤੁਹਾਡੇ ਜਾਗਣ ਤੋਂ ਬਾਅਦ ਦੇ ਰੋਜ਼ਾਨਾ ਕੀਤੇ ਜਾ ਰਹੇ ਕੰਮਾਂ ਨੂੰ ਇਸ ਸੂਚੀ ਵਿਚ ਪਾਓ ਤੇ ਹਰ ਵਿਸ਼ੇ ਨੂੰ ਜ਼ਿਆਦਾ ਲੰਮੇ ਸਮੇਂ ਤੱਕ ਨਾਂ ਰੱਖੋ ਕਿਉਂਕਿ ਕਿਸੇ ਵਿਸ਼ੇ ਨੂੰ ਲਗਾਤਾਰ ਲੰਮੇ ਸਮੇਂ ਤੱਕ ਪੜ੍ਹਦੇ ਰਹਿਣ ਦੀ ਵਜ੍ਹਾ ਨਾਲ ਤੁਹਾਡਾ ਦਿਮਾਗ ਤਨਾਅ ਗ੍ਰਸਤ ਹੋ ਸਕਦਾ ਹੈ। ਇਸ ਲਈ ਪੜ੍ਹਾਈ ਦੇ ਵਿਸ਼ਿਆਂ ਨੂੰ ਸੂਚੀ ਵਿੱਚ 40 ਤੋਂ 50 ਮਿੰਟ ਤੱਕ ਦਾ ਹੀ ਸਮਾਂ ਦਿਓ।

**ਬ੍ਰੇਕ ਟਾਈਮ ਦੀ ਚੋਣ ਕਰੋ:** ਹਰੇਕ 40-50 ਮਿੰਟ ਦੇ ਫਰਕ ਤੋਂ ਬਾਅਦ 5 ਤੋਂ 10 ਮਿੰਟ ਤੱਕ ਦੀ ਬ੍ਰੇਕ ਦਿਓ। ਇਸਦੀ ਵਜਾ ਨਾਲ ਤੁਸੀਂ ਖੁਦ ਨੂੰ ਮੁੜ ਤਰੋ ਤਾਜ਼ਾ ਜਾਂ ਹਲਕਾ ਮਹਿਸੂਸ ਕਰ ਸਕਦੇ ਹੋ। ਇਸੇ ਦੌਰਾਨ ਜੇਕਰ ਜ਼ਿਆਦਾ ਥਕਾਵਟ ਮਹਿਸੂਸ ਕਰਦੇ ਹੋ ਤਾਂ ਟੀ.ਵੀ ਆਦਿ ਦੇਖ ਸਕਦੇ ਹੋ, ਗਾਣਾ ਸੁਣ ਕੇ ਡਾਂਸ ਕਰ ਸਕਦੇ ਹੋ,ਤੁਸੀ ਖੁਦ ਲਈ ਚਾਹ ਜਾਂ ਕੌਫ਼ੀ ਤਿਆਰ ਕਰ ਸਕਦੇ ਹੋ। ਪੜ੍ਹਨ ਦੇ ਨਾਲ ਨਾਲ ਤੁਹਾਡੇ ਟਾਈਮ ਟੇਬਲ ਵਿੱਚ ਬ੍ਰੇਕ ਟਾਈਮ ਦਾ ਹੋਣਾ ਬਹੁਤ ਜਰੂਰੀ ਹੈ।

**ਅੱਜ ਹੀ ਚੰਗੇ ਟਾਈਮ ਟੇਬਲ 'ਤੇ ਨਿਰਭਰ ਹੋਵੋ:-** ਤੁਹਾਡਾ ਟਾਈਮ ਟੇਬਲ ਪੂਰੀ ਤਰ੍ਹਾਂ ਤਿਆਰ ਹੋ ਜਾਣ ਤੋਂ ਬਾਅਦ ਹੁਣ ਤੁਹਾਨੂੰ ਲੋੜ ਹੁੰਦੀ ਹੈ ਆਪਣੇ ਕੰਮਾਂ ਨੂੰ ਟਾਈਮ ਟੇਬਲ ਦੇ ਅਨੁਸਾਰ ਕਰਨ ਦੀ। ਸੂਚੀ ਵਿਚ ਦਿੱਤੇ ਗਏ ਸਮੇਂ ਦੇ ਨਾਲ ਹੀ ਉਚਿਤ ਕੰਮ ਕਰਨ ਲਈ ਆਪਣੇ ਆਪ ਨੂੰ ਮਜਬੂਤ ਬਣਾਓ ਤੇ ਬਣਾਏ ਟਾਈਮ ਟੇਬਲ ਦਾ ਪਾਲਣ ਸੁਚਾਰੂ ਢੰਗ ਨਾਲ ਕਰੋ। ਆਪਣੇ ਆਲਸ ਨੂੰ ਤਿਆਗੋ ਅਤੇ ਕੰਮ ਨੂੰ ਤੁਰੰਤ ਕਰਨ ਦੀ ਆਦਤ ਪਾਓ। ਜੇਕਰ ਤੁਸੀਂ ਚਾਹੋ ਤਾਂ ਟਾਈਮ ਟੇਬਲ ਵਿਚ ਫੇਰ ਬਦਲ ਵੀ ਕਰ ਸਕਦੇ ਹੋ। ਜੇਕਰ ਤੁਹਾਨੂੰ ਲੱਗਦਾ ਹੈ ਕਿ ਕੁਝ ਕੰਮਾਂ ਦਾ ਹੋਰ ਸ਼ਾਮਲ ਹੋਣਾ ਵੀ ਜਰੂਰੀ ਹੈ ਤਾਂ ਤੁਸੀਂ ਉਨ੍ਹਾਂ ਕੰਮਾਂ ਨੂੰ ਸੂਚੀ ਵਿਚ ਪਾ ਸਕਦੇ ਹੋ ਤੇ ਆਪਣੇ ਟਾਈਮ ਟੇਬਲ ਨੂੰ ਹੋਰ ਵੀ ਜ਼ਿਆਦਾ ਪ੍ਰਬਲ ਬਣਾ ਸਕਦੇ ਹੋ। ਇਸ ਤਰਾਂ ਉਪਰ ਦਿੱਤੇ ਗਏ ਤਰੀਕਿਆਂ ਨਾਲ ਤੁਸੀਂ ਬਹੁਤ ਹੀ ਆਸਾਨੀ ਨਾਲ ਇੱਕ ਟਾਈਮ ਟੇਬਲ ਬਣਾ ਸਕਦੇ ਹੋ।



ਵਿਦਿਆਰਥੀਆਂ ਨੂੰ ਪੇਪਰਾਂ ਦੇ ਦਿਨਾਂ ਵਿੱਚ ਪੜ੍ਹਨ, ਖੇਡਣ, ਘਰ ਦੇ ਕੰਮ ਕਰਨ, ਟੀ.ਵੀ ਦੇਖਣ, ਦੋਸਤਾਂ ਮਿੱਤਰਾਂ ਨੂੰ ਮਿਲਣ, ਸੌਣ (ਆਰਾਮ ਕਰਨ),ਖਾਣ-ਪੀਣ ਆਦਿ ਲਈ ਸਮਾਂ ਨਿਸ਼ਚਿਤ ਕਰਨਾ ਚਾਹੀਦਾ ਹੈ। ਵਿਦਿਆਰਥੀਆਂ ਨੂੰ ਪ੍ਰੀਖਿਆ ਦੀ ਤਿਆਰੀ ਤੇ ਪੇਪਰ ਹੱਲ ਕਰਨ ਲਈ ਹੇਠ ਲਿਖੇ ਨੁਕਤਿਆਂ ਦਾ ਧਿਆਨ ਰੱਖਣਾ ਚਾਹੀਦਾ ਹੈ।

### ਪ੍ਰੀਖਿਆਵਾਂ 'ਚ ਸਫਲ ਹੋਣ 'ਤੇ ਪੇਪਰ ਹੱਲ ਕਰਨ ਦੇ ਜ਼ਰੂਰੀ ਨੁਕਤੇ

* ਹਮੇਸ਼ਾ ਸ਼ਾਂਤ ਅਤੇ ਇਕਾਂਤ ਮਾਹੌਲ ਵਿੱਚ ਹੀ ਪੜ੍ਹੋ, ਪੜ੍ਹਨ ਵੇਲੇ ਕਿਤਾਬ 'ਤੇ ਟਿਊਬ,ਬੱਲਬ ਆਦਿ ਰੋਸ਼ਨੀ ਖੱਬੇ ਪਾਸੇ ਤੋਂ ਪੈਣੀ ਚਾਹੀਦੀ ਹੈ।
* ਪੜ੍ਹੋ ਪੰਜਾਬ ਟੀਮ ਵੱਲੋਂ ਤਿਆਰ ਕੀਤੇ ਪ੍ਰਸ਼ਨ ਪੱਤਰ, ਦਸੰਬਰ ਅਤੇ ਫਰਵਰੀ ਪੇਪਰਾਂ ਦੇ ਪ੍ਰਸ਼ਨ ਪੱਤਰ, ਪ੍ਰੀ ਬੋਰਡ ਦੇ ਪ੍ਰਸ਼ਨ ਪੱਤਰ ਜਰੂਰ ਹੱਲ ਕਰਕੇ ਯਾਦ ਕਰੋ ਕਿਉਂਕਿ ਜਿਆਦਾਤਰ ਫਾਈਨਲ ਪੇਪਰ ਇਹਨਾਂ ਵਿੱਚੋਂ ਹੀ ਆਉਣਗੇ।
* ਵਿਦਿਆਰਥੀਆਂ ਨੂੰ ਆਪਣੇ ਵਿਸ਼ਿਆਂ ਦੇ ਪਿਛਲੇ 10 ਸਾਲਾਂ ਦੇ ਪ੍ਰਸ਼ਨ ਪੱਤਰ ਹੱਲ ਕਰਕੇ ਵੇਖਣੇ ਚਾਹੀਦੇ ਹਨ ਕਿਉਂਕਿ ਕਾਫੀ ਪ੍ਰਸ਼ਨ ਉਨ੍ਹਾਂ ਵਿਚੋਂ ਹੀ ਪੁੱਛੇ ਜਾਂਦੇ ਹੈ।
* ਮਹੱਤਵਪੂਰਾਨ ਵਿਸ਼ਿਆਂ ਅਤੇ ਉੱਪ ਵਿਸ਼ਿਆਂ ਦੇ ਨੋਟਿਸ ਤਿਆਰ ਕਰਕੇ ਤਿਆਰੀ ਕਰਨੀ ਚਾਹੀਦੀ ਹੈ।
* ਪੜ੍ਹਨ ਸਮੇਂ ਮੋਬਾਇਲ ਫੋਨ ਨੂੰ ਬੰਦ ਕਰ ਦੇਣਾ ਚਾਹੀਦਾ ਹੈ ਜਾਂ ਆਪਣੇ ਤੋਂ ਦੂਰ ਰੱਖੋ ਅਤੇ ਟੀ.ਵੀ ਜਾਂ ਹੋਰ ਮਨੋਰੰਜਨ ਦੇ ਸਾਧਨ ਪੜ੍ਹਾਈ ਸਮੇਂ ਬੰਦ ਰੱਖਣੇ ਚਾਹੀਦੇ ਹਨ।
* ਪ੍ਰਸ਼ਨਾਂ ਦੇ ਉੱਤਰਾਂ ਨੂੰ ਯਾਦ ਕਰਨ ਲਈ ਕਦੇ ਵੀ ਰੱਟਾ ਲਗਾਓ ਸਗੋਂ ਸਮਝ ਕੇ ਯਾਦ ਕਰੋ ਕਿਉਂਕਿ ਰੱਟਾ ਲਗਾਏ ਉੱਤਰ ਥੋੜਾ ਸਮਾਂ ਹੀ ਯਾਦ ਰਹਿੰਦੇ ਹਨ ਜਦੋਂਕਿ ਸਮਝ ਕੇ ਯਾਦ ਕੀਤੇ ਉੱਤਰ ਲੰਮਾਂ ਸਮਾਂ ਯਾਦ ਰਹਿੰਦੇ ਹਨ।
* ਪ੍ਰਸ਼ਨਾਂ ਦੇ ਉੱਤਰਾਂ ਨੂੰ ਯਾਦ ਕਰਕੇ ਲਿਖ ਕੇ ਦੇਖ ਲੈਣ ਨਾਲ ਗਲਤੀਆਂ ਦਾ ਪਤਾ ਲੱਗ ਜਾਂਦਾ ਹੈ।
* ਪ੍ਰੀਖਿਆ ਤੋਂ ਇੱਕ ਦਿਨ ਪਹਿਲਾਂ ਰਾਤ ਨੂੰ ਜ਼ਿਆਦਾ ਦੇਰ ਤੱਕ ਨਹੀਂ ਪੜ੍ਹਨਾਂ ਚਾਹੀਦਾ। ਨਹੀਂ ਤਾਂ ਪ੍ਰੀਖਿਆ ਵਾਲੇ ਦਿਨ ਪ੍ਰੀਖਿਆ ਕੇਂਦਰ 'ਚ ਨੀਂਦ ਦੇ ਹੁਲਾਰੇ ਆਉਣ ਲੱਗ ਜਾਂਦੇ ਹੈ।
* ਪ੍ਰੀਖਿਆ ਵਾਲੇ ਦਿਨ ਸਵੇਰੇ ਜਲਦੀ ਉੱਠ ਕੇ ਯਾਦ ਕੀਤੇ ਮਹੱਤਵਪੂਰਨ ਪ੍ਰਸ਼ਨਾਂ ਦੀ ਇੱਕ ਵਾਰ ਦੂਹਰਾਈ ਜਰੂਰ ਕਰਨੀ ਚਾਹੀਦੀ ਹੈ।
* ਪ੍ਰੀਖਿਆ ਦੇਣ ਜਾਣ ਸਮੇਂ ਆਪਣੀ ਰੋਲ ਨੰਬਰ ਸਲਿੱਪ, 2 ਨੀਲੇ ਪੈੱਨ (ਜੋ ਥੋੜੇ ਚੱਲੇ ਹੋਏ ਹੋਣ ਬਿਲਕੁਲ ਨਵੇਂ ਨਾਂ ਹੋਣ ਤਾਂ ਕਿ ਪੇਪਰ ਤੇ ਲਿਖਾਈ ਗੂੜ੍ਹੀ ਹੋਵੇ), ਪੈਂਸਿਲ, ਜੁਮੈਟਰੀ ਬਾਕਸ, ਕਲਿੱਪ ਬੋਰਡ ਆਦਿ ਲੈ ਕੇ ਜਾਣਾ ਨਾਂ ਭੁੱਲੋ। ਪੇਪਰ ਵਿੱਚ ਕੇਵਲ ਨੀਲਾ ਪੈੱਨ ਹੀ ਵਰਤਣਾ ਚਾਹੀਦਾ ਹੈ।
* ਪ੍ਰੀਖਿਆ ਵਾਲੇ ਦਿਨ ਘਰੋਂ ਚੱਲਣ ਲੱਗਿਆਂ ਤਰੋ ਤਾਜ਼ਾ ਹੋ ਕੇ ਹਲਕਾ ਨਾਸ਼ਤਾ ਕਰਕੇ ਜਾਣਾ ਚਾਹੀਦਾ ਹੈ ਤਾਂ ਜੋ ਪ੍ਰੀਖਿਆ ਸਫਲਤਾ ਪੂਰਵਕ ਹੋਵੇ।
* ਪ੍ਰੀਖਿਆ ਕੇਂਦਰ ਦੇ ਬਾਹਰ ਲੱਗੇ ਨੋਟਿਸ ਬੋਰਡ ਤੋਂ ਆਪਣਾ ਰੋਲ ਨੰਬਰ, ਕਮਰਾ ਨੰਬਰ ਤੇ ਸੀਟ ਨੰਬਰ (ਬੈਠਣ ਦੀ ਜਗ੍ਹਾ) ਦੇਖ ਕੇ ਹੀ ਪ੍ਰੀਖਿਆ ਕੇਂਦਰ ਵਿੱਚ ਪ੍ਰਵੇਸ਼ ਕਰਨਾ ਚਾਹੀਦਾ ਹੈ ਤਾਂ ਕਿ ਤੁਹਾਨੂੰ ਆਪਣੀ ਜਗ੍ਹਾ ਲੱਭਣ 'ਚ ਕੋਈ ਪਰੇਸ਼ਾਨੀ ਜਾਂ ਘਬਰਾਹਟ ਨਾਂ ਹੋਵੇ।
* ਕਦੇ ਵੀ ਨਕਲ ਤੇ ਆਸ ਨਹੀਂ ਰੱਖਣੀ ਚਾਹੀਦੀ ਅਤੇ ਦਿਲ ਲਗਾ ਕੇ ਪੇਪਰਾਂ ਦੀ ਤਿਆਰੀ ਕਰਨੀ ਚਾਹੀਦੀ ਹੈ। ਨਕਲ ਤੇ ਆਸ ਰੱਖਣ ਵਾਲੇ ਵਿਦਿਆਰਥੀ ਜਿੰਦਗੀ 'ਚ ਕਦੇ ਕਾਮਯਾਬ ਨਹੀਂ ਹੋ ਸਕਦੇ 'ਤੇ ਉਹਨਾਂ ਵਿੱਚ ਹਮੇਸ਼ਾ ਆਤਮ ਵਿਸ਼ਵਾਸ਼ ਦੀ ਘਾਟ ਰਹਿੰਦੀ ਹੈ।
* ਪ੍ਰੀਖਿਆ ਦੇਣ ਸਮੇਂ ਆਪਣੀ ਸੀਟ 'ਤੇ ਬੈਠਣ ਤੋਂ ਪਹਿਲਾਂ ਆਸੇ-ਪਾਸੇ ਦੇਖ ਲੈਣਾ ਚਾਹੀਦਾ ਹੈ ਕਿ ਕੋਈ ਪਰਚੀ (ਕਾਗਜ਼), ਕਿਤਾਬ, ਕਾਪੀ ਤਾਂ ਨਹੀਂ ਪਈ ਹੋਈ ਜਾਂ ਕਿਸੇ ਬੈਂਚ ਆਦਿ ਤੇ ਕੁਝ ਲਿਖਿਆ ਤਾਂ ਨਹੀਂ ਹੋਇਆ ਕਿਉਂਕਿ ਕਈ ਵਾਰ ਕਿਸੇ ਵੱਲੋਂ ਪਹਿਲਾਂ ਛੁੱਟੀ ਗਈ ਪਰਚੀ ਜਾਂ ਕਾਗਜ਼ ਤਹਾਨੂੰ ਮੁਸੀਬਤ 'ਚ ਪਾ ਸਕਦਾ ਹੈ ਤੁਹਾਡੇ ਖਿਲਾਫ ਝੂਠਾ ਕੇਸ ਵੀ ਬਣ ਸਕਦਾ ਹੈ। ਤੁਹਾਡੇ ਕੋਲ ਕੋਈ ਖਾਲੀ ਕਾਗਜ਼ ਜਾਂ ਬੱਸ ਦੀ ਟਿਕਟ ਵੀ ਨਹੀਂ ਹੋਣੀ ਚਾਹੀਦੀ।
* ਪ੍ਰੀਖਿਆ ਦੌਰਾਨ ਉੱਤਰ ਕਾਪੀ ਮਿਲਣ ਤੇ ਸਭ ਤੋਂ ਪਹਿਲਾਂ ਉਸਦੇ ਸਾਰੇ ਪੰਨੇ ਖੋਲ ਕੇ ਚੈੱਕ ਕਰੋ ਕਿ ਸਾਫ ਹਨ, ਫਟੇ ਤਾਂ ਨਹੀਂ 'ਤੇ ਗਿਣਤੀ ਕਰੋ ਕਿ ਪੂਰੇ ਹਨ ਜਿੰਨੇ ਹੋਣੇ ਚਾਹੀਦੇ ਹਨ, ਫਿਰ ਉਸਦੇ ਮੁੱਖ ਪੰਨੇ 'ਤੇ ਆਪਣਾ ਰੋਲ ਨੰਬਰ, ਪੇਪਰ ਦਾ ਵਿਸ਼ਾ ਆਦਿ ਲਈ ਜੋ ਖਾਨੇ ਬਣੇ ਹੋਏ ਹਨ, ਉਨ੍ਹਾਂ ਵਿੱਚ ਸਾਫ-ਸਾਫ ਲਿਖੋ।
* ਪ੍ਰਸ਼ਨ ਪੱਤਰ ਮਿਲਣ 'ਤੇ ਸਭ ਤੋਂ ਪਹਿਲਾਂ ਇਸ ਦੇ ਸੱਜੇ ਕੋਨੇ 'ਤੇ ਆਪਣਾ ਰੋਲ ਨੰਬਰ ਲਿਖੋ, ਫਿਰ ਸਾਰੇ ਪ੍ਰਸ਼ਨ ਪੱਤਰ ਨੂੰ ਚੰਗੀ ਤਰ੍ਹਾਂ ਪੜ੍ਹੋ ਅਤੇ ਚੰਗੀ ਤਰ੍ਹਾਂ ਆਉਂਦੇ ਪ੍ਰਸ਼ਨਾਂ ਤੇ ਨਿਸ਼ਾਨ ਨਿਸ਼ਾਨ ਲਗਾਉ।
* ਪੇਪਰ ਹੱਲ ਕਰਨ ਸਮੇਂ ਸਮੇਂ ਦਾ ਜਰੂਰ ਧਿਆਨ ਰੱਖੋ ਜਿਹੜੇ ਪ੍ਰਸ਼ਨ ਚੰਗੀ ਤਰ੍ਹਾਂ ਆਉਂਦੇ ਹੋਣ, ਉਨ੍ਹਾਂ ਨੂੰ ਪਹਿਲਾਂ ਹੱਲ ਕਰੋ। ਬਾਕੀ ਬਾਦ ਵਿੱਚ, ਕੋਸ਼ਿਸ਼ ਕਰੋ ਕਿ ਸਾਰੇ ਪ੍ਰਸ਼ਨਾਂ ਦੇ ਉੱਤਰ ਹੱਲ ਕਰਕੇ ਆਉ ਕੋਈ ਪ੍ਰਸ਼ਨ ਨਾਂ ਛੱਡੋ।
* ਉੱਤਰ ਕਾਪੀ 'ਤੇ ਲਿਖਣ ਤੋਂ ਪਹਿਲਾਂ ਦੋਵੇਂ ਪਾਸੇ ਸੱਜੇ ਅਤੇ ਖੱਬੇ ਹਾਸ਼ੀਏ ਵਜੋਂ ਜਗ੍ਹਾ ਛੱਡੋ। ਇਹ ਹਾਸ਼ੀਆ ਪੈਂਸਿਲ ਤੇ ਸਕੇਲ ਨਾਲ ਵੀ ਲਗਾ ਸਕਦੋ ਹੋ। ਜੇਕਰ ਇਹ ਤੁਹਾਡੇ ਕੋਲ ਨਹੀਂ ਹੈ ਤਾਂ ਦੋਵੇਂ ਪਾਸੇ ਲੋੜੀਂਦੀ ਜਗ੍ਹਾ ਛੱਡ ਕੇ ਉੱਤਰ ਕਾਪੀ ਦੀ ਤੈਅ ਮੋੜ ਕੇ ਤੈਅ ਦੇ ਨਿਸ਼ਾਨ ਤੋਂ ਹਾਸ਼ੀਏ ਦਾ ਕੰਮ ਲੈ ਸਕਦੇ ਹੋ ਇਸ ਨਾਲ ਲਾਈਨ ਲਗਾਨ ਦਾ ਸਮਾਂ ਵੀ ਬਚਦਾ ਹੈ।
* ਹਰੇਕ ਪ੍ਰਸ਼ਨ ਦਾ ਉੱਤਰ ਲਿਖਣ ਸਮੇਂ ਪ੍ਰਸ਼ਨ ਲਿਖਣ ਤੇ ਸਮਾਂ ਖਰਾਬ ਾਂ ਕਰੋ ਕੇਵਲ ਉੱਤਰ ਹੀ ਲਿਖੋ, ਪਰ ਉੱਤਰ ਦਾ ਨੰਬਰ (ਜੋ ਪ੍ਰਸ਼ਨ ਪੱਤਰ ਤੇ ਛਪਿਆ ਹੈ) ਜਰੂਰ ਪਾਓ ਤਾਂ ਕਿ ਪੇਪਰ ਚੈੱਕ ਕਰਨ ਵਾਲੇ ਨੂੰ ਕੋਈ ਪਰੇਸ਼ਾਨੀ ਨਾ ਹੋਵੇ।
* ਪ੍ਰਸ਼ਨਾਂ ਦੇ ਉੱਤਰ ਲਿਖਦੇ ਸਮੇਂ ਉਨ੍ਹਾਂ ਨੂੰ ਅਧ ਵਿਚਕਾਰ ਨਾਂ ਛੱਡੋ। ਜੇਕਰ ਤੁਸੀਂ ਕਿਸੇ ਪ੍ਰਸ਼ਨ ਦਾ ਉੱਤਰ ਭੁੱਲ ਗਏ ਹੋ ਤਾਂ ਕੁੱਝ ਕੁ ਸਮਾਂ ਸੋਚ ਕੇ ਦੁਬਾਰਾ ਲਿਖਣਾ ਸ਼ੁਰੂ ਕਰ ਦਿਓ। ਜੇਕਰ ਯਾਦ ਨਹੀਂ ਆ ਰਿਹਾ ਤਾਂ ਜ਼ਿਆਦਾ ਸਮਾਂ ਬਰਬਾਦ ਨਾਂ ਕਰੋ। ਹੋਰ ਨਵੇਂ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰ ਦਿਓ।
* ਪ੍ਰਸ਼ਨਾਂ ਦੇ ਉੱਤਰ ਦੇਣ ਸਮੇਂ ਬੇਲੋੜੇ ਵਿਸਥਾਰਾਂ ਤੋਂ ਬਚਣਾ ਚਾਹੀਦਾ ਹੈ ਅਤੇ ਪ੍ਰਸ਼ਨਾਂ ਦੇ ਨੰਬਰਾਂ ਅਨੁਸਾਰ ਉੱਤਰ ਲਿਖਣੇ ਚਾਹੀਦੇ ਹਨ।
* ਪ੍ਰਸ਼ਨਾਂ ਦੇ ਉੱਤਰ ਹੈਡਿੰਗ 'ਤੇ ਸਬ ਹੈਡਿੰਗ ਬਣਾ ਕੇ ਲਿਖੋ ਅਤੇ ਹਰ ਪ੍ਰਸ਼ਨ ਦੇ ਉੱਤਰ ਤੋਂ ਬਾਅਦ ਇੱਕ ਦੋ ਲਾਈਨਾਂ ਖਾਲੀ ਛੱਡ ਕੇ ਅਗਲੇ ਪ੍ਰਸ਼ਨ ਦਾ ਉੱਤਰ ਲਿਖੋ।
* ਪ੍ਰਸ਼ਨਾਂ ਦੇ ਉੱਤਰ ਵਧੀਆ ਪੈੱਨ ਨਾਲ ਖੁੱਲ੍ਹੀ 'ਤੇ ਸਾਫ-ਸਾਫ ਲਿਖਾਈ ਵਿੱਚ ਲਿਖਣੇ ਚਾਹੀਦੇ ਹਨ।
* ਪ੍ਰਸ਼ਨਾਂ ਦੇ ਉੱਤਰ ਲਿਖਣ ਲਈ ਲੋੜੀਂਦੀ ਸਮੱਗਰੀ ਆਪਣੇ ਨਾਲ ਹੀ ਲੈ ਕੇ ਜਾਓ ਤਾਂ ਕਿ ਕਿਸੇ ਵਿਦਿਆਰਥੀ ਤੋਂ ਮੰਗਣ ਸਮੇਂ ਸਮਾਂ ਖਰਾਬ ਨਾਂ ਹੋਵੇ।
* ਪੇਪਰ ਹੱਲ ਕਰਨ ਤੋਂ ਬਾਅਦ ਬਚੇ ਸਮੇਂ ਵਿੱਚ ਉੱਤਰ ਕਾਪੀ 'ਤੇ ਲਿਖੇ ਪ੍ਰਸ਼ਨਾਂ ਦੇ ਉੱਤਰਾਂ ਨੂੰ ਚੰਗੀ ਤਰਾਂ ਪੜ੍ਹ ਕੇ ਚੈੱਕ ਕਰੋ। ਜੇਕਰ ਕੋਈ ਛੋਟੀ-ਮੋਟੀ ਗਲਤੀ ਰਹਿ ਗਈ ਹੋਵੇ ਜਾਂ ਸ਼ਬਦ-ਜੋੜ ਗਲਤ ਲਿਖੇ ਗਏ ਹੋਣ ਤਾਂ ਉਸਨੂੰ ਤੁਰੰਤ ਠੀਕ ਕਰੋ।
* ਜੇਕਰ ਪੇਪਰ ਵਿੱਚ ਗਲਤੀ ਨਾਲ ਉੱਤਰ ਪੱਤਰੀ 'ਤੇ ਕੋਈ ਪੇਜ਼ ਜਾਂ ਜਗ੍ਹਾ ਖਾਲੀ ਰਹਿ ਗਈ ਹੋਵੇ ਤਾਂ ਉਸ ਜਗ੍ਹਾ ਤੇ ਕਰਾਸ ਲਾਈਨ ਮਾਰ ਦਿਉ 'ਤੇ ਸੱਜੇ ਕੋਨੇ ਦੇ ਹੇਠਲੇ ਪਾਸੇ ਪੀ.ਟੀ.ਓ ਲਿਖ ਦੇਵੋ। ਅੰਤ ਵਿੱਚ ਬਚੇ ਖਾਲੀ ਪੰਨਿਆਂ ਤੇ ਵੀ ਕਰਾਸ ਲਾਈਨ ਲਗਾ ਦਿਉ।

ਆਸ ਹੈ ਕਿ ਵਿਦਿਆਰਥੀ ਇਹਨਾਂ ਨੁਕਤਿਆਂ ਵੱਲ ਧਿਆਨ ਦੇ ਕੇ ਜਰੂਰ ਸਫਲ ਹੋਣਗੇ। ਸੋ ਬੱਚਿਓ, ਹੁਣ ਤੋਂ ਹੀ ਆਪਦੀ ਸਾਰੀ ਊਰਜਾ ਆਪਣੀ ਪੜ੍ਹਾਈ ਵੱਲ ਲਗਾ ਕੇ ਉੱਪਰ ਦਿੱਤੀਆਂ ਗੱਲਾਂ ਦਾ ਧਿਆਨ ਰੱਖਦੇ ਹੋਏ ਪੇਪਰਾਂ ਦੀ ਤਿਆਰੀ 'ਚ ਜੁੱਟ ਜਾਓ ਤਾਂ ਕੇ ਚੰਗੇ ਨੰਬਰ ਲੈ ਕੇ ਪਾਸ ਹੋ ਸਕੋ। ਮਾਪਿਆਂ ਨੂੰ ਵੀ ਘਰ ਵਿੱਚ ਬੱਚਿਆਂ ਦੀ ਪੜ੍ਹਾਈ ਲਈ ਸਾਜਗਰ ਹਾਲਤਾਂ ਸਿਰਜਣੀਆਂ ਚਾਹੀਦੀਆਂ ਹਨ ਜਿਵੇਂ ਲੋੜੀਂਦੀਆਂ ਸਹੂਲਤਾਂ 'ਤੇ ਖੁਰਾਕ ਦਾ ਧਿਆਨ ਰੱਖਣਾ, ਘਰੇਲੂ ਝਗੜਾ ਨਾ ਕਰਨਾ, ਬੱਚਿਆਂ ਨੂੰ ਸਕੂਲ ਤੋਂ ਮਿਲੇ ਕੰਮ ਵਿੱਚ ਮਦਦ ਕਰਨਾ, ਬੱਚੇ ਵਿੱਚ ਆਤਮ ਵਿਸ਼ਵਾਸ਼ ਪੈਦਾ ਕਰਨਾ ਆਦਿ ਪੜ੍ਹਾਈ 'ਤੇ ਸਖਸ਼ੀਅਤ ਵਿਕਾਸ ਲਈ ਜਰੂਰੀ ਨੁਕਤੇ ਹਨ। ਅਧਿਆਪਕਾਂ ਦੁਆਰਾ ਵੀ ਵੱਧ ਤੋਂ ਵੱਧ ਪੜ੍ਹਾਈ ਕਰਵਾਉਣ ਅਤੇ ਯੋਗ ਅਗਵਾਈ ਦੇਣ ਨਾਲ ਵਿਦਿਆਰਥੀਆਂ ਦੇ ਮਨ ਵਿੱਚੋਂ ਪ੍ਰੀਖਿਆ ਦਾ ਡਰ ਕੱਢਿਆ ਜਾ ਸਕਦਾ ਹੈ। ਪ੍ਰੀਖਿਆ ਦਾ ਸੀਜਨ ਹੋਣ ਕਾਰਨ ਹਰੇਕ ਵਿਦਿਆਰਥੀ ਨੂੰ ਲੋੜ ਹੈ ਕਿ ਸੁਚੱਜੇ ਟਾਈਮ ਟੇਬਲ ਰਾਹੀਂ ਕੀਮਤੀ ਸਮੇਂ ਦਾ ਸਦ ਉਪਯੋਗ ਕਰਦੇ ਹੋਏ ਪੜ੍ਹਾਈ ਕਰੇ ਪ੍ਰੀਖਿਆ ਦੌਰਾਨ ਉਪਰੋਕਤ ਨੁਕਤਿਆਂ ਨੂੰ ਧਿਆਨ 'ਚ ਰੱਖੇ। ਮੈਨੂੰ ਪੂਰੀ ਉਮੀਦ ਹੈ ਕਿ ਪਾਠਕ, ਵਿਦਿਆਰਥੀ, ਅਧਿਆਪਕ ਅਤੇ ਮਾਪੇ ਮੇਰੇ ਇਸ ਸੁਝਾਅ ਰਾਹੀਂ ਜਰੂਰ ਵਿਦਿਆਰਥੀਆਂ ਨੂੰ ਜਾਗਰੂਕ ਕਰਨਗੇ ਅਤੇ ਲਾਭ ਉਠਾਉਣਗੇ।

# ਜਿੰਦਾ-ਦਿਲ ਜਥੇਦਾਰ!

-ਤਰਲੋਚਨ ਸਿੰਘ 'ਦੁਪਾਲ ਪੁਰ'
91-78146-92724

ਦੋਸਤੋ ਇਹ ਨੇ ਮੇਰੇ ਵੱਡੇ ਭਰਾਵਾਂ ਵਰਗੇ ਦੋਸਤ ਸਾਡੇ ਪਿੰਡ ਦੇ ਭਾਈ ਗੁਰਬਚਨ ਸਿੰਘ,ਜੋ ਕਈ ਦਹਾਕੇ ਸਾਡੇ ਪਿੰਡ ਦੇ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਵੀ ਰਹੇ ਹਨ।ਜੇ ਮੈਂ ਇਨ੍ਹਾਂ ਦੇ ਹਸਮੁਖ ਸੁਭਾਅ,ਹਾਜ਼ਰ ਜਵਾਬੀ ਅਤੇ ਮਖੌਲੀਆ ਟੋਟਕਿਆਂ ਬਾਰੇ ਲਿਖਣ ਲੱਗਾਂ ਤਾਂ ਕਈ ਲੰਬੇ ਲੰਬੇ ਲੇਖ ਲਿਖੇ ਜਾ ਸਕਦੇ ਹਨ,ਤੇ ਪੜ੍ਹਨ ਵਾਲਿਆਂ ਦੇ ਢਿੱਡੀਂ ਪੀੜਾਂ ਪੈ ਜਾਣ !

ਕੁੱਝ ਦਿਨ ਪਹਿਲਾਂ ਆਪਣੇ ਪੋਤਰੇ ਦੇ ਵਿਆਹ ਤੋਂ ਤੁਰੰਤ ਬਾਅਦ ਭਰਾ ਜੀ ਨੂੰ ਦਿਲ ਦੀ ਕਾਫੀ ਪ੍ਰੌਬਲਮ ਹੋ ਗਈ।ਪੀ.ਜੀ.ਆਈ ਚੰਡੀਗੜ੍ਹ ਜਾਣਾ ਪਿਆ।ਉੱਥੋਂ ਘਰ ਆਏ ਤਾਂ ਮੈਂ ਮਿਜਾਜ਼ ਪੁਰਸ਼ੀ ਲਈ ਉਨ੍ਹਾਂ ਦੇ ਘਰੇ ਗਿਆ।ਉਹ ਪਹਿਲਾਂ ਨਾਲ਼ੋਂ ਕੁੱਝ ਹੌਲ਼ੀ ਬੋਲ ਰਹੇ ਸਨ ਪਰ ਚਿਹਰੇ 'ਤੇ ਕੋਈ ਕਿਸੇ ਕਿਸਮ ਦੇ ਦੁੱਖ ਜਾਂ ਪ੍ਰੇਸ਼ਾਨੀ ਦਾ ਸ਼ਿਕਨ ਨਹੀਂ ਸੀ।

ਮੈਂ ਜਾਂਦਿਆਂ ਹੀ ਪੁੱਛਿਆ ਕਿ ਕੀ ਗੱਲ ਹੋਈ ਵੀਰਾ? ਮੁਸਕ੍ਰਾ ਕੇ ਕਹਿੰਦਾ-'ਕੁੱਛ ਵੀ ਨੀ ਹੋਇਆ ਮੈਨੂੰ !'

ਮੈਥੋਂ ਪਹਿਲਾਂ ਉੱਥੇ ਬੈਠੇ ਪਿੰਡ ਦੇ ਹੀ ਦੋ ਮੁੰਡੇ ਉਹਨੂੰ 'ਚੰਗਾ ਜਥੇਦਾਰ ਜੀ' ਕਹਿ ਕੇ ਉੱਠ ਕੇ ਚੱਲੇ।ਹਾਲੇ ਉਹ ਦੋ ਚਾਰ ਕੁ ਪੈਰ ਹੀ ਤੁਰੇ ਸਨ ਤਾਂ ਮੰਜੇ 'ਤੇ ਟੇਢਾ ਜਿਹਾ ਹੋ ਕੇ ਬੈਠਾ ਇਹ ਉਨ੍ਹਾਂ ਨੂੰ ਉੱਚੀ 'ਵਾਜ ਮਾਰ ਕੇ ਕਹਿੰਦਾ- 'ਖਿਆਲ ਰੱਖਿਉ ਬਈ 'ਫੇ ?'

ਉਹ ਦੋਵੇਂ ਇਕ ਦਮ ਰੁਕ ਗਏ ਤੇ ਪਿੱਛੇ ਨੂੰ ਮੂੰਹ ਕਰਕੇ ਬੋਲੇ-

ਬਿਲਕੁਲ ਜੀ ਫੇਰ ਵੀ ਜਰੂਰ ਆਵਾਂ ਗੇ ਤੁਹਾਡੀ ਖਬਰਸਾਰ ਲੈਣ ਲਈ! ਇਹ ਹਸਾਉਣਾ ਜਿਹਾ ਮੂੰਹ ਬਣਾ ਕੇ ਕਹਿੰਦਾ-'ਓ ਭਰਾਵੋ,ਮੈਂ ਤਾਂ ਤੁਹਾਨੂੰ 'ਆਪਣਾ ਖਿਆਲ ਰੱਖਣ' ਲਈ ਕਿਹਾ ਐ !'

ਉੱਥੇ ਬਣੇ ਹੋਏ ਦੁਖਿਆਰੇ ਜਿਹੇ ਮਾਹੌਲ ਵਿੱਚ ਇਕ ਦਮ ਹਾਸੜ ਮਚ ਗਈ !!



# ਪੰਜਾਬ ਵਿੱਚ ਜਮਾਤ-ਏ-ਅਹਮਦੀਆ ਦਾ ਆਸਥਾ ਦਾ ਕੇਂਦਰ 'ਹੁਸ਼ਿਆਰਪੁਰ'





Hazrat Mirza Ghulam Ahmad
Founder Ahmadiyya Muslim Jammat



ਇੱਕ ਗੱਲ ਤਾਂ ਅਸੀਂ ਸਾਰੇ ਜਾਣਦੇ ਹਾਂ ਕਿ ਰੱਬ ਆਪਣੇ ਨੇਕ ਬੰਦਿਆਂ ਨਾਲ ਗੱਲਾਂ ਕਰਦਾ ਹੈ, ਉਹਨਾਂ ਦੀਆਂ ਦੁਆਵਾਂ ਨੂੰ ਸੁਣਦਾ ਹੈ ਅਤੇ ਕਬੂਲ ਵੀ ਕਰਦਾ ਹੈ । ਇਸ ਗੱਲ ਦੇ ਸਬੂਤ ਵੱਖ-ਵੱਖ ਧਰਮਾਂ ਵਿੱਚ ਮਿਲਦੇ ਹਨ। ਇਸਲਾਮ ਧਰਮ ਵਿੱਚ ਵੀ ਇਸਦੀ ਮਿਸਾਲ ਮਿਲਦੀ ਹੈ। ਪੰਜਾਬ ਦੀ ਪਵਿੱਤਰ ਧਰਤੀ ਤੇ ਵੀ ਅਜਿਹੇ ਕਈ ਮਹਾਂਪੁਰਖਾਂ ਨੇ ਜਨਮ ਲਿਆ ਹੈ ਜਿੰਨਾ ਨੇ ਰੱਬ ਨਾਲ ਗੱਲਾਂ ਕੀਤੀਆਂ ਤੇ ਉਨਾਂ ਦੀਆਂ ਦੁਆਵਾਂ ਨੂੰ ਸੁਣਿਆ। ਇਨ੍ਹਾਂ ਮਹਾਂਪੁਰਖਾਂ ਨੇ ਇਨਸਾਨੀਅਤ ਦੀ ਸਥਾਪਨਾ ਕੀਤੀ ਅਤੇ ਰਾਹ ਤੋਂ ਭਟਕੇ ਹੋਏ ਸਮਾਜ ਨੂੰ ਫਿਰ ਤੋਂ ਰੱਬ ਨਾਲ ਜੋੜਿਆ। ਇਨ੍ਹਾਂ ਮਹਾਂਪੁਰਖਾਂ ਵਿੱਚੋਂ ਇੱਕ ਹਜ਼ਰਤ ਮਿਰਜ਼ਾ ਗੁਲਾਮ ਅਹਮਦ ਸਾਹਿਬ ਕਾਦਿਆਨੀ ਵੀ ਸਨ। ਆਪ ਜੀ ਦਾ ਜਨਮ ਕਾਦਿਆਨ ਜ਼ਿਲਾ ਗੁਰਦਾਸਪੁਰ ਵਿਖੇ 1835 ਈਸਵੀ ਨੂੰ ਹੋਇਆ। ਆਪ ਜੀ ਇਸਲਾਮ ਉੱਤੇ ਹੋ ਰਹੇ ਹਮਲਿਆਂ ਦਾ ਜਵਾਬ ਬਰਾਹੀਨੇ ਅਹਮਦੀਆ ਦੇ ਨਾਮ ਵਲੋਂ ਕਿਤਾਬਾਂ ਦੀ ਇੱਕ ਲੜੀ ਪ੍ਰਕਾਸ਼ਿਤ ਕਰ ਦਲੀ.ਲ ਦੇ ਨਾਲ ਜਵਾਬ ਦਿੱਤਾ। ਆਪ ਜੀ ਨੇ ਇਸਲਾਮ ਧਰਮ ਵਿੱਚ ਬਿਆਪਤ ਧਾਰਮਿਕ ਕੁਰੀਤੀਆਂ ਨੂੰ ਖ਼ਤਮ ਕਰਨ ਲਈ ਆਪਣਾ ਵਿਸ਼ੇਸ਼ ਯੋਗਦਾਨ ਦਿੱਤਾ। ਆਪ ਜੀ ਹਜ਼ਰਤ ਮੁਹੰਮਦ ਸਾਹਿਬ ਜੀ ਦੇ ਪੈਰੋਕਾਰ ਸਨ ਅਤੇ ਰੱਬ ਦੀਆਂ ਸਿੱਖਿਆਵਾਂ ਅਨੁਸਾਰ ਭਟਕੇ ਹੋਏ ਲੋਕਾਂ ਨੂੰ ਸਹੀ ਰਾਹ ਤੇ ਲਿਆਉਣ ਲਈ ਭੇਜੇ ਗਏ ਸਨ। ਇਸ ਦਾਅਵੇ ਦੇ ਐਲਾਨ ਹੋਣ ਤੇ ਕੁਛ ਲੋਕਾਂ ਨੇ ਆਪ ਜੀ ਦੀਆਂ ਸਿੱਖਿਆਵਾਂ ਨੂੰ ਸਵੀਕਾਰ ਕਰ ਲਿਆ ਪਰ ਕੁਝ ਲੋਕਾਂ ਨੇ ਆਪ ਜੀ ਦੀ ਸੱ-ਚਾਈ ਤੇ ਸ਼ੱਕ ਕਰਦੇ ਹੋਏ ਸਬੂਤ ਮੰਗਿਆ। ਇਸ ਤੇ ਮਿਰਜ਼ਾ ਗੁਲਾਮ ਅਹਮਦ ਸਾਹਿਬ ਨੇ ਅਲਾਹ ਦੇ ਨਾਲ ਆਪਣੀ ਸੱਚਾਈ ਦੀ ਫਰਿਆਦ ਕੀਤੀ ਤੇ ਆਪਜੀ ਨੇ ਸੱਚਾਈ ਲਈ ਕੋਈ ਨਿਸ਼ਾਨ ਮੰਗਿਆ। ਇਸ ਤੇ ਰੱਬ ਨੇ ਕਿਹਾ ਕਿ "ਤੇਰੀ ਇਹ ਮੁਰਾਦ ਹੁਸ਼ਿਆਰਪੁਰ ਵਿੱਚ ਪੂਰੀ ਹੋਵੇਗੀ"। ਇਸ ਲਈ ਹਜ਼ਰਤ ਮਿਰਜ਼ਾ ਸਾਹਿਬ ਨੇ 22 ਜਨਵਰੀ 1886 ਨੂੰ ਹੁਸ਼ਿਆਰਪੁਰ ਦੀ ਯਾਤਰਾ ਆਪਣੇ ਤਿੰਨ ਸਾਥੀਆਂ ਨਾਲ ਕੀਤੀ ਅਤੇ 40 ਦਿਨ ਤੱਕ ਸ਼ਹਿਰ ਦੇ ਬਾਹਰ ਬਣੀ ਇੱਕ ਇਮਾਰਤ ਵਿੱਚ ਤੱਪ ਕੀਤਾ। ਜਿਸਦੇ ਫਲਸਵਰੂਪ ਰੱਬ ਨੇ 20 ਫਰਵਰੀ 1886 ਨੂੰ ਭਵਿੱਖਵਾਣੀ ਕਰਦੇ ਹੋਏ ਤੁਹਾਨੂੰ ਕਿਹਾ ਕਿ 9 ਸਾਲ ਦੇ ਵਿਚ ਤੇਰੇ ਘਰ ਇੱਕ ਪੁੱਤਰ ਜਨਮ ਲਵੇਗਾ ਜੋ ਕਿ ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਦਾ ਧਨੀ ਹੋਵੇਗਾ। ਇਸ ਭਵਿੱਖਵਾਣੀ ਨੂੰ ਹਜ਼ਰਤ ਮਿਰਜ਼ਾ ਗੁਲਾਮ ਅਹਮਦ ਸਾਹਿਬ ਨੇ 1 ਮਾਰਚ 1886 ਵਿੱਚ ਪ੍ਰਕਾਸ਼ਿਤ ਕਰਵਾਇਆ। ਇਸ ਭਵਿੱਖਵਾਣੀ ਦੇ ਅਨੁਸਾਰ ਬਟਾਲਾ ਦੇ ਨੇੜੇ ਕਾਦਿਆਨ ਵਿਖੇ ਆਪ ਜੀ ਦੇ ਘਰ 12 ਜਨਵਰੀ 1889 ਨੂੰ ਇੱਕ ਬੇਟੇ ਨੇ ਜਨਮ ਲਿਆ। ਪਿਤਾ ਨੇ ਉਸਦਾ ਨਾਮ ਬਸ਼ੀਰੁਦੀਨ ਮਹਿਮੂਦ ਰੱਖਿਆ। ਇਹ ਬੱਚਾ ਅਸਾਧਾਰਣ ਯੋਗਤਾ ਦਾ ਧਨੀ ਸੀ। ਆਪ ਜੀ ਭਵਿੱਖ ਵਿੱਚ ਅਹਮਦੀਆ ਮੁਸਲਿਮ ਸੰਪਰਦਾਇ ਦੇ ਦੂਸਰੇ ਖਲੀਫਾ (ਉਤਰਾਧਿਕਾਰੀ) ਚੁਣੇ ਗਏ। ਮਿਰਜ਼ਾ ਬਸ਼ੀਰੁਦੀਨ ਮਹਿਮੂਦ ਨੇ 52 ਸਾਲ ਤੱਕ ਬਹੁਤ ਕਠਿਨਾਈਆਂ ਵਿੱਚ ਅਹਮਦਿਆ ਮੁਸਲਿਮ ਜਮਾਅਤ ਦੀ ਅਗਵਾਈ ਕੀਤੀ। ਇਸ ਦੇ ਸਿੱਟੇ ਵੱਜੋਂ ਇਸਲਾਮ ਦੀਆਂ ਮੂਲ ਸਿੱਖਿਆਵਾਂ ਨੂੰ ਸਹੀ ਢੰਗ ਨਾਲ ਪਰਿਭਾਸ਼ਿਤ ਕਰਦੇ ਹੋਏ ਬਹੁਤ ਸਾਰੀਆਂ ਕਿਤਾਬਾਂ ਦਾ ਪ੍ਰਕਾਸ਼ਨ ਕਰਵਾਇਆ। ਇਨ੍ਹਾਂ ਰਾਂਹੀ ਅਲਾਹ ਦੀ ਭਵਿੱਖਵਾਣੀ ਦੀ ਇੱਕ ਘਟਨਾ ਸੱਚ ਸਾਬਿਤ ਹੋਈ ਜੋ ਕਿ 20 ਫਰਵਰੀ 1886 ਨੂੰ ਆਪ ਜੀ ਦੇ ਪਿਤਾ ਅਤੇ ਅਹਮਦੀਆ ਮੁਸਲਿਮ ਸੰਪਰਦਾਇ ਦੇ ਸੰਸਥਾਪਕ ਮਿਰਜ਼ਾ ਗੁਲਾਮ ਅਹਮਦ ਸਾਹਿਬ ਦੇ ਨਾਲ ਘਟਿਤ ਹੋਈ ਸੀ। ਇਸ ਗੱਲ ਦਾ ਸਬੂਤ ਅਹ-ਮਦੀਆ ਮੁਸਲਿਮ ਸਮਾਜ ਦੇ ਉਸ ਜੀਵਨ ਸ਼ੈਲੀ ਰਾਹੀਂ ਸਹਿਜੇ ਹੀ ਮਿਲ ਜਾਂਦਾ ਹੈ ਜਿਸ ਵਿੱਚ ਇਸਲਾਮ ਦੀਆਂ ਸੱਚੀਆਂ ਸਿੱਖਿਆਵਾਂ ਦੇ ਮੁਤਾਬਕ ਆਪਣਾ ਜੀਵਨ ਬਤੀਤ ਕੀਤਾ ਜਾਂਦਾ ਹੈ। ਇਸ ਪ੍ਰਮੁੱਖ ਦਿਨ ਦੇ ਮਹੱਤਵ ਨੂੰ ਪ੍ਰਗਟ ਕਰਨ ਲਈ ਸੰਸਾਰ ਭਰ ਵਿੱਚ ਅਹਮਦੀਆ ਮੁਸਲਿਮ ਜਮਾਅਤ ਹਰ ਸਾਲ 20 ਫਰਵਰੀ ਨੂੰ ਮੁਸਲੇ ਮਊਦ ਦਿਵਸ ਦੇ ਰੂਪ ਵਿੱਚ ਮਨਾਉਂਦੀ ਹੈ। ਪੁਰਾਣੀ ਕਣਕ ਮੰਡੀ ਹੁਸ਼ਿਆਰਪੁਰ ਵਿੱਚ ਸਥਿਤ ਇਹ ਇਮਾਰਤ ਜਿਸ ਵਿੱਚ ਉਹ ਭਵਿੱਖਵਾਣੀ ਹੋਈ ਸੀ ਅੱਜ ਅਹਮਦੀਆ ਮੁਸਲਿਮ ਜਮਾਤ ਲਈ ਸ਼ਰਧਾ ਅਤੇ ਪਿਆਰ ਦਾ ਕੇਂਦਰ ਬਣ ਚੁੱਕੀ ਹੈ। ਸੰਸਾਰ ਭਰ ਤੋਂ ਅਹਮਦੀਆ ਸਮਾਜ ਦੇ ਸ਼ਰਧਾਲੂ ਇਸ ਇਮਾਰਤ ਵਿੱਚ ਦੂਆ ਕਰਨ ਲਈ ਪਹੁੰਚਦੇ ਹਨ ਅਤੇ ਰੱਬ ਵੱਲੋਂ ਕੀਤੀ ਗਈ ਉਸ ਭਵਿੱਖਵਾਣੀ ਦਾ ਗਵਾਹ ਬਣਦੇ ਹਨ।

**Shaikh Mannan**
**9779413364,**
**9653337981**

# ਕੈਂਸਰ ਨੇ ਕਿਸੇ ਨੂੰ 'ਨਵੀਂ ਜ਼ਿੰਦਗੀ ਦਿੱਤੀ' ਤਾਂ ਕੋਈ ਅਦਾਕਾਰਾ ਬਣੀ ਕਈਆਂ ਲਈ ਮਿਸਾਲ

**ਰਾਜਵੀਰ ਕੌਰ ਦੀ ਵਿਸ਼ੇਸ਼ ਰਿਪੋਰਟ**

------------

ਕੈਂਸਰ ਇਨਸਾਨ ਦੀ ਜ਼ਿੰਦਗੀ ਨੂੰ ਪੂਰੀ ਤਰ੍ਹਾਂ ਪਲਟ ਕੇ ਰੱਖ ਦਿੰਦਾ ਹੈ, ਵਰਲਡ ਕੈਂਸਰ ਡੇਅ ਮੌਕੇ ਇਸ ਬਾਰੇ ਹੀ ਗੱਲ ਕਰਾਂਗੇ। ਇਸ ਰਿਪੋਰਟ ਰਾਹੀਂ ਉਨ੍ਹਾਂ ਨਾਮੀਂ ਹਸਤੀਆਂ ਬਾਰੇ ਦੱਸ ਰਹੇ ਹਾਂ ਜਿਨ੍ਹਾਂ ਨੂੰ ਕੈਂਸਰ ਨੇ ਆਪਣੀ ਜਕੜ ਵਿੱਚ ਲੈ



ਲਿਆ ਸੀ ਅਤੇ ਉਨ੍ਹਾਂ ਨੇ ਕੈਂਸਰ ਦੀ ਬਿਮਾਰੀ ਤੋਂ ਖੁਦ ਨੂੰ ਉਭਾਰਿਆ। ਕੈਂਸਰ ਪੀੜਤ ਹਸਤੀਆਂ ਨੇ ਨਾ ਸਿਰਫ਼ ਬੀਮਾਰੀ 'ਤੇ ਮਾਤ ਪਾਈ ਸਗੋਂ ਆਪਣੇ ਤਜਰਬਿਆਂ ਬਾਰੇ ਬੇਬਾਕੀ ਨਾਲ ਗੱਲ ਵੀ ਕੀਤੀ। ਉਨ੍ਹਾਂ ਨਾ ਸਿਰਫ਼ ਆਮ ਲੋਕਾਂ ਨੂੰ ਜਾਗਰੂਕ ਕਰਨ ਵਿੱਚ ਯੋਗਦਾਨ ਪਾਇਆ ਸਗੋਂ ਬਿਮਾਰੀ ਨਾਲ ਲੜ ਰਹੇ ਹੋਰ ਲੋਕਾਂ ਲਈ ਪ੍ਰੇਰਨਾ ਸਰੋਤ ਬਣਨ ਦਾ ਯਤਨ ਵੀ ਕੀਤਾ।

ਅਦਾਕਾਰਾ ਮਹਿਮਾ ਚੌਧਰੀ ਨੂੰ ਬ੍ਰੈਸਟ ਕੈਂਸਰ ਹੋਇਆ ਤਾਂ ਅਤੇ ਉਨ੍ਹਾਂ ਮੁਤਾਬਕ ਇਸ ਨਾਲ ਲੜਨ ਦੀ ਤਾਕਤ ਇੱਕ ਬੱਚੇ ਤੋਂ ਮਿਲੇ ਹੌਂਸਲੇ ਨੇ ਦਿੱਤੀ। ਦੱਸ ਦਈਏ ਕਿ ਅਦਾਕਾਰਾ ਸੋਨਾਲੀ ਬੇਂਦਰੇ ਨੂੰ ਵੀ ਕੈਂਸਰ ਹੋਇਆ ਸੀ ਅਤੇ ਉਨ੍ਹਾਂ ਨੇ ਕਿਹਾ ਸੀ ਕਿ ਕੈਂਸਰ ਤੋਂ ਬਾਅਦ ਉਨ੍ਹਾਂ ਦਾ ਜ਼ਿੰਦਗੀ ਪ੍ਰਤੀ ਨਜ਼ਰੀਆ ਬਦਲ ਗਿਆ।

**ਨਕਾਰਾਤਮਕਤਾ ਤੋਂ ਬਚਣ ਦੀ ਲੋੜ: ਸੋਨਾਲੀ ਬੇਂਦਰੇ**

ਮੈਟਾਸਟੈਟਿਕ ਕੈਂਸਰ ਤੋਂ ਠੀਕ ਹੋਣ ਤੋਂ ਬਾਅਦ



ਆਪਣੀ ਆਮ ਦਿੱਖ ਵਾਪਸ ਪਾਉਣ ਲਈ ਸੰਘਰਸ਼ ਕਰਨ ਵਾਲੀ ਅਦਾਕਾਰਾ ਸੋਨਾਲੀ ਬੇਂਦਰੇ ਮੁਤਾਬਕ ਕੈਂਸਰ ਇੱਕ ਸਬਕ ਸਿਖਾਉਣ ਵਾਲੀ ਬਿਮਾਰੀ ਹੈ।

ਬੀਤੇ ਵਰ੍ਹੇ ਇੰਡੀਆ ਟੂਡੇ ਨਾਲ ਆਪਣੀ ਕੈਂਸਰ ਖਿਲਾਫ਼ ਜੰਗ ਬਾਰੇ ਗੱਲ ਕਰਦਿਆਂ ਸੋਨਾਲੀ ਬੇਂਦਰੇ ਨੇ ਕਿਹਾ ਸੀ, "ਮੈਂ ਸੋਚਦੀ ਹਾਂ ਸਾਨੂੰ ਬਸ ਸਵੀਕਾਰਨ ਦੀ ਲੋੜ ਹੈ। ਅਸੀਂ ਜਾਣਕਾਰੀ ਦੇ ਯੁੱਗ ਵਿਚ ਹਾਂ ਤੇ ਜਾਣਕਾਰੀ ਸਾਡੇ ਹੱਥਾਂ ਵਿਚ ਹੈ। ਮੈਂ ਸਿਰਫ਼ ਇਹ ਕਹਿਣਾ ਚਾਹੁੰਦੀ ਹਾਂ ਕਿ ਮੈਨੂੰ ਇਸ ਬਾਰੇ ਨਕਾਰਤਮਕ ਵਿਚਾਰ ਜਾਂ ਕਿਆਸਰਾਈਆਂ ਨਹੀਂ ਚਾਹੀਦੀਆਂ ਹਨ।"

ਇੱਕ ਮਾਂ ਵਜੋਂ ਆਪਣੇ ਬੱਚਿਆਂ ਪ੍ਰਤੀ ਫਿਕਰ ਜ਼ਾਹਿਰ ਕਰਦਿਆਂ ਸੋਨਾਲੀ ਨੇ ਕਿਹਾ ਸੀ ਕਿ ਉਹ ਨਹੀਂ ਚਾਹੁੰਦੇ ਸਨ ਕਿ ਬਿਮਾਰੀ ਬਾਰੇ ਕਿਸੇ ਵੀ ਤਰ੍ਹਾਂ ਦੇ ਨਕਾਰਤਮਕ ਵਿਚਾਰ ਉਨ੍ਹਾਂ ਦੇ ਬੱਚਿਆ ਤੱਕ ਪਹੁੰਚਣ, ਇਸ ਲਈ ਉਨ੍ਹਾਂ ਸਿਰਫ਼ ਚੰਗਾ ਸੋਚਿਆ। ਕੈਂਸਰ ਦੇ ਇਲਾਜ ਲਈ ਕੀਤੀ ਗਈ ਸਰਜਰੀ ਨੇ ਸੋਨਾਲੀ ਦੇ ਸਰੀਰ 'ਤੇ 23-24 ਇੰਚ ਲੰਬਾ ਨਿਸ਼ਾਨ ਛੱਡਿਆ।

**ਕੈਂਸਰ ਦੇ ਦਿੱਤੇ ਦਾਗਾਂ ਉੱਤੇ ਮਾਣ ਕਰੋ: ਤਾਹੀਰਾ ਕਸ਼ਯੱਪ ਖੁਰਾਨਾ**

ਅਦਾਕਾਰ ਆਯੂਸ਼ਮਾਨ ਖੁਰਾਨਾ ਦੀ ਪਤਨੀ



ਤਾਹੀਰਾ ਕਸ਼ਯੱਪ ਖੁਰਾਨਾ ਨੂੰ ਸਾਲ 2018 ਵਿੱਚ ਛਾਤੀ ਦਾ ਕੈਂਸਰ ਹੋਣ ਬਾਰੇ ਪਤਾ ਲੱਗਿਆ। ਤਾਹੀਰਾ ਨੇ ਕੈਂਸਰ ਪੀੜਤਾਂ ਨੂੰ ਕਿਹਾ ਕਿ ਆਪਣੇ ਨਿਸ਼ਾਨ ਲੁਕਾਉਣ ਦੀ ਲੋੜ ਨਹੀਂ ਸਗੋਂ ਇਨ੍ਹਾਂ ਨੂੰ ਆਪਣੀ ਮੁਸਕੁਰਾਹਟ ਵਾਂਗ ਦਿਖਾਓ।

ਤਾਹੀਰਾ ਨੇ ਕੈਂਸਰ ਖਿਲਾਫ਼ ਜੰਗ ਜਿੱਤ ਚੁੱਕੇ ਲੋਕਾਂ ਨੂੰ ਸਰਜਰੀ ਕਾਰਨ ਸਰੀਰ 'ਤੇ ਪਏ ਨਿਸ਼ਾਨਾਂ ਨੂੰ ਨਾ ਲੁਕਾਉਣ ਲਈ ਪ੍ਰੇਰਦੀ 'ਸਕਾਰਜ਼' ਸਿਰਲੇਖ ਹੇਠ ਇੱਕ ਕਵਿਤਾ ਲਿਖੀ।

ਸਾਲ 2020 ਨੈਸ਼ਨਲ ਕੈਂਸਰ ਸਰਵਾਈਵਰਜ਼ ਡੇਅ ਮੌਕੇ ਉਨ੍ਹਾਂ ਨੇ ਆਪਣੀ ਪਿੱਠ 'ਤੇ ਬ੍ਰੈਸਟ ਕੈਂਸਰ ਦੇ ਇਲਾਜ ਦੌਰਾਨ ਹੋਈ ਸਰਜਰੀ ਦੇ ਪਏ ਨਿਸ਼ਾਨ ਦੀ ਤਸਵੀਰ ਅਤੇ ਇੱਕ ਕਵਿਤਾ ਦੇ ਬੋਲ ਸੋਸ਼ਲ ਮੀਡੀਆ ਜ਼ਰੀਏ ਸਾਂਝੇ ਕੀਤੇ। ਇਸ ਕਵਿਤਾ ਵਿੱਚ ਉਨ੍ਹਾਂ ਕੈਂਸਰ ਪੀੜਤਾਂ ਨੂੰ ਕਿਹਾ ਕਿ ਆਪਣੇ ਨਿਸ਼ਾਨ ਲੁਕਾਉਣ ਦੀ ਲੋੜ ਨਹੀਂ ਸਗੋਂ ਇਨ੍ਹਾਂ ਨੂੰ ਆਪਣੀ ਮੁਸਕੁਰਾਹਟ ਵਾਂਗ ਦਿਖਾਓ।

ਉਨ੍ਹਾਂ ਕਿਹਾ ਕਿ ਦਾਗਾਂ ਨੂੰ ਲੁਕਾਉਣ ਦੀ ਲੋੜ ਨਹੀਂ ਸਗੋਂ ਇਹ ਤਗਮੇ ਹਨ ਜੋ ਤੁਹਾਨੂੰ ਪ੍ਰੇਰਦੇ ਹਨ।

ਤਾਹੀਰਾ ਕਸ਼ਯੱਪ ਸਮੇਂ-ਸਮੇਂ ਸੋਸ਼ਲ ਮੀਡੀਆ ਜ਼ਰੀਏ ਲੋਕਾਂ ਨੂੰ ਕੈਂਸਰ ਪ੍ਰਤੀ ਜਾਗਰੁਕ ਕਰਨ ਲਈ ਪੋਸਟ ਪਾ ਕੇ ਸਵੈ-ਪੜਚੋਲ ਲਈ ਪ੍ਰੇਰਿਤ ਕਰਦੇ ਰਹਿੰਦੇ ਹਨ।

**ਮੈਂ ਹਾਲੇ ਵੀ ਕੈਂਸਰ ਨਾਲ ਜੀਅ ਰਹੀ ਹਾਂ: ਲੀਜ਼ਾ ਰੇਅ**

ਅਦਾਕਾਰਾ ਲੀਜ਼ਾ ਰੇਅ ਕੈਂਸਰ ਦੇ ਇਲਾਜ ਦੌਰਾਨ ਸੋਸ਼ਲ ਮੀਡੀਆ ਜ਼ਰੀਏ ਲਗਾਤਾਰ ਆਪਣੇ ਪ੍ਰਸ਼ੰਸਕਾ ਨਾਲ ਜੁੜੇ ਰਹੇ। ਸਾਲ 2009 ਵਿੱਚ ਲੀਜ਼ਾ ਨੂੰ ਬਲੱਡ ਕੈਂਸਰ ਹੋਣ ਬਾਰੇ ਪਤਾ ਲੱਗਿਆ। ਆਪਣੀ ਬਿਮਾਰੀ ਅਤੇ ਇਲਾਜ ਦੇ ਨਾਲ-ਨਾਲ ਲੀਜ਼ਾ ਲੋਕਾਂ ਨੂੰ ਕੈਂਸਰ ਬਾਰੇ ਜਾਗਰੂਕ ਵੀ ਕਰਦੇ ਰਹੇ।

ਉਨ੍ਹਾਂ ਨੇ ਬਿਮਾਰੀ ਦੌਰਾਨ ਜੋ ਕੁਝ ਮਹਿਸੂਸ ਕੀਤਾ, ਝੱਲਿਆ ਅਤੇ ਉਨ੍ਹਾਂ ਦੀ ਜ਼ਿੰਦਗੀ ਜਿਸ ਤਰ੍ਹਾਂ ਬਦਲੀ, ਉਸ ਬਾਰੇ ਉਨ੍ਹਾਂ ਨੇ ਮਈ 2019 ਵਿੱਚ 'ਕਲੋਜ਼ ਟੂ ਦਾ ਬੋਨ' ਨਾਮ ਦੀ ਇੱਕ ਕਿਤਾਬ ਲਿਖੀ।

ਇਸ ਕਿਤਾਬ ਵਿੱਚ ਉਨ੍ਹਾਂ ਲਿਖਿਆ, "37 ਸਾਲ ਦੀ ਉਮਰ ਵਿੱਚ ਕੈਂਸਰ ਦਾ ਪਤਾ ਲੱਗਣ ਤੋਂ ਬਾਅਦ, ਮੈਂ ਐੱਮਐੱਮ ਕੈਂਸਰ ਕਲੱਬ ਦੀ ਸਭ ਤੋਂ ਜੂਨੀਅਰ ਮੈਂਬਰ ਸੀ, ਜਦਕਿ ਕੈਂਸਰ ਹੋਣ ਦੀ ਸੰਭਾਵਨਾ ਲਈ ਔਸਤਨ ਉਮਰ 65 ਸਾਲ ਹੈ ਪਰ ਇਹ ਡਰਾਉਣਾ ਨਹੀਂ ਸੀ- ਨਾ ਹੀ ਹੁਣ ਹੈ।"

ਸਟੈਮ ਸੈੱਲ ਟਰਾਂਸਪਲਾਂਟ ਤੋਂ ਬਾਅਦ ਡਾਕਟਰਾਂ ਵੱਲੋਂ ਲੀਜ਼ਾ ਨੂੰ ਕੈਂਸਰ ਮੁਕਤ ਮੰਨਿਆ ਗਿਆ। ਆਪਣੇ ਆਪ ਨੂੰ ਲੀਜ਼ਾ ਕੈਂਸਰ ਗ੍ਰੈਜੁਏਟ ਵਜੋਂ ਸੰਬੋਧਿਤ ਕਰਦੇ ਹਨ।

**ਕੈਂਸਰ ਨੇ ਮੈਨੂੰ ਨਵੀਂ ਜਿੰਦਗੀ ਦਿੱਤੀ: ਮਨੀਸ਼ਾ ਕੋਇਰਾਲਾ**

ਅਦਾਕਾਰਾ ਮਨੀਸ਼ਾ ਕੋਇਰਾਲਾ ਕਹਿੰਦੇ ਹਨ, "ਆਪਣੇ ਆਲੇ ਦੁਆਲੇ ਬਹੁਤ ਲੋਕ ਇਸ ਬਿਮਾਰੀ ਨਾਲ ਜੂਝਦੇ ਦੇਖੇ ਸਨ ਪਰ ਕਦੀ ਨਹੀਂ ਸੀ ਸੋਚਿਆ ਇਹ ਮੈਨੂੰ ਵੀ ਹੋ ਸਕਦਾ ਹੈ ਪਰ ਮੇਰੇ ਲਈ ਇਹ ਹੈਰਾਨ ਕਰਨ ਵਾਲਾ ਨਹੀਂ ਸੀ। ਮਨੀਸ਼ਾ ਨੂੰ ਅੰਡਕੋਸ਼ ਦਾ ਕੈਂਸਰ ਹੋਇਆ ਸੀ।"

ਕੈਂਸਰ ਦੌਰਾਨ ਆਪਣੇ ਤਜਰਬਿਆਂ ਬਾਰੇ ਮਨੀਸ਼ਾ ਕੋਇਰਾਲਾ ਨੇ 'ਹੀਲਡ ਹਾਓ ਕੈਂਸਰ ਗਿਵ ਮੀ ਨਿਊ ਲਾਈਫ਼' ਨਾਮ ਦੀ ਕਿਤਾਬ ਵਿੱਚ ਕੈਂਸਰ ਖਿਲਾਫ਼ ਆਪਣੀ ਲੜਾਈ ਦੀ ਵਾਰਤਾ ਸਾਂਝੀ ਕੀਤੀ। ਮਨੀਸ਼ਾ ਮੁਤਾਬਕ ਉਨ੍ਹਾਂ ਆਪਣੇ ਇਲਾਜ ਦੇ ਛੇ ਮਹੀਨਿਆਂ ਦੌਰਾਨ ਸਿਰਫ਼ ਖੁਸ਼ਗਵਾਰ ਸਕਾਰਾਤਮਕ ਗੱਲਾਂ ਕਰਨ ਵਾਲੇ ਲੋਕਾਂ ਨੂੰ ਸੁਣਿਆ, ਉਨ੍ਹਾਂ ਮੁਤਾਬਕ ਕੈਂਸਰ ਨੇ ਉਨ੍ਹਾਂ ਨੂੰ ਇੱਕ ਨਵੀਂ ਜ਼ਿੰਦਗੀ ਦਿੱਤੀ। ਮਨੀਸ਼ਾ ਆਪਣੀ ਕਿਤਾਬ ਵਿੱਚ ਲਿਖਦੇ ਹਨ ਕਿ ਭਾਰਤ ਵਿੱਚ ਵੀ ਕੈਂਸਰ ਦਾ ਇਲਾਜ ਹੋਰ ਮੁਲਕਾਂ ਵਰਗਾ ਹੀ ਹੈ। "ਫ਼ਰਕ ਸਿਰਫ਼ ਇੰਨਾ ਹੈ ਕਿ ਇੱਥੇ ਖੌਫ਼ ਬਹੁਤ ਹੈ ਤੇ ਕੈਂਸਰ ਦਾ ਮਤਲਬ ਮੌਤ ਸਮਝਿਆ ਜਾਂਦਾ ਹੈ। ਤੁਸੀਂ ਖੁਦ ਵੀ ਡਰਦੇ ਹੋ ਤੇ ਤੁਹਾਡੇ ਆਲੇ-ਦੁਆਲੇ ਦੇ ਲੋਕ ਵੀ ਡਰੇ ਹੋਏ ਹੁੰਦੇ ਹਨ।" ਅਦਾਕਾਰਾ ਦਾ ਕਹਿਣਾ ਹੈ ਕਿ ਆਪਣੇ ਇਲਾਜ ਦੇ ਛੇ ਮਹੀਨਿਆਂ ਦੌਰਾਨ ਉਨ੍ਹਾਂ ਸਿਰਫ਼



ਖੁਸ਼ਗਵਾਰ ਸਕਾਰਾਤਮਕ ਗੱਲਾਂ ਕਰਨ ਵਾਲੇ ਲੋਕਾਂ ਨੂੰ ਸੁਣਿਆ।

**ਇਹ ਸਮਾਂ ਵੀ ਬੀਤ ਜਾਵੇਗਾ: ਯੁਵਰਾਜ ਸਿੰਘ**

ਭਾਰਤੀ ਕ੍ਰਿਕਟ ਖਿਡਾਰੀ ਯੁਵਰਾਜ ਸਿੰਘ ਸੈਮੀਨੋਮਾ ਲੰਗ ਕੈਂਸਰ ਤੋਂ ਪੀੜਤ ਸਨ। ਯੁਵਰਾਜ ਸਿੰਘ ਨੇ ਵੀ ਆਪਣੇ ਤਜਰਬਿਆਂ 'ਤੇ ਅਧਾਰਿਤ 'ਟੈਸਟ ਆਫ਼ ਮਾਈ ਲਾਈਫ਼' ਨਾਮ ਦੀ ਇੱਕ ਕਿਤਾਬ ਲਿਖੀ। ਉਨ੍ਹਾਂ ਇਸ ਕਿਤਾਬ ਵਿੱਚ ਆਪਣੇ ਖੇਡ ਨਾਲ ਜੁੜੇ ਤਜਰਬਿਆਂ ਦੇ ਨਾਲ-ਨਾਲ ਕੈਂਸਰ ਬਾਰੇ ਵੀ ਲਿਖਿਆ।

ਉਨ੍ਹਾਂ ਕਿਹਾ ਸੀ, "ਟੈਸਟ ਆਫ਼ ਮਾਈ ਲਾਈਫ਼, ਮੇਰੇ ਸਭ ਤੋਂ ਔਖੇ ਦਿਨਾਂ ਬਾਰੇ ਹੈ ਅਤੇ ਮੈਂ ਮੁਸ਼ਕਲ ਦੌਰ ਵਿੱਚੋਂ ਕਿਵੇਂ ਬਾਹਰ ਨਿਕਲਿਆ। ਇਨ੍ਹਾਂ ਸਾਰੀਆਂ ਔਕੜਾਂ ਦੇ ਬਾਵਜੂਦ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਉਮੀਦ, ਦ੍ਰਿੜਤਾ ਅਤੇ ਹਿੰਮਤ ਬਾਰੇ ਹੈ।" ਯੁਵਰਾਜ ਸਿੰਘ ਕੈਂਸਰ ਪ੍ਰਤੀ ਜਾਗਰੂਕਤਾ ਫ਼ੈਲਾਉਣ ਲਈ 'ਯੂ ਕੈਨ ਵਿਨ' ਨਾਮ ਦੀ ਇੱਕ ਸੰਸਥਾ ਵੀ ਚਲਾ ਰਹੇ ਹਨ।

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)




## ਸ੍ਰੀ ਗੁਰੂ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ 26 ਮਾਰਚ 2023 ਦਿਨ ਐਤਵਾਰ ਨੂੰ ਗੁਰੂ ਘਰ ਦੀ ਪ੍ਰਾਪਰਟੀ ਵਿਖੇ ਮਨਾਇਆ ਜਾ ਰਿਹਾ ਹੈ। ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਤੇ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### ਸੰਗਤ ਦੇ ਸੇਵਾਦਾਰ



Vinod Kumar Chumber (Chairman) 510-953-9800



Ram Lubhaya (President) 408-449-1105



Naresh Kumar (Secretary) 510-857-4551



Sohan Singh Dhanda (Treasurer) 510-200-6649

## ਸਮੂਹ ਪ੍ਰਬੰਧਕ ਕਮੇਟੀ, ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫਰਨੀਆ)



# AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

**We Do Complete Engine Transmission, Body and Paint Work We Sell Used Cars at a Good Price**



Prop: Jasbir Singh Takhar
510-755-2132

Free Estimates
Free Towing

510- 733- 2222
1421 Industrial PKWY West#F Hayward, CA 94544



Harmandeep Singh



# L.A. MERCHANDISE

**Whole Sale +Retail**

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave. Yuba City, CA 95991

Loose Fabrics, Groceries, Blankets, Vegetables




New folding bed verities

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 42.99+Tax

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ



ਇੱਥੇ ਤਾਜ਼ਾ ਸਬਜ਼ੀਆਂ ਅਤੇ ਆਰਗੈਨਿਕ ਦਾਲਾਂ ਵੀ ਮਿਲਦੀਆਂ ਹਨ।







Baksho Kaur Bisla Hardev Singh Bisla



ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ

530-671-0439, Fax 530-822-0439 Cell- 530-844-3250




Book Available

http://www.unistarbooks.com/home/5512-pagrhi-sambhal-lehar-to-samyukt-kisan-morcha.html

http://www.unistarbooks.com/home/5512-pagrhi-sambhal-lehar-to-samyukt-kisan-morcha.html







My Struggle in Life:

Das Pawar, Ishwar: 9781682131558:

Amazon.com: Book

https://www.amazon.com/Struggle-Life-Ishwar-Das-Pawar/dp/1682131556


## ਕੌਮਾਂਤਰੀ ਮਾਂ ਬੋਲੀ ਦਿਵਸ ਨੂੰ ਸਮਰਪਿਤ

# ਸਾਡੇ ਵਜੂਦ ਦਾ, ਸਾਡੀ ਸਖਸ਼ੀਅਤ ਦਾ ਇਕ ਅਟੁੱਟ ਅੰਗ ਹੁੰਦੀ ਹੈ ਮਾਂ ਬੋਲੀ

ਮਾਂ ਬੋਲੀ ਉਹ ਭਾਸ਼ਾ ਹੁੰਦੀ ਹੈ ਜਿਸ ਨੂੰ ਇਨਸਾਨ ਜਨਮ ਤੋਂ ਸਿੱਖਦਾ ਹੈ ਜਾਂ ਜਿਸ ਨੂੰ ਇਨਸਾਨ ਆਪਣੀ ਮਾਂ ਤੋਂ ਸਿੱਖਦਾ ਹੈ ਜਾਂ ਜਿਸ ਨੂੰ ਓਹ ਸਭ ਤੋਂ ਚੰਗੀ ਤਰ੍ਹਾਂ ਜਾਣਦਾ ਹੈ। ਕਈ ਮੁਲਕਾਂ ਵਿੱਚ ਮਾਂ ਬੋਲੀ ਕਿਸੇ ਖ਼ਾਸ ਲੋਕ-ਸਮੂਹ ਦੀ ਬੋਲੀ ਨੂੰ ਵੀ ਕਿਹਾ ਜਾਂਦਾ ਹੈ। ਮਾਂ ਬੋਲੀ ਤੋਂ ਬਿਨਾਂ ਜੋ ਬੋਲੀ ਇਨਸਾਨ ਬੋਲਦਾ ਹੈ ਉਸਨੂੰ ਦੂਜੀ ਭਾਸ਼ਾ ਆਖਦੇ ਹਨ। ਮਾਤ ਭਾਸ਼ਾ ਦਾ ਜਨਮ ਮਾਂ ਦੇ ਦੁੱਧ, ਮਾਂ ਦੀ ਲੋਰੀ ਤੇ ਨਵਜੰਮੇ ਬੱਚੇ ਦੇ ਕੰਨਾਂ ਵਿਚ ਪਏ ਮਾਂ ਦੇ ਪਹਿਲੇ ਬੋਲਾਂ ਨਾਲ ਹੁੰਦਾ ਹੈ । ਇਹ ਮਾਂ ਦੇ ਦੁੱਧ ਵਰਗੀ ਅੰਮ੍ਰਿਤ ਅਤੇ ਮਮਤਾ ਵਰਗੀ ਮਿੱਠੀ ਹੁੰਦੀ ਹੈ । ਗੁੜਤੀ ਵਜੋਂ ਮਿਲਣ ਵਾਲੀ ਇਹ ਬੋਲੀ ਸਾਡੇ ਵਜੂਦ ਅਤੇ ਸਖਸ਼ੀਅਤ ਦਾ ਸਿਰਫ ਅਟੁੱਟ ਅੰਗ ਹੀ ਨਹੀਂ ਹੁੰਦੀ, ਸਗੋਂ ਸਾਡੀ ਸਮੁੱਚੀ ਹੋਂਦ ਵੀ ਇਸੇ ਉੱਪਰ ਨਿਰਭਰ ਹੁੰਦੀ ਹੈ । ਮਾਂ ਬੋਲੀ ਹੀ ਇਕ ਅਜਿਹਾ ਜ਼ਰੀਆ ਹੈ, ਜੋ ਸਭਨਾਂ ਨੂੰ ਸਾਂਝੇ ਸੂਤਰ ਵਿਚ ਪਰੋਂਦਾ ਹੈ ਤੇ ਏਕਤਾ ਅਤੇ ਭਾਈਚਾਰੇ ਦਾ ਸੰਦੇਸ਼ ਦੇਂਦਾ ਹੈ । ਇਹ ਇਕ ਮਨੋਂਵਿਗਿਆਨਕ ਸੱਚਾਈ ਹੈ ਕਿ ਮਾਂ ਬੋਲੀ ਵਿਚ ਸਿੱਖਿਆ ਲੈਣ ਵਾਲਾ ਬੱਚਾ ਵੱਧ ਤੋਂ ਵੱਧ ਅਕਲ ਵਾਲਾ ਹੁੰਦਾ ਹੈ ਤੇ ਇਹ ਵੀ ਕੌੜਾ ਸੱਚ ਹੈ ਕਿ ਕੋਈ ਵਿਅਕਤੀ ਆਪਣੇ ਵਿਚਾਰ ਬੇਸ਼ੱਕ ਦੁਨੀਆਂ ਦੀਆਂ ਬਹੁਤ ਸਾਰੀਆਂ ਭਾਸ਼ਾਵਾਂ ਵਿਚ ਪ੍ਰਗਟਾਉਣ ਦੇ ਸਮਰੱਥ ਹੋ ਸਕਦਾ ਹੈ, ਲੇਕਿਨ ਆਪਣੇ ਦਿਲੀ ਜਜਬਾਤ, ਭਾਵਨਾਵਾਂ ਅਤੇ ਵਲਵਲਿਆਂ ਦੀ ਸਹੀ ਤਰਜ਼ਮਾਨੀ ਸਿਰਫ ਤੇ ਸਿਰਫ ਆਪਣੀ ਮਾਂ ਬੋਲੀ ਵਿਚ ਹੀ ਸਹੀ ਤਰਾਂ ਨਾਲ ਕਰ ਸਕਦਾ ਹੈ।

ਜਿਵੇਂ ਮਾਂ ਦਾ ਦਰਜਾ ਕਿਸੇ ਹੋਰ ਔਰਤ ਨੂੰ ਨਹੀਂ ਦਿੱਤਾ ਜਾ ਸਕਦਾ ਉਸੇ ਤਰ੍ਹਾਂ ਸੰਸਾਰ ਦੀ ਕਿਸੇ ਵੀ ਬੋਲੀ ਨੂੰ ਅਸੀਂ ਮਾਂ ਬੋਲੀ ਦਾ ਸਥਾਨ ਨਹੀਂ ਦੇ ਸਕਦੇ। ਹੋਰ ਇਸਤਰੀ ਦਾਦੀ, ਨਾਨੀ, ਚਾਚੀ, ਤਾਈ, ਭੂਆ, ਮਾਸੀ, ਆਂਟੀ ਆਦਿ ਤਾਂ ਹੋ ਸਕਦੀ ਹੈ ਪਰ ਮਾਂ ਤਾਂ ਮਾਂ ਹੀ ਹੁੰਦੀ ਹੈ। ਹੋਰ ਕਈ ਔਰਤ ਆਪਣੀ ਮਾਂ ਨਾਲੋਂ ਸੁਹਣੀ ਹੋਵੇ, ਅਮੀਰ ਹੋਵੇ, ਪੜ੍ਹੀ-ਲਿਖੀ ਹੋਵੇ, ਪਰ ਕਦੇ ਮਾਂ ਨਹੀਂ ਬਣ ਸਕਦੀ। ਮਾਂ, ਮਾਂ ਹੀ ਹੁੰਦੀ ਹੈ। ਕੋਈ ਆਪਣੀ ਮਾਂ ਨੂੰ ਘਰੋਂ ਕੱਢਕੇ ਉਸ ਇਸਤਰੀ ਨੂੰ ਮਾਂ ਦੀ ਥਾਂ ਤੇ ਨਹੀਂ ਬਿਠਾ ਲੈਂਦਾ ਕਿਉਂਕਿ ਮਾਂ ਦੀ ਮਮਤਾ ਤੇ ਪਿਆਰ ਦਾ ਨਿੱਘ ਕਿਸੇ ਹੋਰ ਤੋਂ ਨਹੀਂ ਮਿਲ ਸਕਦਾ। ਆਪਣੀ ਮਾਂ ਆਪਣੀ ਹੀ ਹੁੰਦੀ ਹੈ। ਇਕ ਪਾਕਿਸਤਾਨੀ ਸ਼ਾਇਰ ਆਪਣੇ ਹੀ ਅੰਦਾਜ਼ ਵਿਚ ਮਾਤ-ਭਾਸ਼ਾ ਬਾਰੇ ਬਿਆਨ ਕਰਦਿਆਂ ਹੋਇਆ ਆਖਦਾ ਹੈ ਕਿ "ਮਾਂ ਬੋਲੀ ਜੇ ਭੁੱਲ ਜਾਓਗੇ, ਕੱਖਾਂ ਵਾਂਗੂ ਰੁਲ ਜਾਓਗੇ ।"

ਦੂਜੇ ਸ਼ਬਦਾਂ ਵਿਚ ਦਿਲ ਦੇ ਭਾਵਾਂ ਦੀ ਸਹੀ ਤਰਜਮਾਨੀ ਕਰਨ ਦੀ ਜਾਂਚ ਸਿਰਫ ਮਾਤ ਭਾਸ਼ਾ ਦੀ ਸਮਝ ਨਾਲ ਹੀ ਆਉਂਦੀ ਹੈ ਤੇ ਇਸੇ ਰਾਹੀਂ ਹੀ ਕੋਈ ਵਿਅਕਤੀ ਆਪਣੇ ਸਮਾਜਿਕ ਸਿਸਟਮ ਵਿਚੋਂ ਵਿਚਰਦਾ ਹੋਇਆ, ਉਸ ਨੂੰ ਚੰਗੀ ਤਰਾਂ ਸਮਝਣ ਦੇ ਸਮਰੱਥ ਹੁੰਦਾ ਹੈ ਤੇ ਪਰਵਾਨ ਚੜ੍ਹਦਾ ਹੈ । ਸ਼ਾਇਦ ਇਸੇ ਕਾਰਨ ਹੀ ਕਿਹਾ ਜਾਂਦਾ ਹੈ ਕਿ ਮਾਂ ਬੋਲੀ ਕਿਸੇ ਕੌਮ ਦੇ ਭਾਵੁਕ, ਬੌਧਿਕ ਅਤੇ ਸੱਭਿਆਚਾਰਕ ਪੱਖਾਂ ਦੀ ਪਹਿਚਾਣ ਦਾ ਸਹੀ ਪੈਮਾਨਾ ਹੁੰਦੀ ਹੈ । ਮੇਰਾ ਇਕ ਦੋਸਤ ਇਸ ਨੁਕਤੇ ਨੂੰ ਆਪਣੇ ਹੀ ਅੰਦਾਜ਼ ਵਿਚ ਬੜੇ ਵਧੀਆ ਢੰਗ ਨਾਲ ਇਸ ਤਰਾਂ ਕਹਿੰਦਾ ਹੈ ਕਿ "ਵਿਚਾਰ ਤਾਂ ਅਸੀਂ ਕਿਸੇ ਵੀ ਸਿੱਖੀ ਹੋਈ ਭਾਸ਼ਾ ਵਿਚ ਪ੍ਰਗਟਾ ਸਕਦੇ ਹਾਂ, ਪਰ ਹੱਸਣਾ ਅਤੇ ਰੋਣਾ ਸਿਰਫ ਤੇ ਸਿਰਫ ਮਾਤ ਭਾਸ਼ਾ ਵਿਚ ਹੀ ਸੰਭਵ ਹੁੰਦਾ ਹੈ ।" ਰੱਬ ਦਾ ਹੀ ਦੂਸਰਾ ਰੂਪ ਹੂੰਦੀ ਹੈ ਮਾਂ। ਮਾਂ ਸਾਨੂੰ ਜਨਮ ਦਿੰਦੀ ਹੈ, ਚੰਗੇ ਸੰਸਕਾਰ ਦਿੰਦੀ ਹੈ, ਪਿਆਰ ਤੇ ਸਧਰਾਂ ਨਾਲ ਪਾਲਣਾ ਪੋਸਨਾ ਕਰਦੀ ਹੈ, ਜੀਵਨ ਜਾਚ ਸਿਖਾਉਂਦੀ ਹੈ। ਮਾਂ ਦੇ ਦੁੱਧ ਵਰਗੇ ਅੰਮ੍ਰਿਤ ਅਤੇ ਮਾਂ ਦੀ ਮਮਤਾ ਵਰਗੀ ਹੀ ਮਿੱਠੀ ਹੁੰਦੀ ਹੈ ਮਾ-ਬੋਲੀ, ਜੋ ਅਸੀ ਅਪਣੀ ਮਾਂ ਤੋਂ ਬੋਲਣਾ ਸਿਖਦੇ ਹਾਂ। ਮਾਂ-ਬੋਲੀ ਸਾਡੇ ਵਜੂਦ ਦਾ, ਸਾਡੀ ਸਖਸੀਅਤ ਦਾ ਇਕ ਅਟੁੱਟ ਅੰਗ ਹੁੰਦੀ ਹੈ।

ਮਾਤ ਭਾਸ਼ਾ ਦਿਵਸ ਦੇ ਮੌਕੇ ਤੇ ਡਾ. ਤ੍ਰਿਲੋਕ ਸਿੰਘ ਅਨੰਦ ਨੇ ਜੀਵਨ ਵਿੱਚ ਮਾਤ ਭਾਸ਼ਾ ਦਾ ਮਹੱਤਵ' ਵਿਸ਼ੇ ਤੇ ਬੋਲਦਿਆਂ ਕਿਹਾ, ''ਅਸਲ ਵਿੱਚ ਮਾਤ-ਭਾਸ਼ਾ ਮਨੁੱਖ ਦੀ ਪਛਾਣ ਹੈ ਅਤੇ ਉਸ ਦੀ ਹੋਂਦ ਅਤੇ ਉਸ ਦੇ ਜੀਉਂਦੇ ਰਹਿਣ ਦੀ ਗਵਾਹੀ ਹੈ। ਜਿਸ ਭਾਸ਼ਾ ਰਾਹੀਂ ਸਾਡੀ ਸੋਚਣੀ ਗਤੀਸ਼ੀਲ ਹੁੰਦੀ ਹੈ ਅਤੇ ਜਿਸ ਭਾਸ਼ਾ ਵਿੱਚ ਅਸੀਂ ਸੁਪਨੇ ਲੈਂਦੇ ਹਾਂ, ਉਹ ਹੀ ਮੂਲ ਰੂਪ ਵਿੱਚ ਸਾਡੀ ਮਾਤ ਭਾਸ਼ਾ ਹੈ ਅਤੇ ਇਹੋ ਮਾਤ ਭਾਸ਼ਾ ਮਨੁੱਖ ਦੇ ਜਨਮ ਤੋਂ ਲੈ ਕੇ ਮੌਤ ਤੱਕ ਨਾਲ ਵਿਚਰਦੀ ਹੈ ਅਤੇ ਮਨੁੱਖ ਮਾਤ ਭਾਸ਼ਾ ਵਿੱਚ ਹੀ ਆਪਣੇ ਅਤਿ ਸੂਖਮ, ਮੁੱਢਲੇ, ਹਾਰਦਿਕ ਵਲਵਲਿਆਂ ਜ਼ਜ਼ਬਾਤਾਂ ਅਤੇ ਅਹਿਸਾਸਾਂ ਦਾ ਪ੍ਰਗਟਾਵਾ ਕਰਦਾ ਹੈ।''

ਧਰਮ ਤਾਂ ਕਿਸੇ ਦਾ ਨਿੱਜੀ ਵਿਅਕਤੀਗਤ ਵਿਸ਼ਵਾਸ਼ ਹੈ, ਪਰ ਮਾਂ-ਬੋਲੀ ਤਾਂ ਉਸ ਇਲਾਕੇ ਦੇ ਲੋਕਾਂ ਨੂੰ ਆਪਸ ਵਿਚ ਜੋੜਦੀ ਹੈ, ਉਨ੍ਹਾਂ ਦੀ ਸਾਂਝ ਬਣਦੀ ਹੈ, ਪਛਾਣ ਬਣਦੀ ਹੈ, ਉਨ੍ਹਾ ਦੀ ਕੌਮੀਅਤ ਬਣਦੀ ਹੈ। ਧਰਮ ਬਦਲਿਆ ਜਾ ਸਕਦਾ ਹੈ,ਪਰ ਮਾਂ-ਬੋਲੀ ਨਹੀਂ। ਇਕ ਮਾਂ-ਬੋਲੀ ਬੋਲਣ ਵਾਲੇ ਲੋਕ ਵੱਖ ਵੱਖ ਧਰਮਾਂ ਜਾ ਦੇਸ਼ਾ ਨਾਲ ਸਬੰਧ ਰਖ ਸਕਦੇ ਹਨ। ਜਿਵੇਂ ਕਿ ਭਾਰਤੀ ਪੰਜਾਬ ਜਿਸ ਵਿਚ ਵਧੇਰੇ ਵਸੋਂ ਹਿੰਦੂ ਤੇ ਸਿੱਖ ਹਨ, ਅਤੇ ਪਾਕਿਸਤਾਨੀ ਪੰਜਾਬ ਵਿਚ ਬਹੁ-ਵਸੋਂ ਮੁਸਲਮਾਨ ਹਨ, ਪਰ ਦੋਨਾਂ ਦੇ ਵਸਨੀਕਾਂ ਦੀ ਮਾਂ-ਬੋਲੀ ਪੰਜਾਬੀ ਹੈ। ਇਸੇ ਤਰ੍ਹਾਂ ਕਿਸੇ ਵੀ ਦੁੱਖ ਤਕਲੀਫ ਜਾਂ ਖੁਸ਼ੀ ਸਬੰਧੀ ਹਾਵ ਭਾਵ ਅਸੀਂ ਆਚੇਤਨ ਰੂਪ ਵਿਚ ਹੀ ਆਪਣੀ ਮਾਤ ਭਾਸ਼ਾ ਵਿਚ ਪ੍ਰਗਟਾਉਂਦੇ ਹਾਂ । ਇਹੀ ਕਾਰਨ ਹੈ ਕਿ ਮਾਤ ਭਾਸ਼ਾ ਨੂੰ ਕਿਸੇ ਸਮਾਜ ਵਿਚਲੇ ਸੱਭਿਆਚਾਰ ਰੂਪੀ ਦਰਖਤ ਦੀ ਜੜ੍ਹ ਕਿਹਾ ਜਾਂਦਾ ਹੈ ਅਤੇ ਸੱਭਿਆਚਾਰ ਰੂਪੀ ਰੁੱਖ ਤੋਂ ਜੋ ਫਲ ਅਤੇ ਫੁੱਲ ਪੈਦਾ ਹੁੰਦੇ ਹਨ, ਉਸ ਨੂੰ ਸਾਹਿਤ ਕਿਹਾ ਜਾਂਦਾ ਹੈ। ਸੋ ਮਾਤ ਭਾਸ਼ਾ ਕਿਸੇ ਸੱਭਿਆਚਾਰ ਦੀ ਸ਼ਾਹ ਰਗ ਹੁੰਦੀ ਹੈ, ਜੋ ਕਿਸੇ ਸੱਭਿਆਚਾਰ ਨੂੰ ਜਿਊਂਦਾ ਅਤੇ ਵਿਕਸਤ ਰੱਖਣ ਵਾਸਤੇ ਅਤੀ ਜਰੂਰੀ ਹੁੰਦੀ ਹੈ।

ਪੰਜਾਬੀ ਦੇ ਚਾਚਾ, ਤਾਇਆ, ਮਾਮਾ, ਮਾਸੜ, ਫੁੱਫੜ ਆਦਿ ਰਿਸ਼ਤਿਆਂ ਨੂੰ ਅੰਗਰੇਜ਼ੀ ਭਾਸ਼ਾ ਦੇ ਇਕ ਸ਼ਬਦ ਸਿਰਫ ਅੰਕਲ ਵਿਚ ਹੀ ਜਜ਼ਬ ਕਰਕੇ ਸਾਰ ਲਿਆ ਜਾਂਦਾ ਹੈ, ਜਿਸ ਨਾਲ ਪੰਜਾਬੀ ਸੱਭਿਆਚਾਰ ਵਿਚ ਪ੍ਰਚੱਲਿਤ ਰਿਸ਼ਤਾ ਨਾਤਾ ਪ੍ਰਣਾਲੀ ਵਿਚ ਅਸਪੱਸ਼ਤਾ ਪੈਦਾ ਹੁੰਦੀ ਹੈ ਅਤੇ ਇਹਨਾਂ ਰਿਸ਼ਤਿਆਂ ਦੇ ਅਸਲੀ ਅਰਥ ਹੀ ਗੁਆਚ ਜਾਂਦੇ ਹਨ । ਇਸ ਤਰਾਂ ਦੀਆਂ ਹੋਰ ਵੀ ਅਨੇਕਾਂ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ, ਜਿਹਨਾਂ ਦਾ ਭਾਵ ਇਹੀ ਹੈ ਕਿ ਮਾਤ ਭਾਸ਼ਾ ਹੀ ਕਿਸੇ ਸੱਭਿਆਚਾਰ ਨੂੰ ਸਹੀ ਤਰਾਂ ਪ੍ਰਗਟ ਕਰਨ ਦੀ ਸਮਰੱਥਾ ਰੱਖਦੀ ਹੈ ਤੇ ਕਿਸੇ ਦੂਜੇ ਸੱਭਿਆਚਾਰ ਵਿਚਲੇ ਵਰਤਾਰੇ ਦਾ ਸਹੀ ਪ੍ਰਗਟਾਵਾ ਕਰਨ ਦੀ ਸਮਰੱਥਾ ਕਿਸੇ ਵੀ ਦੂਸਰੀ ਭਾਸ਼ਾ ਵਿਚ ਨਹੀਂ ਹੁੰਦੀ । ਇਹੀ ਕਾਰਨ ਹੈ ਕਿ ਵਿਦਵਾਨ ਮੰਨਦੇ ਹਨ ਕਿ ਦੁਨੀਆਂ ਦੀ ਕਿਸੇ ਵੀ ਭਾਸ਼ਾ ਦਾ ਹੂ ਬ ਹੂ ਤਰਜ਼ਮਾ ਸੰਭਵ ਹੀ ਨਹੀਂ ਹੈ ਕਿਉਂਕਿ ਤਰਜ਼ਮਾ ਸ਼ਬਦਾਂ ਦੇ ਬਾਹਰੀ ਅਰਥਾਂ ਦਾ ਨਹੀਂ, ਬਲਕਿ ਉਹਨਾਂ ਦੇ ਨਾਲ ਜੁੜੇ ਗੂੜ੍ਹੇ ਸੱਭਿਆਚਾਰਕ ਅਰਥਾਂ ਦਾ ਕਰਨਾ ਹੁੰਦਾ ਹੈ, ਜੋ ਕਿ ਇਕ ਬਹੁਤ ਹੀ ਕਠਿਨ ਅਤੇ ਜ਼ੋਖਮ ਭਰਿਆ ਕਾਰਜ਼ ਹੁੰਦਾ ਹੈ ।

ਇਹ ਦਿਨ ਸਾਡੇ ਇਕ ਗਵਾਂਢੀ ਮੁਲਕ ਬੰਗਲਾ ਦੇਸ਼ ਦੀ ਦੇਣ ਹੈ। ਏਸ਼ੀਆ ਵਿਚ ਜੇਕਰ ਕਿਸੇ ਨੇ ਆਪਣੀ ਮਾਂ ਬੋਲੀ ਦੇ ਮਹੱਤਵ ਨੂੰ ਸਮਝਿਆ ਹੈ ਤਾਂ ਉਹ ਹਨ ਬੰਗਲਾ ਦੇਸ਼ੀ, ਜਿਹਨਾਂ ਨੇ ਆਪਣੀ ਮਾਂ ਬੋਲੀ ਬੰਗਲਾ ਦੀ ਹੋਂਦ ਬਚਾਉਣ ਵਾਸਤੇ ਪੱਛਮੀਂ ਪਾਕਿਸਤਾਨ ਵਲੋਂ ਪਾਏ ਜਾ ਰਹੇ ਅਰਬੀ ਫਾਰਸੀ ਦੇ ਗਲਬੇ ਦੇ ਵਿਰੋਧ ਵਿਚ ਉੱਠ ਖੜੇ ਹੋਏ ਅਤੇ ਸੰਘਰਸ਼ ਸ਼ੁਰੂ ਕਰ ਦਿੱਤਾ। ਮਾਂ-ਬੋਲੀ ਦੇ ਸਨਮਾਨ ਲਈ ਵਿੱਢੇ ਇਸ ਸੰਘਰਸ਼ ਨੂੰ ਦਬਾਉਣ ਲਈ ਸਰਕਾਰ ਵਲੋਂ ਬੜੀ ਸਖ਼ਤੀ ਵਰਤੀ ਗਈ, ਜ਼ੁਲਮ ਤਸੱਦਦ ਕੀਤਾ ਗਿਆ, ਪਰ ਬੰਗਾਲੀ ਝੁਕਣ ਵਾਲੇ ਨਹੀਂ ਸਨ। ਇਨ੍ਹਾਂ ਸ਼ਾਂਤਮਈ ਢੰਗ ਨਾਲ ਮੁਜ਼ਾਹਰਾ ਕਰ ਰਹੇ ਮਾਤ-ਭਾਸ਼ਾ ਪ੍ਰੇਮੀਆਂ ਉਤੇ ਪਾਕਿਸਤਾਨੀ ਸੁਰੱਖਿਆ ਫੋਰਸਾਂ ਵਲੋਂ ਢਾਕਾ ਵਿਖੇ 21 ਫਰਵਰੀ 1952 ਨੂੰ ਗੋਲੀ ਚਲਾਈ ਗਈ, ਜਿਸ ਵਿਚ ਇਨ੍ਹਾਂ ਪ੍ਰਦਰਸ਼ਨਕਾਰੀਆਂ ਦੇ ਆਗੂਆਂ ਸਲਾਮ, ਬਰਕਤ, ਰਫ਼ੀਕ ਤੇ ਜਬਾਰ ਸਮੇਤ ਅਨੇਕਾਂ ਲੋਕ "ਸ਼ਹੀਦ" ਹੋ ਗਏ। ਇਨ੍ਹਾਂ ਸ਼ਹੀਦਾਂ ਦੀ ਸ਼ਹਾਦਤ ਦਾ ਇਹ ਦਿਨ ਬੰਗਲਾ ਦੇਸ਼ (ਉਸ ਸਮੇਂ ਪੂਰਬੀ ਬੰਗਾਲ) ਦੇ ਇਤਿਹਾਸ ਵਿਚ ਇਕ "ਟਰਨਿੰਗ ਪੁਆਇੰਟ" (ਮੋੜ ਦੇਣ ਵਾਲਾ ਦਿਨ) ਸਾਬਤ ਹੋਇਆ ਕਿਓਂ ਜੋ ਇਸ ਦਿਨ ਹੀ ਬੰਗਲਾ ਦੇਸ਼ ਰਾਸ਼ਟਰ ਦੀ ਨੀਂਹ ਰਖੀ ਗਈ। ਲੰਮਾ ਸੰਘਰਸ਼ ਕਰਨ ਤੋਂ ਬਾਅਦ ਪਾਕਿਸਤਾਨ ਨਾਲੋਂ ਅਲੱਗ ਹੋ ਕੇ 1971 ਵਿਚ ਇਕ ਵੱਖਰਾ ਸੁਤੰਤਰ ਖਿੱਤਾ ਪ੍ਰਾਪਤ ਕੀਤਾ ਜਿਸ ਦਾ ਨਾਮ ਆਪਣੀ ਮਾਂ ਬੋਲੀ ਦੇ ਨਾਮ ਤੇ ਬੰਗਲਾ ਦੇਸ਼ ਰੱਖਿਆ ਤੇ ਆਪਣੀ ਬੋਲੀ ਦੀ ਖੁਰਦੀ ਜਾ ਰਹੀ ਹੋਂਦ ਨੂੰ ਬਚਾਇਆ । ਇਥੇ ਹੀ ਬੱਸ ਨਹੀਂ ਇਹ ਬੰਗਲਾ ਦੇਸ਼ੀਆਂ ਦੇ ਸੰਘਰਸ਼ ਦਾ ਹੀ ਸਿੱਟਾ ਹੈ ਕਿ ਹਰ ਸਾਲ 21 ਫਰਵਰੀ ਨੂੰ ਯੂ ਐਨ ਓ ਵਲੋਂ ਕੌਮਾਂਤਰੀ ਪੱਧਰ ਉੱਤੇ 2009 ਤੋਂ ਲਗਾਤਾਰ ਮਾਂ ਬੋਲੀ ਦਿਵਸ ਮਨਾਇਆ ਜਾ ਰਿਹਾ ਹੈ । ਬੰਗਲਾਦੇਸ਼ੀ ਆਪਣੀ ਮਾਂ ਬੋਲੀ ਨਾਲ ਕਿੰਨਾ ਪਿਆਰ ਕਰਦੇ ਹਨ ਇਸ ਦਾ ਸਬੂਤ ਇਹ ਹੈ ਕਿ ਅੱਜ ਵੀ ਬੰਗਲਾਦੇਸ਼ ਨੂੰ ਜਾ ਕੇ ਦੇਖਿਆ ਜਾ ਸਕਦਾ ਹੈ ਕਿ ਉਥੋਂ ਦੇ ਲੋਕ ਦੁਨੀਆਂ ਦੀ ਕਿਸੇ ਵੀ ਹੋਰ ਬੋਲੀ ਤੋਂ ਪਹਿਲਾਂ ਆਪਣੀ ਮਾਂ ਬੋਲੀ ਵਿਚ ਗੱਲ ਕਰਨ ਨੂੰ ਤਰਜੀਹ ਦੇਂਦੇ ਹਨ, ਸਰਕਾਰੀ ਅਤੇ ਗੈਰ ਸਰਕਾਰੀ ਅਦਾਰਿਆਂ ਦੇ ਨੇਮ ਬੋਰਡ ਬੰਗਲਾ ਵਿਚ ਹਨ, ਸੜਕਾਂ ਉੱਤੇ ਮੀਲ ਪੱਥਰ ਅਤੇ ਦਿਸ਼ਾ ਨਿਰਦੇਸ ਮਾਂ ਬੋਲੀ ਵਿਚ ਹਨ, ਦੁਕਾਨਾਂ ਅਤੇ ਘਰਾਂ ਦੇ ਨੇਮ ਪਲੇਟ ਬੰਗਲਾ ਵਿਚ ਹਨ । ਬੰਗਲਾ ਭਾਸ਼ਾ ਨੂੰ ਵਿਕਸਤ ਕਰਨ ਵਾਸਤੇ ਸਰਕਾਰਾਂ ਵਲੋਂ ਵੱਡੇ ਵੱਡੇ ਵਿਦਿਅਕ ਅਦਾਰਿਆਂ ਦੀ ਸਹਾਇਤਾ ਨਾਲ ਨਿਤ ਨਵੇਂ ਪ੍ਰੋਗਰਾਮ ਉਲੀਕੇ ਜਾ ਰਹੇ ਹਨ ।




**ਆਪਣੇ ਵਿਰਸੇ ਨੂੰ ਜਿੰਦਾ ਰੱਖਣ ਵਾਸਤੇ ਅਗਲੀਆਂ ਪੀੜ੍ਹੀਆਂ ਵਿਚ ਨੈਤਿਕ ਕਦਰਾਂ ਕੀਮਤਾਂ ਬਣਾਈ ਰੱਖਣ ਵਾਸਤੇ ਮਾਂ ਬੋਲੀ ਦੀ ਸਮਝ ਹੋਣਾ ਬਹੁਤ ਜਰੂਰੀ ਹੈ, ਜੇਕਰ ਅਜਿਹਾ ਨਹੀਂ ਹੋਵੇਗਾ ਤਾਂ ਜੋ ਅਜਕਲ੍ਹ ਪੱਛਮ ਵਿਚ ਹੋ ਰਿਹਾ ਹੈ, ਉਹੀ ਕੁੱਝ ਸਾਡੇ ਸੱਭਿਆਚਾਰ ਵਿਚ ਵੀ ਹੋਣਾ ਸ਼ੁਰੂ ਹੋ ਜਾਵੇਗਾ, ਜਿਸ ਦੇ ਅਸਾਰ ਬਹੁਤ ਹੀ ਸਾਫ ਅਤੇ ਸਪੱਸ਼ਟ ਤੌਰ 'ਤੇ ਨਜ਼ਰ ਆ ਰਹੇ ਹਨ । ਬੇਸ਼ੱਕ ਅਸੀਂ ਮਾਂ ਬੋਲੀ ਦੀ ਸਾਂਭ ਸੰਭਾਲ ਪੱਖੋਂ ਹੁਣ ਕਾਫੀ ਵੇਲਾ ਵਿਹਾ ਲਿਆ ਹੈ, ਪਰੰਤੂ ਅਜੇ ਵੀ ਸਥਿਤੀ ਅਜਿਹੀ ਨਹੀਂ ਬਣੀ ਕਿ ਕੋਈ ਤੋੜ ਬਾਕੀ ਨਾ ਰਹਿ ਗਿਆ ਹੋਵੇ , ਡੁੱਲ੍ਹੇ ਹੋਏ ਬੇਰ ਇਕੱਠੇ ਕੀਤੇ ਜਾ ਸਕਦੇ ਹਨ, ਹਾਲਾਤਾਂ ਨੂੰ ਮੋੜਾ ਦਿੱਤਾ ਜਾ ਸਕਦਾ ਹੈ, ਬੱਸ ਲੋੜ ਹੈ ਤਾਂ ਸਿਰਫ ਨੇਕ ਨੀਅਤ ਦੀ ।**

ਇਸੇ ਤਰਾਂ ਭਾਰਤ ਵਿਚ ਮਾਤ ਭਾਸ਼ਾ ਦਾ ਮਹੱਤਵ ਤਾਮਿਲ ਅਤੇ ਕੇਰਲਾ ਦੇ ਲੋਕ ਜਾਣਦੇ ਹਨ ਜੋ ਆਪਣੀ ਮਾਂ ਬੋਲੀ ਨਾਲ ਜ਼ਨੂੰਨ ਦੀ ਹੱਦ ਤੱਕ ਪ੍ਰੇਮ ਕਰਦੇ ਹਨ । ਪਰੰਤੂ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਪੰਜਾਬੀਆਂ ਨੂੰ ਅਜੇ ਤੱਕ ਆਪਣੀ ਮਾਂ ਬੋਲੀ ਦੇ ਮਹੱਤਵ ਦੀ ਸਮਝ ਨਹੀਂ ਆਈ । ਕਹਿਣ ਨੂੰ ਤਾਂ ਅੱਜ ਵਿਸ਼ਵ ਭਰ ਦੀਆਂ 6 ਹਜ਼ਾਰ ਭਾਸ਼ਾਵਾਂ ਵਿੱਚ ਪੰਜਾਬੀ ਭਾਸ਼ਾ 14ਵੀਂ ਥਾਂ ਤੇ ਹੈ ਪਰ ਫਿਰ ਅੱਜ ਪੰਜਾਬੀ ਭਾਸ਼ਾ ਦੇ ਖ਼ਤਮ ਹੋ ਜਾਣ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ। ਆਖਿਰ ਕਿਉਂ ਵਿਸ਼ਵ ਦੀਆਂ 6 ਹਜ਼ਾਰ ਭਾਸ਼ਾਵਾਂ ਵਿੱਚੋਂ 14ਵੇਂ ਸਥਾਨ ਤੇ ਆਉਣ ਵਾਲੀ ਪੰਜਾਬੀ ਭਾਸ਼ਾ ਦੇ ਖ਼ਤਮ ਹੋਣ ਦਾ ਖ਼ਤਰਾ ਪੈਦਾ ਹੋ ਗਿਆ ਹੈ। ਇਸ ਦੇ ਜਿੰਮੇਵਾਰ ਅਸੀਂ ਖੁਦ ਹੀ ਹਾਂ ਕਿ ਅੱਜ ਪੰਜਾਬੀ ਭਾਸ਼ਾ ਖਤਮ ਹੋਣ ਦਾ ਡਰ ਬਣ ਗਿਆ ਹੈ ਕਿਉਂਕਿ ਅਸੀਂ ਬਹੁਤੇ ਪੰਜਾਬੀ ਹੀ ਪੰਜਾਬੀ ਮਾਂ ਬੋਲੀ ਤੋਂ ਕਿਨਾਰਾ ਕਰਨ ਲੱਗ ਪਏ ਹਾਂ। ਤਾਂ ਹੀ ਅੱਜ ਇਹ ਹਾਲਤ ਨੇ ਕਿ ਪੰਜਾਬੀ ਮਾਂ ਬੋਲੀ ਦੀ ਹੋਂਦ ਨੂੰ ਖਤਰਾ ਪੈਦਾ ਹੋ ਗਿਆ ਹੈ ਬਹੁਤ ਸਾਰੇ ਪੰਜਾਬੀ ਹੀ ਅਜਿਹੇ ਹਨ ਜਿਹੜੇ ਪੰਜਾਬ ਰਹਿ ਕੇ ਵੀ ਪੰਜਾਬੀ ਬੋਲੀ ਤੋਂ ਦੂਰ ਹਨ ਤੇ ਬਹੁਤ ਸਾਰੇ ਪੰਜਾਬੀ ਅਜਿਹੇ ਵੀ ਹਨ, ਜਿਹੜੇ ਵਿਦੇਸ਼ਾਂ ਵਿੱਚ ਜਾ ਕੇ ਵੀ ਪੰਜਾਬੀ ਨੂੰ ਨਹੀਂ ਭੁੱਲੇ। ਇਹੀ ਕਾਰਨ ਹੈ ਕਿ ਵਾਰ ਵਾਰ ਹੋਕਾ ਦੇਣਾ ਪੈ ਰਿਹਾ ਹੈ ਕਿ ਮਾਤ ਭਾਸ਼ਾ ਸਿੱਖੋ, ਬੋਲੋ, ਪੜ੍ਹੋ ਅਤੇ ਲਿਖੋ, ਜੋ ਕਿ ਸਾਡੇ ਸਭਨਾਂ ਵਾਸਤੇ ਬਹੁਤ ਹੀ ਸ਼ਰਮ ਅਤੇ ਨਾਮੋਸ਼ੀ ਵਾਲੀ ਗੱਲ ਹੈ। ਚੰਡੀਗੜ੍ਹ ਜੋ ਪੰਜਾਬ ਦੇ ਬਹੁਤ ਸਾਰੇ ਪਿੰਡਾਂ ਨੂੰ ਉਜਾੜਕੇ ਪੰਜਾਬ ਦੀ ਰਾਜਧਾਨੀ ਵਜੋਂ ਉਸਾਰਿਆ ਗਿਆ ਸੀ, ਉਸ ਵਿਚ ਪੰਜਾਬੀ ਭਾਸ਼ਾ ਦਾ ਲਗਭਗ ਭੋਗ ਹੀ ਪੈਣ ਵਾਲਾ ਹੈ ਤੇ ਏਹੀ ਹਾਲ ਪੂਰੇ ਪੰਜਾਬ ਵਿਚ ਚੱਲ ਰਿਹਾ ਹੈ । ਮਾਤ ਭਾਸ਼ਾ ਤਾਂ ਕਿਸੇ ਕੌਮ ਦੀ ਰਗ ਰਗ ਵਿਚ ਸਮੋਈ ਹੁੰਦੀ ਹੈ । ਇਸ ਦਾ ਮਨੁੱਖ ਦੀ ਸਖਸ਼ੀਅਤ ਨਾਲ ਨਹੁੰ ਅਤੇ ਮਾਸ ਦਾ ਰਿਸ਼ਤਾ ਹੁੰਦਾ ਹੈ, ਜਿਸ ਨੂੰ ਕਦੇ ਵੀ ਨਿਖੇੜਕੇ ਨਹੀਂ ਦੇਖਿਆ ਜਾ ਸਕਦਾ । ਇਸੇ ਕਰਕੇ ਮਾਤ ਭਾਸ਼ਾ ਤੋਂ ਮੁਨਕਰ ਹੋਣ ਦਾ ਭਾਵ ਨਿਸਚੇ ਹੀ ਆਪਣੀ ਹੋਂਦ ਨੂੰ ਖਤਮ ਕਰਨਾ ਹੁੰਦਾ ਹੈ । ਜਿਸ ਕੌਮ ਦੀ ਮਾਤ ਭਾਸ਼ਾ ਖਤਮ ਸਮਝੋ ਉਹ ਕੌਮ ਵੀ ਖਤਮ ।

ਆਪਣੇ ਵਿਰਸੇ ਨੂੰ ਜਿੰਦਾ ਰੱਖਣ ਵਾਸਤੇ ਅਗਲੀਆਂ ਪੀੜ੍ਹੀਆਂ ਵਿਚ ਨੈਤਿਕ ਕਦਰਾਂ ਕੀਮਤਾਂ ਬਣਾਈ ਰੱਖਣ ਵਾਸਤੇ ਮਾਂ ਬੋਲੀ ਦੀ ਸਮਝ ਹੋਣਾ ਬਹੁਤ ਜਰੂਰੀ ਹੈ, ਜੇਕਰ ਅਜਿਹਾ ਨਹੀਂ ਹੋਵੇਗਾ ਤਾਂ ਜੋ ਅਜਕਲ੍ਹ ਪੱਛਮ ਵਿਚ ਹੋ ਰਿਹਾ ਹੈ, ਉਹੀ ਕੁੱਝ ਸਾਡੇ ਸੱਭਿਆਚਾਰ ਵਿਚ ਵੀ ਹੋਣਾ ਸ਼ੁਰੂ ਹੋ ਜਾਵੇਗਾ, ਜਿਸ ਦੇ ਅਸਾਰ ਬਹੁਤ ਹੀ ਸਾਫ ਅਤੇ ਸਪੱਸ਼ਟ ਤੌਰ 'ਤੇ ਨਜ਼ਰ ਆ ਰਹੇ ਹਨ । ਬੇਸ਼ੱਕ ਅਸੀਂ ਮਾਂ ਬੋਲੀ ਦੀ ਸਾਂਭ ਸੰਭਾਲ ਪੱਖੋਂ ਹੁਣ ਕਾਫੀ ਵੇਲਾ ਵਿਹਾ ਲਿਆ ਹੈ, ਪਰੰਤੂ ਅਜੇ ਵੀ ਸਥਿਤੀ ਅਜਿਹੀ ਨਹੀਂ ਬਣੀ ਕਿ ਕੋਈ ਤੋੜ ਬਾਕੀ ਨਾ ਰਹਿ ਗਿਆ ਹੋਵੇ , ਡੁੱਲ੍ਹੇ ਹੋਏ ਬੇਰ ਇਕੱਠੇ ਕੀਤੇ ਜਾ ਸਕਦੇ ਹਨ, ਹਾਲਾਤਾਂ ਨੂੰ ਮੋੜਾ ਦਿੱਤਾ ਜਾ ਸਕਦਾ ਹੈ, ਬੱਸ ਲੋੜ ਹੈ ਤਾਂ ਸਿਰਫ ਨੇਕ ਨੀਅਤ ਦੀ ।

ਪੰਜਾਬੀ ਯੂਨੀਵਰਸਿਟੀ ਪਟਿਆਲਾ, ਜਿਸ ਦਾ ਨਾਂ ਹੀ ਮਾਤ-ਭਾਸ਼ਾ ਦੇ ਨਾਂ ਤੇ ਰੱਖਿਆ ਗਿਆ ਹੈ, ਨੇ ਇਸੇ ਨੇਕ ਨੀਅਤੀ ਨਾਲ ਤਕਨੀਕ ਦੀ ਸਹਾਇਤਾ ਨਾਲ ਕੰਮ ਕਰਦੇ ਹੋਏ ਪੰਜਾਬੀ ਦੇ ਡਿਜਟਲੀਕਰਨ ਵਿੱਚ ਮਾਣਮੱਤੀਆਂ ਪ੍ਰਾਪਤੀਆਂ ਕੀਤੀਆਂ ਹਨ। ਹੁਣ ਤਾਂ ਗੂਗਲ, ਫੇਸਬੁੱਕ, ਵਟਸਐਪ ਅਤੇ ਹੋਰ ਸੋਸ਼ਲ ਮੀਡੀਆ ਨੇ ਵੀ ਪੰਜਾਬੀ ਕੀ-ਬੋਰਡ ਲੇ-ਆਊਟ ਦੇ ਦਿੱਤੇ ਹਨ ਜਿਸ ਦੀ ਸਹਾਇਤਾ ਨਾਲ ਅਸੀਂ ਬੜੀ ਆਸਾਨੀ ਨਾਲ ਪੰਜਾਬੀ ਲਿਖ ਸਕਦੇ ਹਾਂ। ਸੱਚਮੁੱਚ ਇਹ ਇੱਕ ਸ਼ਲਾਘਾਯੋਗ ਕਦਮ ਹੈ। ਅੰਤ ਵਿੱਚ ਇਹੀ ਕਹਿਣਾ ਚਾਹਾਂਗਾ ਕਿ ਆਓ, ਉਠੀਏ, ਜਾਗੀਏ ਤੇ ਹੋਰ ਦੇਰੀ ਨਾ ਕਰਦੇ ਹੋਏ, ਮਾਂ ਬੋਲੀ ਦੇ ਸੁਨਿਹਰੇ ਭਵਿੱਖ ਵਾਸਤੇ ਹੰਭਲਾ ਮਾਰੀਏ ਅਤੇ ਇਸ ਦੀ ਚੜ੍ਹਦੀ ਕਲਾ ਲਈ ਦੁਆ ਕਰੀਏ। ਆਓ, ਪੰਜਾਬੀ ਨੂੰ ਵਿਸ਼ਵ ਦੀ ਭਾਸ਼ਾ ਬਣਾਈਏ !

**ਪੇਸ਼ਕਸ਼ : ਸੰਤੋਖ ਸਿੰਘ ਜੱਸੀ**

36-ਵੀਂ ਬਰਸੀ 'ਤੇ ਵਿਸ਼ੇਸ਼

# ਅਮਰ ਸ਼ਹੀਦ ਕਾਮ. ਚੰਨਣ ਸਿੰਘ ਧੂਤ ਤੇ ਕਾਮ. ਹੁਕਮ ਚੰਦ ਗੁਲਸ਼ਨ ਨੂੰ ਯਾਦ ਕਰਦਿਆਂ!



ਜਗਦੀਸ਼ ਚੋਹਕਾ
91-92179-97445
001-403-285-4208

ਅੱਜ! ਅਸੀਂ ਅਮਰ ਸ਼ਹੀਦ ਕਾਮ. ਚੰਨਣ ਸਿੰਘ ਧੂਤ ਅਤੇ ਕਾਮ. ਹੁਕਮ ਚੰਦ ਗੁਲਸ਼ਨ ਜੀ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਹੋਇਆਂ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਟ ਕਰ ਰਹੇ ਹਾਂ। ਸਾਡਾ ਨਾਇਕ ਲੋਕਾਂ ਦਾ ਜਾਇਆ ਕਿਸਾਨ ਆਗੂ, ਦੇਸ਼ ਭਗਤ ਅਤੇ ਇਕ ਸੱਚਾ-ਸੁੱਚਾ ਕਮਿਊਨਿਸਟ ਯੋਧਾ ਕਾਮ:ਚੰਨਣ ਸਿੰਘ ਧੂਤ 36 ਵਰ੍ਹੇਂ ਪਹਿਲਾ 15-ਫਰਵਰੀ, 1987 ਨੂੰ ਖਾਲਿਸਤਾਨੀ ਦਹਿਸ਼ਤ-ਗਰਦਾਂ ਹੱਥੋਂ ਸ਼ਹੀਦ ਹੋ ਕੇ ਫਿਰਕੂ-ਏਕਤਾ ਦੀ ਰਾਖੀ ਲਈ ਅਮਰ-ਸ਼ਹੀਦ ਹੋ ਗਿਆ ਸੀ! ਇਹ ਵੀ ਇਕ ਇਤਫ਼ਾਕ ਸੀ, 'ਕਿ ਉਹ ਉਸ ਦੇਸ਼-ਭਗਤਾਂ ਦੇ ਪਿੰਡ ਦਾ ਜਾਇਆ ਸੀ ਜਿਸ ਨੇ ਪਿੰਡ ਧੂਤਕਲਾਂ ਵਿਖੇ 1912 ਨੂੰ ਮਾਤਾ ਮਾਨ ਕੌਰ ਅਤੇ ਪਿਤਾ ਬਸੰਤ ਸਿੰਘ ਦੇ ਘਰ ਜਨਮ ਲੈਕੇ ਪਿੰਡ ਧੂਤਕਲਾਂ ਦੀ ਮਿੱਟੀ ਨੂੰ ਹੋਰ ਸੁਰਖ ਕਰਕੇ ਇਕ ਨਾ ਮਿੱਟਣ ਵਾਲਾ ਇਤਿਹਾਸਕ ਪੰਨਾਂ ਜੋੜ੍ਹ ਦਿੱਤਾ ਸੀ। ਪਿੰਡ ਧੂਤਕਲਾਂ ਜੋ ਪਹਿਲਾਂ ਕਪੂਰਥਲਾ ਰਿਆਸਤ 'ਚ ਪੈਂਦਾ ਸੀ ਤੇ 1947 ਤੋਂ ਬਾਦ ਹੁਸ਼ਿਆਰਪੁਰ ਜ਼ਿਲ੍ਹੇ ਦਾ ਹਿਸਾ ਬਣ ਗਿਆ। ਜਿਥੋਂ ਦੇ ਰਾਜਸੀ ਹਲਾਤਾਂ ਤੋਂ ਹੀ ਕਾਮ. ਚੰਨਣ ਸਿੰਘ ਧੂਤ ਨੂੰ ਇਨਕਲਾਬੀ ਰੰਗ ਚੜ੍ਹਿਆ ਸੀ। ਇਨਕਲਾਬੀਆਂ ਦੇ ਪ੍ਰਵਾਰ ਬਾਬਾ ਕਰਮ ਸਿੰਘ ਧੂਤ ਅਤੇ ਸਮੁੱਚੇ ਇਨਕਲਾਬੀ ਪਿੰਡ ਦੇ ਵਿਰਸੇ ਤੋਂ ਪ੍ਰਵਾਨ ਹੋਇਆ ਸਾਡਾ ਲੋਕ ਨਾਇਕ, 'ਮਾ: ਹਰੀ ਸਿੰਘ ਧੂਤ, ਸੰਤੋਖ ਸਿੰਘ ਧੂਤ, ਨੈਣਾ ਸਿੰਘ ਧੂਤ ਅਤੇ ਇਕ ਲੰਬੀ 75-ਇਨਕਲਾਬੀਆਂ ਦੀ ਡਾਰ ਨਾਲ ਜੁੜ ਗਿਆ।

ਕਾਮ. ਚੰਨਣ ਸਿੰਘ ਧੂਤ ਜੀ ਦੀ ਸੋਚ, ਇਨਕਲਾਬੀ ਸਿਰੜ, ਮਾਰਕਸਵਾਦੀ ਪ੍ਰਪੱਕਤਾ ਲੋਕਾਂ ਪ੍ਰਤੀ ਸਨੇਹ ਅਤੇ ਸੱਚੀ-ਸੁੱਚੀ ਲੋਕ ਦੇਸ਼-ਭਗਤੀ ਜਿਥੇ ਵਿਰਸੇ 'ਚੋ ਮਿਲੀ, 'ਉਥੇ ਲੋਕਾਂ ਸੰਗ ਉਨ੍ਹਾਂ ਦੀਆਂ ਦੁਸ਼ਵਾਰੀਆਂ ਦੀ ਮੁਕਤੀ ਲਈ ਹਰ ਵੇਲੇ ਸੰਘਰਸ਼ਸ਼ੀਲ ਰਹਿਣ ਨੇ ਹੀ ਕਹਿਣੀ ਤੇ ਕਥਨੀ ਦਾ ਸੂਰਾ ਹੋਣ ਕਰਕੇ ਉਹ ਪਹਿਲਾ ਨਾ ਤਾਂ ਰਾਜਾਸ਼ਾਹੀ ਨੂੰ ਭਾਉਂਦਾ ਸੀ। ਨਾ ਫਿਰ ਦੇਸ਼ ਦੀ ਆਜ਼ਾਦੀ ਲਈ ਫਰੰਗੀਆਂ ਨੂੰ ਤੇ ਨਾ ਹੀ ਆਜ਼ਾਦੀ ਬਾਦ ਲੋਕਾਂ ਦੀ ਆਰਥਿਕ ਮੁਕਤੀ ਲਈ ਸੰਘਰਸ਼ਾਂ ਕਰਕੇ ਪੂੰਜੀਪਤੀ ਹਾਕਮਾਂ ਨੂੰ ! ਆਪਣੀ ਲੋਕ ਦੇਸ਼ ਭਗਤੀ ਦੀ ਰਾਖੀ ਲਈ ਜਦੋਂ ਉਹ ਸ਼ਹੀਦ ਹੋਣ ਤੋਂ ਕੁਝ ਘੰਟੇ ਪਹਿਲਾਂ ਦੇਸ਼ ਭਗਤ ਹਾਲ ਜਲੰਧਰ ਵਿਖੇ ਹੋਈ ਆਲ ਪਾਰਟੀ ਫਿਰਕੂ ਏਕਤਾ ਮੀਟਿੰਗ 'ਚੋਂ ਹਾਜ਼ਰ ਹੋ ਕੇ ਆਪਣੇ ਸਾਥੀਆਂ ਸਾਥੀ ਸੰਤੋਖ ਸਿੰਘ ਧੂਤ ਅਤੇ ਰਾਜਿੰਦਰ ਕੌਰ ਚੌਹਕਾ ਨਾਲ ਵਾਪਸ ਪਿੰਡ ਧੂਤਕਲਾਂ ਦੀ ਜੂਹ 'ਚ ਪਹੁੰਚਿਆ ਹੀ ਸੀ ਤਾਂ ਤਾਕ ਲਾਕੇ ਬੈਠੇ ਖਾਲਿਸਤਾਨੀ ਦਹਿਸ਼ਤ-ਗਰਦਾਂ ਦੀ ਕਰੂਰ ਸੋਚ ਵਾਲੀ ਸਮਝ ਦਾ ਸਾਥੀ ਚੰਨਣ ਸਿੰਘ ਧੂਤ ਉਨ੍ਹਾਂ ਦੀ ਗੋਲੀ ਨਾਲ ਸ਼ਹੀਦ ਹੋ ਗਏ। ਉਹ ਕੌਲ ਜੋ ਉਸ ਨੇ ਇਕ ਕਮਿਊਨਿਸਟ ਪਾਰਟੀ ਦਾ ਮੈਂਬਰ ਬਣਨ ਵੇਲੇ 1936 ਨੂੰ ਫਾਰਮ ਭਰਿਆ ਸੀ, ਉਸ ਨੂੰ ਪੂਰਾ ਕਰਕੇ ਆਪਣਾ ਪ੍ਰਣ ਨਿਭਾਅ ਕੇ ਅਮਰ ਸ਼ਹੀਦ ਹੋ ਗਏ!

ਇਹ ਵੀ ਇਕ ਸਚਾਈ ਹੈ ਕਿ ਧੂਤ ਹੋਣਾਂ ਨੇ ਜੋ ਸੁਪਨੇ ਆਜ਼ਾਦੀ ਲਈ ਸਮੋਏ ਸਨ, ਜਿੰਦਗੀ ਦੀ ਸਿਰਜਨਾ ਅੰਦਰ ਇਕ-ਇਕ ਪੁੱਟਿਆ ਲੋਕ ਪੱਖੀ ਕਦਮ ਅਤੇ ਕੀਤੀ ਕੁਰਬਾਨੀ ਦੇ ਸੰਘਰਸ਼ਾਂ ਅੰਦਰ ਉਸ ਨੂੰ ਕੋਈ ਵੀ ਅੰਦਰੂਨੀ ਅਤੇ ਬਾਹਰੀ ਭੌਤਿਕ, ਆਰਥਿਕ ਅਤੇ ਰਾਜਸੀ ਸ਼ਕਤੀ ਦਾ ਦਬਾਅ ਨਾ ਕਦੀ ਭਟਕਾਅ ਸੱਕਿਆ ਅਤੇ ਨਾ ਹੀ ਕਦੀ ਅੱਗੇ ਵੱਧਣ ਤੋਂ ਰੋਕ ਸੱਕਿਆ ? ਉਹ ਇਕ ਪ੍ਰਪੱਕ, ਸੰਵੇਦਨਸ਼ੀਲ ਅਤੇ ਲੋਕ ਪੱਖੀ ਮਾਰਕਸਵਾਦੀ ਯੋਧਾ ਸੀ ਜੋ ਆਪਣੇ ਅਕੀਦੇ ਤੇ ਕੌਲਾ ਪ੍ਰਤੀ ਅੰਤ ਤਕ ਪੂਰਾ ਉਤਰਿਆ। ਸਾਥੀ ਧੂਤ ਕਈ ਵਾਰ ਕਿਹਾ ਕਰਦੇ ਸਨ, ''ਕਿ ਮੇਰਾ ਤਨ, ਮਨ ਅਤੇ ਜੀਵਨ ਦੀ ਪੂੰਜੀ ਕਮਿਊਨਿਸਟ ਪਾਰਟੀ ਦੇ ਹਵਾਲੇ ਹੈ।'' ਇਨ੍ਹਾਂ ਗੁਣਾਂ ਅਤੇ ਵਰਤਾਰਿਆਂ ਨੇ ਹੀ ਉਸ ਨੂੰ ਲੋਕ ਪੱਖੀ ਸੇਵਕ ਅਤੇ ਪ੍ਰਪੱਕ ਕਮਿਊਨਿਸਟ ਆਗੂ ਵਜੋਂ ਸਥਾਪਤ ਬਣਾ ਦਿਤਾ। ਉਹ ਇਤਿਹਾਸ ਅੰਦਰ ਸਾਡੇ ਲਈ ਅਮਿਟ ਪੈੜਾ ਛੱਡ ਗਿਆ ਹੈ।

ਇਹ ਵੀ ਇਕ ਘਟਨਾ ਹੀ ਹੈ ਕਿ ਜਦੋਂ ਧੂਤ ਹੋਂਣੀ ਖਾਲਸਾ ਕਾਲਜ ਅੰਮ੍ਰਿਤਸਰ ਦੇ ਵਿਦਿਆਰਥੀ ਵਜੋਂ ਪੜ੍ਹਾਈ ਕਰਨ ਗਏ ਤਾਂ ਉਨ੍ਹਾਂ ਦੇ ਪਿਤਾ ਵਿਦੇਸ਼ ਵਿੱਚ ਸਨ। ਜਦੋਂ ਉਹ ਆਜ਼ਾਦੀ ਬਾਦ ਆਰਥਿਕ ਆਜ਼ਾਦੀ ਲਈ ਹਾਕਮਾਂ ਨੇ ਪਾਰਟੀ 'ਤੇ ਬੈਨ ਲਾ ਦਿੱਤਾ ਤਾਂ ਉਹ ਅੰਬਾਲਾ ਜੇਲ 'ਚ ਕੈਦ ਸਨ। ਉਨ੍ਹਾਂ ਦੇ ਪਿਤਾ ਉਨ੍ਹਾਂ ਨੂੰ ਜੇਲ੍ਹ ਵਿੱਚ ਮਿਲਣ ਗਏ ਤਾਂ ਪਿਤਾ ਨੇ ਪੁੱਤਰ ਨੂੰ ਪੁੱਛਿਆ ਹੁਣ ਤਾਂ ਦੇਸ਼ ਆਜ਼ਾਦ ਹੋ ਗਿਆ ਹੈ ? ਤੁਸੀਂ ਜੇਲ੍ਹਾਂ ਵਿੱਚ ਹੋ ! ਤਾਂ ਧੂਤ ਦਾ ਉਤਰ ਸੀ ਅਜੇ ਆਜ਼ਾਦੀ ਮੁਕੰਮਲ ਨਹੀ







ਹੋਈ ਹੈ। ਅਜਿਹਾ ਹੀ ਖਾਲਸਾ ਕਾਲਜ ਵਿੱਚ ਪੜ੍ਹਦਿਆਂ ਜਦੋਂ ਹਰ ਪਾਸੇ ਬਸਤੀਵਾਦੀ ਹਾਕਮਾਂ ਦਾ ਗੁਲਾਮੀ ਵਾਲਾ ਪ੍ਰਭਾਵ ਸੀ ਤਾਂ ਉਨ੍ਹਾਂ ਦੇ ਬਾਬਾ (ਚਾਚਾ) ਬਾਬਾ ਕਰਮ ਸਿੰਘ ਧੂਤ ਜੂਹ ਬੰਦ ਸਨ। ਇਸ ਗੁਲਾਮੀ ਵਿਰੁਧ ਧੂਤ ਨੇ ਇਕ ਚਿੱਠੀ ਵਾਇਸਰਾਏ ਨੂੰ ਲਿੱਖ ਕੇ ਆਜ਼ਾਦੀ ਦੀ ਮੰਗ ਕੀਤੀ ਕਿ ਆਜ਼ਾਦੀ ਸਾਡਾ ਜਨਮ ਸਿਧ ਅਧਿਕਾਰ ਹੈ। ਇਹ ਵਿਚਾਰ, ਧਾਰਨਾ ਅਤੇ ਰਾਜਸੀ ਬੌਧਿਕ ਵਿਚਾਰਾਂ ਦਾ ਧੂਤ ਅੰਦਰ ਪਨਪਨਾ ਇਹ ਸਾਬਤ ਕਰਦਾ ਹੈ ਕਿ ਉਨ੍ਹਾਂ ਦੀ ਰਾਜਸੀ ਬੌਧਿਕ ਸੋਚ ਦਾ ਪ੍ਰਪੱਕ ਹੋਣਾ ਕਾਲਜ ਦੌਰਾਨ ਹੀ ਪੈਦਾ ਹੋ ਗਿਆ ਸੀ। ਕਾਲਜ ਦੇ ਮਾਹੌਲ, ਮੁਕਤੀ ਅੰਦੋਲਨ ਦਾ ਪ੍ਰਭਾਵ ਅਤੇ ਪ੍ਰੋ: ਵਰਿਆਮ ਸਿੰਘ ਦੀ ਸੰਗਤ ਤੇ ਸਰਗਰਮੀਆਂ ਨੇ ਨੌਜਵਾਨ ਧੂਤ ਨੂੰ ਦੇਸ਼ ਦੀ ਆਜ਼ਾਦੀ ਅਤੇ ਮੁਕਤੀ ਅੰਦੋਲਨ ਵੱਲ ਪ੍ਰੇਰਿਆ। ਇਥੋਂ ਹੀ ਕਾਲਜ ਛੱਡ ਕਪੂਰਥਲਾ ਰਾਜਾਸ਼ਾਹੀ ਦੇ ਕੁਕਮਰਮਾਂ ਵਿਰੁਧ ਮਾ:ਹਰੀ ਸਿੰਘ ਧੂਤ ਦੀ ਅਗਵਾਈ ਵਿੱਚ ਚਲ ਰਹੇ ਕੇਂਦਰੀ ਜਿਮੀਦਾਰਾ ਲੀਗ, 'ਜੋ ਰਿਆਸਤੀ ਲੋਕਾਂ 'ਤੇ ਅਥਾਹ ਟੈਕਸ ਲਾਏ ਗਏ ਸਨ, ਵਿਰੁਧ ਚਲ ਰਹੇ ਅੰਦੋਲਨ 'ਚ ਸ਼ਾਮਲ ਹੋ ਗਏ। ਇਹ ਸ਼ੁਰੂਆਤੀ ਰਾਹ ਹੀ ਸਾਥੀ ਜੀ ਦੇ ਜੀਵਨ ਦੇ ਮਾਰਕਸੀ ਰਾਹ ਦਾ ਰਾਹ ਦਸੇਰਾ ਬਣਿਆ ਤੇ ਉਸ ਨੇ ਕਦੀ ਵੀ ਪਿੱਛੇ ਨਹੀਂ ਦੇਖਿਆ !

ਨੌਜਵਾਨ ਚੰਨਣ ਸਿੰਘ ਧੂਤ ਨੇ ਸਾਰੇ ਸੁੱਖ-ਆਰਾਮ, ਪੜ੍ਹਾਈ, ਮੁਫ਼ਾਦੀ ਨਿਜੀ ਭਵਿੱਖੀ ਹਿਤ ਸਭ ਨੂੰ ਇਕ ਪਾਸੇ ਰੱਖ ਕੇ ਲੋਕ ਹਿਤਾਂ ਲਈ ਪਹਿਲਾ ਰਾਜਵਾੜਾ ਸ਼ਾਹੀ ਦੇ ਅੱਤਿਆਚਾਰਾਂ ਵਿਰੁਧ ਰਾਜਸੀ ਸਰਗਰਮੀਆਂ 'ਚ ਸ਼ਮੂਲੀਅਤ ਸ਼ੁਰੂ ਕਰ ਦਿੱਤੀ। ਅਗਲੇ ਸਫਰ ਲਈ ਇਕ ਕਮਿਊਨਿਸਟ ਵੱਜੋ ਜੋ ਉਸ ਵੇਲੇ ਇਕ ਬਹੁਤ ਵੱਡਾ ਅਡੰਬਰ ਸੀ, ਦੇਸ਼ ਦੀ ਆਜ਼ਾਦੀ, ਲੋਕਾਂ ਦੀ ਆਰਥਿਕ ਮੁਕਤੀ ਅਤੇ ਸਮਾਜਕ ਪ੍ਰੀਵਰਤਨ ਲਈ ਬੜਾ ਬਿਖੜਾ ਟੇਡਾ-ਮੇਡਾ ਰਾਹ ਚੁਣਿਆ! ਇਕ ਕਮਿਊਨਿਸਟ ਵਜੋਂ ਇਸ ਰਸਤੇ ਲਈ ਜੋ ਲੀਕ ਉਸ ਨੇ ਖਿੱਚੀ, ਇਕ ਸੰਗਰਾਮੀ ਬਣਦੇ ਹੋਏ ਆਪਣੀ ਧਾਰਨਾ ਨੂੰ ਪੱਕਾ ਕਰਦੇ ਹੋਏ ਫਿਰ ਪਿਛੇ ਨਹੀਂ ਦੇਖਿਆ। ਪਹਿਲਾ ਰਜਵਾੜਾ ਸ਼ਾਹੀ ਵਿਰੁਧ, ਬਸਤੀਵਾਦੀ ਗੋਰੀ ਸਰਕਾਰ ਵਿਰੁਧ ਮੁਕਤੀ ਲਈ ਅਤੇ ਆਜ਼ਾਦੀ ਬਾਦ ਆਰਥਿਕ, ਸਮਾਜਕ ਤੇ ਰਾਜਨੀਤਕ ਮੁਕਤੀ ਲਈ ਲੋਕਾਂ ਦੇ ਨਾਇਕ ਨੇ ਕੁਲ ਮਿਲਾ ਕੇ 8-ਸਾਲਾਂ ਤੋਂ ਵੱਧ ਕੈਦਾਂ ਕੱਟੀਅ। ਜੇਲ੍ਹਾਂ ਦਾ ਨਰਕੀ ਜੀਵਨ, ਹਾਕਮੀ ਤਸ਼ੱਦਦ, ਭੁੱਖ-ਹੜਤਾਲਾਂ, ਨਜ਼ਰ-ਬੰਦੀਆਂ ਇੱਕ ਪ੍ਰਪੱਕ ਮਾਰਕਸਵਾਦੀ ਕਮਿਊਨਿਸਟ ਨੂੰ ਨਾ ਝੁਕਾਅ ਸੱਕੀਆ ਅਤੇ ਨਾ ਰੋਕ ਸੰਕੀਆ ? ਉਹ ਅੱਗੇ ਵੱਧਦਾ ਰਿਹਾ ਅਤੇ ਲੋਕਾਂ ਦਾ ਇਕ ਨਾਇਕ ਹੋ ਕੇ ਉਭਰਿਆ। 1952 ਨੂੰ ਲੋਕਾਂ ਨੇ ਉਸ ਨੂੰ ਹਲਕਾ ਟਾਂਡਾ ਤੋਂ ਐਮ.ਐਲ.ਏ. ਚੁਣ ਕੇ ਆਪਣਾ ਨੁਮਾਇੰਦਾ ਬਣਾਇਆ ਸੀ।

ਕਾਮ. ਚੰਨਣ ਸਿੰਘ ਧੂਤ ਲੋਕਾਂ ਦਾ ਇਕ ਨਾਇਕ ਸੀ, ਉਹ ਇਕ ਪਿੰਡ ਤੋਂ ਲੈ ਕੇ ਕੌਮੀ-ਕੌਮਾਂਤਰੀ ਪੱਧਰ ਤਕ ਦੇ ਸਾਰੇ ਸਮਾਜਕ ਅਤੇ ਆਰਥਿਕ ਮੱਸਲਿਆਂ ਦੀ ਮਾਰਕਸਵਾਦੀ ਪਹੁੰਚ ਵਾਲੀ ਸਮਝ ਅਤੇ ਪਕੜ ਰੱਖਦੇ ਸਨ ! ਰਾਜਸੀ ਤੌਰ 'ਤੇ ਉਹ ਕਮਿਊਨਿਸਟ ਪਾਰਟੀ ਅੰਦਰ ਪਹਿਲਾ ਸੀ.ਪੀ.ਆਈ. ਹੁਸ਼ਿਆਰਪੁਰ ਦੇ ਬਾਨੀਆਂ ਅਤੇ ਆਗੂਆਂ ਵਿਚੋਂ ਸਨ। ਬਾਅਦ ਵਿੱਚ 1964 ਤੋਂ ਲੈ ਕੇ ਉਹ ਸੀ.ਪੀ.ਆਈ (ਐਮ) ਦੇ ਕਈ ਵਾਰ ਜ਼ਿਲ੍ਹਾ ਸਕੱਤਰ ਵੀ ਰਹੇ। ਸ਼ਹੀਦ ਹੋਣ ਵੇਲੇ ਵੀ ਉਹ ਜ਼ਿਲ੍ਹਾ ਸਕੱਤਰ ਅਤੇ ਸੂਬਾ ਕਮੇਟੀ ਮੈਂਬਰ ਸਨ। ਪਾਰਟੀ ਨੂੰ ਜੱਥੇਬੰਦ ਕਰਨ, ਲੋਕ ਸੰਘਰਸ਼ਾਂ ਦੇ ਮੂਹਰੈਲੀਆਂ ਵਜੋਂ ਹਾਕਮੀ ਤਸ਼ੱਦਦ ਵਿਰੁਧ ਸਦਾ ਹੀ ਅੱਗੇ ਰਹੇ। ਰਜਵਾੜਾਸ਼ਾਹੀ ਦੀਆਂ ਵਧੀਕੀਆਂ ਵਿਰੁਧ, ਕਿਸਾਨੀ ਮੰਗਾਂ, ਲਾਹੌਰ ਕਿਸਾਨ ਮੋਰਚਾ, ਬੀਤ ਦੇ ਮੁਜ਼ਾਰਿਆਂ ਦੇ ਅੰਦੋਲਨ, ਖੁਸ਼ ਹੈਸੀਅਤੀ ਟੈਕਸ ਵਿਰੁਧ, ਬਸ ਕਿਰਾਇਆ ਅੰਦੋਲਨ ਦਸੂਹਾ, ਕੰਢੀ ਨਹਿਰ ਦੀ ਖੁਦਾਈ ਲਈ, ਫਿਰਕੂ ਏਕਤਾ ਦੀ ਕਾਇਮੀ ਲਈ, ਸਥਾਨਕ ਮੱਸਲੇ, ਪੁਲਿਸ ਵਧੀਕੀਆਂ ਵਿਰੁਧ ਜੂਝਦਾ ਤੇ ਲੋਕਾਂ ਨੂੰ ਲਾਮਬੰਦ ਕਰਦਾ "ਧੂਤ" ਜੁਝਾਰੂਪਣ ਤੇ ਠਰੰਮੇ ਨਾਲ ਲੋਕਾਂ ਦੀ ਅਗਵਾਨੀ ਕਰਦਾ ਨਜ਼ਰ ਆਉਂਦਾ ਸੀ। ਉਸ ਦਾ ਇਹ ਕਿਰਦਾਰ, ਹੌਸਲਾ ਅਤੇ ਪਹਿਲ ਕਦਮੀ ਅਤੇ ਅੰਤ ਫਿਰਕੂ ਏਕਤਾ ਲਈ ਸ਼ਹਾਦਤ ਪ੍ਰਾਪਤ ਕਰਨੀ ਹੀ ਇਕ ਕਮਿਊਨਿਸਟ ਯੋਧੇ ਵਜੋਂ ਇਤਿਹਾਸ ਅੰਦਰ ਉਹ ਸਦਾ ਯਾਦ ਰਹੇਗਾ ?

ਅੱਜ ਅਸੀਂ ਸਾਥੀ ਧੂਤ ਜੀ ਦੇ ਬਹੁਤ ਨਜ਼ਦੀਕੀ ਅਤੇ ਕਦਮ ਨਾਲ ਕਦਮ ਮਿਲਾ ਕੇ ਚੱਲਣ ਵਾਲੇ ਕਮਿਊਨਿਸਟ ਯੋਧੇ ਅਮਰ ਸ਼ਹੀਦ ਸਾਥੀ ਹੁਕਮ ਚੰਦ ਗੁਲਸ਼ਨ ਨੂੰ ਵੀ ਫਿਰਕੂ-ਏਕਤਾ ਦੀ ਰਾਖੀ ਲਈ ਦਿੱਤੀ ਸ਼ਹਾਦਤ ਨੂੰ ਯਾਦ ਕਰ ਰਹੇ ਹਾਂ। ਪੰਡਤ ਗੁਲਸ਼ਨ ਜੀ ਨੇ ਵੀ ਜਵਾਨੀ ਤੋਂ ਲੈ ਕੇ ਆਜ਼ਾਦੀ ਬਾਦ ਵੀ ਪਹਿਲਾ ਇਕ ਕਾਂਗਰਸੀ ਵਰਕਰ ਵਜੋਂ ਅਤੇ ਫਿਰ ਸੀ.ਪੀ.ਆਈ.ਅਤੇ 1964 ਬਾਦ ਸੀ.ਪੀ.ਆਈ.(ਐਮ) ਦੇ ਇਕ ਜੁਝਾਰੂ ਆਗੂ ਵਜੋਂ ਲੋਕਾਂ ਦੀਆਂ ਦੁਸ਼ਵਾਰੀਆਂ ਦੀ ਮੁਕਤੀ ਲਈ ਕੁਰਬਾਨੀਆਂ ਕੀਤੀਆਂ ਅਤੇ ਸਮਾਜਕ ਪ੍ਰੀਵਰਤਨ ਲਈ ਕਈ ਕਈ ਵਾਰ ਜੇਲ੍ਹਾਂ ਤੇ ਜੂਹ-ਬੰਦੀਆਂ ਕੱਟੀਆਂ। ਮਹਾਨ ਦੇਸ਼ ਭਗਤ ਕਾਮ. ਗੁਲਸ਼ਨ ਜੀ ਜਦੋਂ ਸਾਥੀ ਧੂਤ ਦੀ ਸ਼ਹਾਦਤ ਬਾਦ ਸ਼ਰਧਾਂਜਲੀ ਸਮਾਗਮ ਦੀ ਤਿਆਰੀ ਲਈ ਪਿੰਡ ਪਿੰਡ ਸੁਨੇਹਾ ਦੇ ਰਹੇ ਸਨ ਤਾਂ ਸਾਮਰਾਜੀ ਪਿਠੂਆਂ 'ਤੇ ਲੋਕ ਵਿਰੋਧੀ ਦਹਿਸ਼ਤ ਗਰਦਾਂ ਨੇ 20-ਫਰਵਰੀ, 1987 ਨੂੰ ਗੋਲੀ ਮਾਰ ਕੇ ਖੇੜਾ ਸਾਹਿਬ ਗੁਰਦੁਆਰੇ ਵਾਲੇ ਰਾਹ 'ਤੇ ਸ਼ਹੀਦ ਕਰ ਦਿੱਤਾ ਸੀ।

ਅੱਜ ਅਸੀ ਪਿੰਡ ਧੂਤਕਲਾਂ (ਹੁਸ਼ਿਆਰਪੁਰ) ਵਿਖੇ ਅਮਰ ਸ਼ਹੀਦ ਕਾਮ. ਚੰਨਣ ਸਿੰਘ ਧੂਤ ਜੀ ਅਤੇ ਅਮਰ ਸ਼ਹੀਦ ਕਾਮ. ਹੁਕਮ ਚੰਦ ਗੁਲਸ਼ਨ ਜੀ ਨੂੰ ਉਨ੍ਹਾਂ ਦੀ ਸ਼ਹਾਦਤ 'ਤੇ ਸ਼ਰਧਾਂਜਲੀਆਂ ਭੇਟ ਕਰਕੇ ਉਨ੍ਹਾਂ ਦੀ ਯਾਦ ਨੂੰ ਤਾਜਾ ਕਰ ਰਹੇ ਹਾਂ। ਇਨ੍ਹਾਂ ਅਮਰ ਸ਼ਹੀਦਾਂ ਵਲੋਂ ਜੋ ਕੁਰਬਾਨੀਆਂ ਕੀਤੀਆਂ ਹਨ ਉਨ੍ਹਾਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਉਨ੍ਹਾਂ ਦੀ 36-ਵੀਂ ਬਰਸੀ 'ਤੇ ਅੱਜ 26-ਫਰਵਰੀ, 2023 ਨੂੰ ਪਿੰਡ ਧੂਤਕਲਾਂ (ਹੁਸ਼ਿਆਰਪੁਰ) ਪੁੱਜ ਕੇ ਜਿੱਥੇ ਦੇਸ਼ ਅੰਦਰ ਸਮਾਜਕ-ਪ੍ਰੀਵਰਤਨ ਲਈ ਚੱਲ ਰਹੀਆਂ ਲੋਕ ਲਹਿਰਾਂ 'ਚ ਸ਼ਾਮਲ ਹੋਈਏ। ਇਹ ਵੀ ਅਹਿਦ ਕਰੀਏ ਕਿ ਅੱਜ ਦੇਸ਼ ਦੀ ਰਾਜਸਤਾ 'ਤੇ ਕਾਬਜਅੱਤ ਦੀ ਫਿਰਕਾਪ੍ਰਸਤ, ਕਾਰਪੋਰੇਟ ਪੱਖੀ ਪੂੰਜੀਵਾਦੀ ਬੀ.ਜੇ.ਪੀ.-ਆਰ.ਐਸ.ਐਸ. ਗਠਜੋੜ ਜੋ ਦੇਸ਼ ਨੂੰ, ਲੋਕਾਂ ਨੂੰ ਅਤੇ ਕਿਰਤੀ ਜਮਾਤ ਨੂੰ ਤਬਾਹ ਕਰਨ ਤੇ ਤੁਲਿਆ ਹੋਇਆ ਹੈ। ਉਸ ਦੀਆਂ ਫਿਰਕੂ ਤੇ ਲੋਕ ਵਿਰੋਧੀ ਨੀਤੀਆਂ ਵਿਰੁਧ ਸਾਰੇ ਜਮਹੂਰੀ, ਲੋਕ ਪੱਖੀ ਅਤੇ ਖੱਬੇ ਪੱਖੀ ਸ਼ਕਤੀਆਂ ਨੂੰ ਇਕੱਠੇ ਕਰਨ ਅਤੇ ਲੋਕ ਦੁਸ਼ਵਾਰੀਆਂ ਵਿਰੁਧ ਲੋਕ ਲਹਿਰਾਂ ਨੂੰ ਮਜ਼ਬੂਤ 'ਤੇ ਤੇਜ਼ ਕਰਨ ਲਈ ਅਹਿਦ ਕਰੀਏ ਤੇ ਹਿਸਾ ਪਾਈਏ। ਇਹ ਸਾਡੀ ਅੱਜ ਇਨ੍ਹਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਹੋਵੇਗੀ।

ਅਮਰ ਸ਼ਹੀਦ ਕਾਮ. ਚੰਨਦ ਸਿੰਘ ਧੂਤ, ਕਾਮ. ਹੁਕਮ ਚੰਦ ਗੁਲਸ਼ਨ, ਅਮਰ ਰਹਿਣ !

ਅਮਰ ਸ਼ਹੀਦਾਂ ਨੂੰ ਲਾਲ-ਸਲਾਮ !!

# ਟ੍ਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਵਿਦੇਸ਼ਾਂ 'ਚ ਟ੍ਰਾਂਸਪੋਰਟ ਦਾ ਕਾਰੋਬਾਰ ਕਰਦੇ ਪ੍ਰਵਾਸੀ ਪੰਜਾਬੀਆਂ ਨੂੰ 'ਬੁਕਿੰਗ ਤੇ ਡਿਸਪੈਚ' ਸੇਵਾਵਾਂ ਪੰਜਾਬ 'ਚ ਖੋਲ੍ਹਣ ਦੀ ਅਪੀਲ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ/ਚਰਨਜੀਤ ਸੱਲ੍ਹਾਂ)** ਪੰਜਾਬ ਦੇ ਟ੍ਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਵਿਦੇਸ਼ਾਂ 'ਚ ਟ੍ਰਾਂਸਪੋਰਟ ਦਾ ਕਾਰੋਬਾਰ ਕਰਦੇ ਪ੍ਰਵਾਸੀ ਪੰਜਾਬੀਆਂ ਨੂੰ 'ਬੁਕਿੰਗ ਤੇ ਡਿਸਪੈਚ' ਸੇਵਾਵਾਂ ਪੰਜਾਬ 'ਚ ਖੋਲ੍ਹਣ ਦੀ ਅਪੀਲ ਕੀਤੀ ਹੈ।

ਅੱਜ ਇੱਥੇ ਕੁਲਥਮ ਨੇੜੇ ਕੈਨੇਡਾ 'ਚ ਚਲਦੀ ਹਰਮਨ ਟ੍ਰਾਂਸਪੋਰਟ ਇਨ੍ਹਾਂ ਸੇਵਾਵਾਂ ਨਾਲ ਸਬੰਧਤ 'ਬੈਕ ਆਫ਼ਿਸ' ਦੀ ਸ਼ੁਰੂਆਤ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਸੇਵਾਵਾਂ ਪੰਜਾਬ ਦੀ ਧਰਤੀ ਤੋਂ ਮੁਹੱਈਆ ਕਰਵਾਉਣ ਨਾਲ, ਨੌਜੁਆਨਾਂ ਨੂੰ ਵੱਡੀ ਗਿਣਤੀ 'ਚ ਰੋਜ਼ਗਾਰ ਮਿਲੇਗਾ। ਉਨ੍ਹਾਂ ਹਰਮਨ ਟ੍ਰਾਂਸਪੋਰਟ ਵੱਲੋਂ ਆਪਣੇ ਇਸ ਦਫ਼ਤਰ ਰਾਹੀਂ 100 ਦੇ ਕਰੀਬ ਇੱਥੋਂ ਦੇ ਨੌਜੁਆਨਾਂ ਲਈ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਦੀ ਸ਼ਲਾਘਾ ਕਰਦਿਆਂ, ਟ੍ਰਾਂਸਪੋਰਟ ਤੇ ਟਰੱਕਿੰਗ ਦੇ ਕਾਰੋਬਾਰ ਨਾਲ ਜੁੜੇ ਬਾਕੀ ਪ੍ਰਵਾਸੀ ਪੰਜਾਬੀਆਂ ਨੂੰ ਵੀ ਪੰਜਾਬ ਦੇ ਨੌਜੁਆਨਾਂ ਦੇ ਇਸ ਢੰਗ ਨਾਲ ਰੋਜ਼ਗਾਰ ਲਈ ਹੰਭਲਾ ਮਾਰਨ ਲਈ ਆਖਿਆ।

ਉਨ੍ਹਾਂ ਦੱਸਿਆ ਕਿ ਹਰਮਨ ਟ੍ਰਾਂਸਪੋਰਟ ਦਾ ਕੈਨੇਡਾ 'ਚ ਬਹੁਤ ਵੱਡਾ ਫ਼ਲੀਟ ਹੈ, ਜਿਸ ਦਾ ਸਥਾਨਕ ਨੌਜੁਆਨਾਂ ਨੂੰ ਇਸ ਦਫ਼ਤਰ 'ਚ ਹੋਣ ਵਾਲੀ 'ਬੁਕਿੰਗ ਤੇ ਡਿਸਪੈਚ' ਕਾਰਜਾਂ ਨਾਲ ਲਾਭ ਮਿਲੇਗਾ।



ਉਨ੍ਹਾਂ ਕਿਹਾ ਕਿ ਹਰਮਨ ਟ੍ਰਾਂਸਪੋਰਟ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਆਪਣੀ ਧਰਤੀ ਤੋਂ ਪ੍ਰਵਾਸੀ ਪੰਜਾਬੀਆਂ ਨੂੰ ਰੋਜ਼ਗਾਰ ਦੇ ਵਸੀਲੇ ਮੁਹੱਈਆ ਕਰਵਾਉਣ ਦੀ ਕੀਤੀ ਅਪੀਲ ਨੂੰ ਹੁੰਗਾਰਾ ਦਿੰਦਿਆਂ, ਇਲਾਕੇ ਦੇ ਨੌਜੁਆਨਾਂ ਲਈ ਰੋਜ਼ਗਾਰ ਦੇ ਨਵੇਂ ਵਸੀਲੇ ਪੈਦਾ ਕਰਨਾ ਸ਼ਲਾਘਾਯੋਗ ਉਪਰਾਲਾ ਹੈ।

ਟ੍ਰਾਂਸਪੋਰਟ ਮੰਤਰੀ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਪੰਜਾਬ ਦੀ ਧਰਤੀ ਤੋਂ ਆਪਣੇ ਵਿਦੇਸ਼ੀ ਕਾਰੋਬਾਰ ਚਲਾਉਣ ਵਾਲੇ ਪ੍ਰਵਾਸੀ ਪੰਜਾਬੀਆਂ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਵੇਗੀ ਅਤੇ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਨਹੀਂ ਆਉਣ ਦੇਵੇਗੀ।

ਉਨ੍ਹਾਂ ਇਸ ਸਮਾਗਮ 'ਚ ਮੌਜੂਦ ਯੂ ਐਸ ਏ ਅਤੇ ਯੂ ਕੇ ਦੇ ਟ੍ਰਾਂਸਪੋਰਟਰਾਂ ਨੂੰ ਵੀ ਆਪਣੇ ਕਾਰੋਬਾਰ ਨਾਲ ਸਬੰਧਤ 'ਬੁਕਿੰਗ ਤੇ ਡਿਸਪੈਚ' ਸੇਵਾਵਾਂ ਪੰਜਾਬ 'ਚੋਂ ਹੀ ਸ਼ੁਰੂ ਕਰਨ ਲਈ ਪ੍ਰੇਰਿਆ।

ਟ੍ਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਅੱਜ ਜਦੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਦੇ ਅਣਥੱਕ ਯਤਨ ਕਰ ਰਹੇ ਹਨ ਤਾਂ ਪ੍ਰਵਾਸੀ ਪੰਜਾਬੀ ਭਰਾਵਾਂ ਨੂੰ ਵੀ ਇਨ੍ਹਾਂ ਯਤਨਾਂ 'ਚ ਬਰਾਬਰ ਦਾ ਯੋਗਦਾਨ ਪਾਉਣਾ ਚਾਹੀਦਾ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਐਮ ਐਲ ਏ ਸ਼ੀਤਲ ਅੰਗੂਰਾਲ, ਆਪ ਦੇ ਸੂਬਾਈ ਬੁਲਾਰਾ ਐਡਵੋਕੇਟ ਪਰਮਵੀਰ ਸਿੰਘ, ਬੰਗਾ ਤੋਂ ਸੀਨੀਅਰ ਆਗੂ ਕੁਲਜੀਤ ਸਿੰਘ ਸਰਹਾਲ ਤੇ ਸਤਨਾਮ ਸਿੰਘ ਜਲਵਾਹਾ ਵੀ ਮੌਜੂਦ ਸਨ।

### 28 ਫਰਵਰੀ ਰਾਸ਼ਟਰੀ ਵਿਗਿਆਨ ਦਿਵਸ ਸਬੰਧੀ ਵਿਸ਼ੇਸ਼

# ਰਾਸ਼ਟਰੀ ਵਿਗਿਆਨ ਦਿਵਸ ਡਾਕਟਰ ਸੀ.ਵੀ. ਰਮਨ ਦੁਆਰਾ ਪ੍ਰਕਾਸ਼ ਫੈਲਾਉਣ ਦੀ ਇੱਕ ਘਟਨਾ ਦੀ ਖੋਜ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ

ਭਾਰਤ ਵਿੱਚ ਹਰ ਸਾਲ 28 ਫਰਵਰੀ ਨੂੰ ਰਾਸ਼ਟਰੀ ਵਿਗਿਆਨ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਦਿਨ ਦਾ ਮੁੱਖ ਉਦੇਸ਼ ਵਿਗਿਆਨ ਨੂੰ ਉਤਸ਼ਾਹਿਤ ਕਰਨਾ ਅਤੇ ਲੋਕਾਂ ਨੂੰ ਰੋਜ਼ਾਨਾ ਜ਼ਿੰਦਗੀ ਵਿੱਚ ਵਿਗਿਆਨਕ ਤਰੀਕਿਆਂ ਨੂੰ ਅਪਣਾਉਣ ਲਈ ਉਤਸ਼ਾਹਿਤ ਕਰਨਾ ਹੈ ਤਾਂ ਜੋ ਉਨ੍ਹਾਂ ਦੀ ਜ਼ਿੰਦਗੀ ਨੂੰ ਸੁਵਿਧਾਜਨਕ ਅਤੇ ਆਰਾਮਦਾਇਕ ਬਣਾਇਆ ਜਾ ਸਕੇ। ਰਾਸ਼ਟਰੀ ਵਿਗਿਆਨ ਦਿਵਸ ਦਾ ਮੁੱਖ ਉਦੇਸ਼ ਵਿਗਿਆਨ ਅਤੇ ਤਕਨਾਲੋਜੀ ਨਾਲ ਜੁੜ੍ਹੇ ਲੋਕਾਂ ਨੂੰ ਉਤਸ਼ਾਹਿਤ ਕਰਨਾ ਅਤੇ ਵਿਗਿਆਨ ਨੂੰ ਹਰ ਸੰਭਵ ਤਰੀਕੇ ਨਾਲ ਉਤਸ਼ਾਹਿਤ ਕਰਨਾ ਹੈ। ਜੇਕਰ ਰਾਸ਼ਟਰੀ ਵਿਗਿਆਨ ਦਿਵਸ ਦਾ ਇਤਿਹਾਸ ਵੇਖੀਏ ਤਾਂ ਰਾਸ਼ਟਰੀ ਵਿਗਿਆਨ ਦਿਵਸ ਡਾਕਟਰ ਸੀ.ਵੀ. ਰਮਨ ਦੁਆਰਾ ਪ੍ਰਕਾਸ਼ ਫੈਲਾਉਣ ਦੀ ਇੱਕ ਘਟਨਾ ਦੀ ਖੋਜ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ। ਇਹ ਪ੍ਰਭਾਵ 'ਰਮਨ ਪ੍ਰਭਾਵ' ਵਜੋਂ ਜਾਣਿਆ ਜਾਂਦਾ ਹੈ। ਇਹ ਖੋਜ ਡਾਕਟਰ ਸੀ.ਵੀ. ਰਮਨ ਅਤੇ ਉਸਦੇ ਇੱਕ ਵਿਦਿਆਰਥੀ ਕੇ.ਐਸ. ਕ੍ਰਿਸ਼ਨਨ ਨੇ ਅੱਜ ਦੇ ਦਿਨ 28 ਫਰਵਰੀ 1928 ਨੂੰ ਰਮਨ ਪ੍ਰਭਾਵ ਰੋਸ਼ਨੀ ਦੇ ਫੈਲਾਅ ਦੇ ਖੇਤਰ ਵਿੱਚ ਇੱਕ ਮਹੱਤਵਪੂਰਨ ਖੋਜ ਸੀ। ਇਸ ਖੋਜ ਨੇ ਡਾਕਟਰ ਸੀ.ਵੀ. ਰਮਨ ਨੂੰ 1930 ਵਿੱਚ ਭੌਤਿਕ ਵਿਗਿਆਨ ਵਿੱਚ ਨੋਬਲ ਪੁਰਸਕਾਰ ਨਾਲ ਸਨਮਾਨਿਤ ਕੀਤੇ ਜਾਣ ਵਾਲਾ ਪਹਿਲਾ ਭਾਰਤੀ ਬਣਾ ਦਿੱਤਾ। ਡਾਕਟਰ ਸੀ.ਵੀ. ਰਮਨ ਦਾ ਜਨਮ 07 ਨਵੰਬਰ 1888 ਨੂੰ ਹੋਇਆ ਸੀ। ਉਸਦੇ ਪਿਤਾ ਗਣਿਤ ਅਤੇ ਭੌਤਿਕ ਵਿਗਿਆਨ ਦੇ ਲੈਕਚਰਾਰ ਸਨ। ਉਸਨੇ 1902 ਵਿੱਚ ਪ੍ਰੈਜ਼ੀਡੈਂਸੀ ਕਾਲਜ ਮਦਰਾਸ ਵਿੱਚ ਦਾਖਲਾ ਲਿਆ ਅਤੇ 1904 ਵਿੱਚ ਭੌਤਿਕ ਵਿਗਿਆਨ ਵਿੱਚ ਬੀ.ਏ. ਦੀ ਪ੍ਰੀਖਿਆ ਵਿੱਚ ਪਹਿਲਾ ਸਥਾਨ ਅਤੇ ਸੋਨ ਤਗਮਾ ਪ੍ਰਾਪਤ ਕੀਤਾ। ਸਾਲ 1907 ਵਿੱਚ ਉਸਨੇ ਆਪਣੀ ਐੱਮ.ਏ. ਦੀ ਡਿਗਰੀ ਪ੍ਰਾਪਤ ਕੀਤੀ ਅਤੇ ਉੱਚਤਮ ਸਨਮਾਨ ਪ੍ਰਾਪਤ ਕੀਤਾ। ਆਪ 1907 ਵਿੱਚ ਭਾਰਤੀ ਵਿੱਤ ਵਿਭਾਗ ਵਿੱਚ ਸ਼ਾਮਲ ਹੋ ਗਏ ਸਨ। ਉਸਨੂੰ ਕਲਕੱਤਾ ਵਿਖੇ ਇੰਡੀਅਨ ਐਸੋਸੀਏਸ਼ਨ ਫਾਰ ਦਾ ਕਲਟੀਵੇਸ਼ਨ ਆਫ਼ ਸਾਇੰਸ ਦੀ ਪ੍ਰਯੋਗਸ਼ਾਲਾ ਵਿੱਚ ਪ੍ਰਯੋਗਾਤਮਕ ਖੋਜ ਕਰਨ ਦੇ ਮੌਕੇ ਮਿਲੇ। ਸਾਲ 1917 ਵਿੱਚ ਉਸਨੂੰ ਕਲਕੱਤਾ ਯੂਨੀਵਰਸਿਟੀ ਵਿੱਚ ਭੌਤਿਕ ਵਿਗਿਆਨ ਦੀ ਨਵੀਂ ਸਥਾਪਿਤ ਚੇਅਰ ਦੀ ਜ਼ਿੰਮੇਬਾਰੀ ਦਿਤੀ ਗਈ। ਇੱਥੇ ਕੰਮ ਕਰਨ ਤੋਂ ਬਾਅਦ ਉਹ ਬੰਗਲੌਰ ਵਿੱਚ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ਵਿੱਚ ਪ੍ਰੋਫ਼ੈਸਰ ਬਣੇ ਅਤੇ 1948 ਵਿੱਚ ਉਹ ਬੰਗਲੌਰ ਵਿਖੇ ਰਮਨ ਇੰਸਟੀਚਿਊਟ ਆਫ਼ ਰਿਸਰਚ ਦੇ ਡਾਇਰੈਕਟਰ ਬਣ ਗਏ। ਉਸਨੇ 1926 ਵਿੱਚ ਇੰਡੀਅਨ ਜਰਨਲ ਆਫ਼ ਫਿਜ਼ਿਕਸ ਦੀ ਸਥਾਪਨਾ ਕੀਤੀ ਜਿਸਦੇ ਉਹ ਆਪ ਸੰਪਾਦਕ ਰਹੇ। ਆਪ ਨੇ ਇੰਡੀਅਨ ਅਕੈਡਮੀ ਆਫ ਸਾਇੰਸਿਜ਼ ਦੀ ਸਥਾਪਨਾ ਨੂੰ ਸਪਾਂਸਰ ਕੀਤਾ ਅਤੇ ਇਸਦੇ ਪ੍ਰਧਾਨ ਵਜੋਂ ਕੰਮ ਕੀਤਾ ਸੀ। ਆਪ ਨੂੰ ਵੱਡੀ ਗਿਣਤੀ ਵਿੱਚ ਆਨਰੇਰੀ ਡਾਕਟਰੇਟ ਅਤੇ ਵਿਗਿਆਨਕ ਸੁਸਾਇਟੀਆਂ ਦੀ ਮੈਂਬਰਸ਼ਿਪ ਨਾਲ ਸਨਮਾਨਿਤ ਕੀਤਾ ਗਿਆ। ਉਸਨੂੰ ਆਪਣੇ ਕੈਰੀਅਰ ਦੇ ਸ਼ੁਰੂ ਵਿੱਚ ਰਾਇਲ ਸੋਸਾਇਟੀ ਦਾ ਇੱਕ ਫੈਲੋ ਚੁਣਿਆ ਗਿਆ ਸੀ। ਇਹ ਮਹਾਨ ਵਿਗਿਆਨੀ 21 ਨਵੰਬਰ 1970 ਨੂੰਅਕਾਲ ਚਲਾਣਾ ਕਰ ਗਿਆ ਸੀ। ਇਸ ਮਹਾਨ ਵਿਗਿਆਨੀ ਦੀ ਯਾਦ ਵਿੱਚ ਹੀ ਰਾਸ਼ਟਰੀ ਵਿਗਿਆਨ ਦਿਵਸ ਦੇਸ਼ ਦੇ ਵੱਖ-ਵੱਖ ਵਿਦਿਅੱਕ ਅਦਾਰਿਆਂ ਵਿੱਚ ਵੱਡੇ ਪੱਧਰ ਤੇ ਮਨਾਇਆ ਜਾਂਦਾ ਹੈ। ਸਾਲ 1986 ਵਿੱਚ ਨੈਸ਼ਨਲ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ ਕਮਿਊਨੀਕੇਸ਼ਨ ਨੇ ਸਰਕਾਰ ਨੂੰ ਕਿਹਾ ਸੀ ਕਿ ਭਾਰਤ ਸਰਕਾਰ ਦੁਆਰਾ 28 ਫਰਵਰੀ ਨੂੰ ਰਾਸ਼ਟਰੀ ਵਿਗਿਆਨ ਦਿਵਸ ਵਜੋਂ ਮਨਾਇਆ ਜਾਵੇ। ਹੁਣ 28 ਫਰਵਰੀ ਨੂੰ ਪੂਰੇ ਭਾਰਤ ਵਿੱਚ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਅਤੇ ਹੋਰ ਵਿਗਿਆਨਕ, ਇੰਜਨੀਅਰਿੰਗ, ਮੈਡੀਕਲ ਅਤੇ ਖੋਜ ਸੰਸਥਾਵਾਂ ਵਿੱਚ ਰਾਸ਼ਟਰੀ ਵਿਗਿਆਨ ਦਿਵਸ ਆਯੋਜਿਤ ਕੀਤਾ ਜਾਂਦਾ ਹੈ। ਭਾਰਤ ਵਿੱਚ ਵਿਗਿਆਨ ਨੂੰ ਪ੍ਰਸਿੱਧ ਬਣਾਉਣ ਲਈ ਵੱਖ-ਵੱਖ ਵਿਅਕਤੀਆਂ ਅਤੇ ਸੰਸਥਾਵਾਂ ਨੂੰ ਪੁਰਸਕਾਰ ਦਿੱਤੇ ਜਾਂਦੇ ਹਨ। ਵਿਗਿਆਨ ਨੂੰ ਉਤਸ਼ਾਹਿਤ ਕਰਨ ਲਈ ਵਿਗਿਆਨ ਮੇਲੇ ਅਤੇ ਪ੍ਰਦਰਸ਼ਨੀਆਂ ਆਯੋਜਿਤ ਕੀਤੀਆਂ ਜਾਂਦੀਆਂ ਹਨ। ਇਸ ਲਈ ਹਰ ਸਾਲ ਇੱਕ ਵਿਸ਼ੇਸ਼ ਉਦੇਸ਼ ਨਿਰਧਾਰਤ ਕੀਤਾ ਜਾਂਦਾ ਹੈ ਅਤੇ ਇਸ ਸਬੰਧੀ ਹੋਣ ਵਾਲੇ ਸਮਾਗਮ ਉਸ ਵਿਸ਼ੇਸ਼ ਉਦੇਸ਼ ਤੇ ਹੀ ਕੇਂਦ੍ਰਿਤ ਹੁੰਦੇ ਹਨ। ਵਿਗਿਆਨ ਅਤੇ ਤਕਨਾਲੋਜੀ ਮੰਤਰੀ ਡਾਕਟਰ ਜਤਿੰਦਰ ਸਿੰਘ ਨੇਰਾਸ਼ਟਰੀ ਵਿਗਿਆਨ ਦਿਵਸ 2023 ਦੀ ਥੀਮ ਦਾ ਉਦਘਾਟਨ ਕੀਤਾ ਜਿਸਦਾ ਸਿਰਲੇਖ "ਵਿਸ਼ਵਵਿਆਪੀ ਸਿਹਤ ਲਈ ਵਿਸਵਵਿਆਪੀ ਵਿਗਿਆਨ'' ਹੈ। ਡਾਕਟਰ ਜਤਿੰਦਰ




ਸਿੰਘ ਨੇ ਇਸ ਸਬੰਧੀ ਦੱਸਿਆ ਹੈ ਕਿ ਇਹ ਥੀਮ ਪੂਰੀ ਤਰ੍ਹਾਂ ਭਾਰਤ ਦੇ ਜੀ-20 ਦੀ ਪ੍ਰਧਾਨਗੀ ਸੰਭਾਲਣ ਨਾਲ ਮੇਲ ਖਾਂਦੀ ਹੈ ਜਿੱਥੇ ਉਹ ਦੱਖਣ ਦੀ ਆਵਾਜ਼ ਬਣ ਜਾਵੇਗਾ ਜੋਕਿ ਏਸ਼ੀਆ, ਅਫਰੀਕਾ ਅਤੇ ਦੱਖਣੀ ਅਮਰੀਕਾ ਦੇ ਵਿਕਾਸਸ਼ੀਲ ਦੇਸ਼ ਹਨ।ਉਨ੍ਹਾਂ ਕਿਹਾ ਕਿ "ਵਿਸ਼ਵਵਿਆਪੀ ਸਿਹਤ ਲਈ ਵਿਸਵ ਵਿਆਪੀ ਵਿਗਿਆਨ'' ਥੀਮ ਦੀ ਚੋਣ ਦੁਨੀਆਂ ਦੇ ਸੰਦਰਭ ਵਿੱਚ ਵਿਗਿਆਨਕ ਮੁੱਦਿਆਂ ਦੀ ਜਨਤਕ ਕਦਰ ਵਧਾਉਣ ਦੇ ਉਦੇਸ਼ ਲਈ ਕੀਤੀ ਗਈ ਹੈ ਜਿਸਦਾ ਵਿਸ਼ਵਵਿਆਪੀ ਤੰਦਰੁਸਤੀ ਤੇ ਪ੍ਰਭਾਵ ਪੈ ਰਿਹਾ ਹੈ।ਉਨ੍ਹਾਂ ਕਿਹਾ ਕਿ ਭਾਰਤ ਨੇ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿੱਚ ਰਾਸ਼ਟਰਾਂ ਦੇ ਸਮੂਹ ਵਿੱਚ ਵਿਸ਼ਵਵਿਆਪੀ ਪ੍ਰਸਿੱਧੀ ਹਾਸਲ ਕਰ ਲਈ ਹੈ ਅਤੇ ਅਸੀਂ ਚੁਣੌਤੀਆਂ ਨਾਲ ਨਜਿੱਠਣ ਲਈ ਹਰ ਪ੍ਰਕਾਰ ਦਾ ਸਹਿਯੋਗ ਕਰਨ ਲਈ ਤਿਆਰ ਹਾਂ। ਉਨ੍ਹਾਂ ਕਿਹਾ ਕਿ ਜਦੋਂ ਚਿੰਤਾਵਾਂ, ਚੁਣੌਤੀਆਂ ਅਤੇ ਮਾਪਦੰਡਾਂ ਨੇ ਵਿਸ਼ਵਵਿਆਪੀ ਪਹਿਲੂਆਂ ਨੂੰ ਗ੍ਰਹਿਣ ਕਰ ਲਿਆ ਹੈ ਤਾਂ ਨਿਪਟਾਰਾ ਵੀ ਵਿਸ਼ਵਵਿਆਪੀ ਸੁਭਾਅ ਦਾ ਹੀ ਹੋਣਾ ਚਾਹੀਦਾ ਹੈ।ਉਨ੍ਹਾਂ ਕਿਹਾ ਆਮ ਆਦਮੀ ਲਈ ਜੀਵਨ ਦੀ ਸੌਖ ਲਿਆਉਣ ਲਈ ਹਰ ਘਰ ਦੁਆਰਾ ਵਿਗਿਆਨ ਦੀ ਵਰਤੋਂ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰੀ ਵਿਗਿਆਨ ਦਿਵਸ ਦੇਸ਼ ਅਤੇ ਵਿਦੇਸ਼ ਵਿੱਚ ਲੋਕਾਂ ਅਤੇ ਵਿਗਿਆਨਕ ਭਾਈਚਾਰੇ ਨੂੰ ਇਕੱਠੇ ਆਉਣ, ਇਕੱਠੇ ਕੰਮ ਕਰਨ ਅਤੇ ਮਨੁੱਖਤਾ ਦੀ ਭਲਾਈ ਲਈ ਖੁਸ਼ੀ ਦਾ ਅਨੁਭਵ ਕਰਨ ਦੇ ਮੌਕੇ ਪ੍ਰਦਾਨ ਕਰਨ ਲਈ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕਰਦਾ ਹੈ।ਉਨ੍ਹਾਂ ਕਿਹਾ ਕਿਦੇਸ਼ ਵਿੱਚ ਵਿਗਿਆਨ ਅਤੇ ਤਕਨਾਲੋਜੀ ਈਕੋਸਿਸਟਮ ਨੇ ਪਿਛਲੇ ਸਾਲਾਂ ਵਿੱਚ ਦੇਸ਼ ਲਈ ਕਈ ਨਵੇਂ ਇਤਿਹਾਸਕ ਸੁਧਾਰਾਂ ਦੀ ਸ਼ੁਰੂਆਤ ਕਰਕੇ ਤੇਜ਼ੀ ਨਾਲ ਤਰੱਕੀ ਕੀਤੀ ਹੈ। ਉਨ੍ਹਾਂ ਨੇ ਸਰਕਾਰ ਦੇ ਇਸ ਸਟੈਂਡ ਨੂੰ ਵੀ ਦੁਹਰਾਇਆ ਕਿ ਵਿਗਿਆਨ ਤੇ ਨਵੇਂ ਸਿਰੇ ਤੋਂ ਧਿਆਨ ਕੇਂਦਰਿਤ ਕਰਨ ਦੇ ਨਾਲ ਭਾਰਤ ਉਦਯੋਗੀਕਰਨ ਅਤੇ ਤਕਨੀਕੀ ਵਿਕਾਸ ਵਿੱਚ ਇੱਕ ਵਿਸਵ ਪੱਧਰੀ ਆਗੂ ਬਣਨ ਵੱਲ ਵੱਧ ਰਿਹਾ ਹੈ। ਭਾਰਤ ਦੀ ਨਵੀਂ ਯੋਜਨਾ ਜਿਸਨੂੰ ਵਿਗਿਆਨ, ਤਕਨਾਲੋਜੀ ਅਤੇ ਨਵੀਨਤਾ ਨੀਤੀ 2020 ਕਿਹਾ ਜਾਂਦਾ ਹੈ ਵਿਗਿਆਨ ਨੂੰ ਵਧੇਰੇ ਪ੍ਰਭਾਵਸ਼ਾਲੀ ਅਤੇ ਮਾਹਿਰਾਂ ਦੁਆਰਾ ਸੰਚਾਲਿਤ ਕਰਨ ਦੀ ਯੋਜਨਾ ਬਣਾ ਰਿਹਾ ਹੈ।ਹਰ ਸਾਲ ਇਸ ਲਈ ਥੀਮ ਵੱਖੋ-ਵੱਖਰੇ ਹੁੰਦੇ ਹਨ ਜੋ ਦੇਸ਼ ਅਤੇ ਸਮਾਜ ਦੇ ਇੱਕ ਵਿਸ਼ੇਸ਼ ਪਹਿਲੂ ਨੂੰ ਉਜਾਗਰ ਕਰਦੇ ਹਨ ਅਤੇ ਇਨ੍ਹਾਂ ਦਾ ਉਦੇਸ਼ ਆਮ ਲੋਕਾਂ, ਵਿਦਿਆਰਥੀਆਂ, ਕਰਮਚਾਰੀਆਂ, ਅਧਿਕਾਰੀਆਂ ਅਤੇ ਪ੍ਰਮੁੱਖ ਵਿਗਿਆਨਕ ਸੰਸਥਾਵਾਂ ਦੇ ਪ੍ਰਤੀਨਿਧੀਆਂ ਦੇ ਯੋਗਦਾਨ ਨੂੰ ਮਾਨਤਾ ਦੇਣਾ ਹੈ।ਇਹ ਸਮਾਗਮ ਭਵਿੱਖ ਦੀਆਂ ਪੀੜ੍ਹੀਆਂ ਨੂੰ ਉਨ੍ਹਾਂ ਦੇ ਟੀਚਿਆਂ ਨੂੰ ਅੱਗੇ ਵਧਾਉਣ ਲਈ ਉਮੀਦ ਅਤੇ ਪ੍ਰੇਰਨਾ ਪ੍ਰਦਾਨ ਕਰਕੇ ਖੋਜਾਂ ਅਤੇ ਇਨ੍ਹਾਂ ਖੋਜਾਂ ਵਿੱਚ ਸਰ ਸੀ.ਵੀ. ਰਮਨ ਦੇ ਸ਼ਾਨਦਾਰ ਯੋਗਦਾਨ ਦਾ ਸਨਮਾਨ ਕਰਦਾ ਹੈ। ਅਸੀਂ ਵਿਗਿਆਨ ਦੀ ਮਹਾਨਤਾ ਨੂੰ ਮਾਨਤਾ ਦੇਣ ਲਈ ਰਾਸ਼ਟਰੀ ਵਿਗਿਆਨ ਦਿਵਸ ਮਨਾਉਂਦੇ ਹਾਂ। ਇਸ ਲਈ ਵਿਗਿਆਨ ਨੂੰ ਉਤਸ਼ਾਹਿਤ ਕਰਨਾ ਅਤੇ ਲੋਕਾਂ ਨੂੰ ਰੋਜ਼ਾਨਾ ਵਰਤੋਂ ਵਿੱਚ ਵਿਗਿਆਨਕ ਤਰੀਕਿਆਂ ਨੂੰ ਅਪਣਾਉਣ ਲਈ ਉਤਸ਼ਾਹਿਤ ਕਰਨਾ ਹੈ ਤਾਂ ਜੋ ਉਨ੍ਹਾਂ ਦੀ ਜ਼ਿੰਦਗੀ ਨੂੰ ਸੁਵਿਧਾਜਨਕ ਅਤੇ ਆਰਾਮਦਾਇਕ ਬਣਾਇਆ ਜਾ ਸਕੇ। ਵਿਗਿਆਨ ਨੂੰ ਸਮੁੱਚੇ ਤੌਰ ਤੇ ਜਨਤਾ ਅਤੇ ਮਨੁੱਖਤਾ ਦੇ ਵਿਕਾਸ ਅਤੇ ਕਲਿਆਣ ਦੇ ਸਾਧਨ ਵਜੋਂ ਪੇਸ਼ ਕਰਨਾ ਹੈ। ਅਸੀਂ ਕਈ ਮਹੱਤਵਪੂਰਨ ਵਿਗਿਆਨਕ ਅਧਿਐਨਾਂ, ਸਫਲਤਾਵਾਂ ਅਤੇ ਤਕਨਾਲੋਜੀਆਂ ਨੂੰ ਦੇਖਣ ਲਈ ਭਾਗਸ਼ਾਲੀ ਰਹੇ ਹਾਂ। ਇਹ ਜਸ਼ਨ ਭਵਿੱਖ ਦੀਆਂ ਪੀੜ੍ਹੀਆਂ ਨੂੰ ਉਨ੍ਹਾਂ ਦੇ ਸੁਪਨਿਆਂ ਨੂੰ ਅੱਗੇ ਵਧਾਉਣ ਲਈ ਉਮੀਦ ਅਤੇ ਪ੍ਰੇਰਨਾ ਪ੍ਰਦਾਨ ਕਰਕੇ ਖੋਜ ਅਤੇ ਖੋਜ ਵਿੱਚ ਸਰ ਸੀ.ਵੀ. ਰਮਨ ਦੇ ਬੇਮਿਸਾਲ ਯੋਗਦਾਨ ਦਾ ਸਨਮਾਨ ਕਰਦਾ ਹੈ। ਕਿਸੇ ਵੀ ਖੇਤਰ ਵਿੱਚ ਸਿਰਫ਼ ਇੱਕ ਖੋਜ ਨਾਲ ਹੀ ਨਹੀਂ ਰੁਕਣਾ ਸਗੋਂ ਹਰ ਤਰ੍ਹਾਂ ਨਾਲ ਦੇਸ਼ ਦੀ ਸਿਖ਼ਰਾਂ ਤੱਕ ਤਰੱਕੀ ਕਰਨਾ ਜਾਰੀ ਰੱਖਣਾ ਹੈ। ਰਾਸ਼ਟਰੀ ਵਿਗਿਆਨ ਦਿਵਸ ਉਹਨਾਂ ਲੋਕਾਂ ਲਈ ਹੈ ਜੋ ਵਿਗਿਆਨ ਵਿੱਚ ਵਿਸ਼ਵਾਸ ਕਰਦੇ ਹਨ, ਵਿਗਿਆਨੀਆਂ, ਉਹਨਾਂ ਨੌਜਵਾਨਾਂ ਲਈ ਜੋ ਵਿਗਿਆਨ ਅਤੇ ਤਕਨਾਲੋਜੀ ਬਾਰੇ ਸਿੱਖਣ ਲਈ ਸੱਖ਼ਤ ਮਿਹਨਤ ਕਰਦੇ ਹਨ, ਅਤੇ ਉਹਨਾਂ ਲਈ ਜੋ ਵਿਗਿਆਨਕ ਖੋਜਾਂ ਦਾ ਆਨੰਦ ਲੈਂਦੇ ਹਨ। ਵਿਗਿਆਨ ਨੇ ਮਨੁੱਖ ਦੀ ਬਹੁਤ ਵੱਡੀ ਸੇਵਾ ਕੀਤੀ ਹੈ। ਵਾਤਾਵਰਣ ਦੀਆਂ ਸਮੱਸਿਆਵਾਂ ਨੂੰ ਖੋਜਣ ਲਈ ਸੰਸਾਰ ਦੇ ਵੱਖ-ਵੱਖ ਹਿੱਸਿਆਂ ਵਿੱਚ ਬਹੁਤ ਸਾਰੀਆਂ ਖੋਜਾਂ ਕੀਤੀਆਂ ਗਈਆਂ ਹਨ। ਇਸ ਵਿੱਚ ਵਿਗਿਆਨ ਦੀਆਂ ਵੱਖ-ਵੱਖ ਸ਼ਾਖਾਵਾਂ ਜਿਵੇਂ ਕਿ ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਜੀਵ ਵਿਗਿਆਨ ਦੇ ਅਧੀਨ ਜਾਨਵਰਾਂ, ਰਸਾਇਣਾਂ, ਧਰਤੀ, ਪੌਦਿਆਂ ਆਦਿ ਦਾ ਅਧਿਐਨ ਸ਼ਾਮਲ ਹੈ। ਵਿਗਿਆਨ ਪ੍ਰਮਾਣਾਂ ਦੇ ਅਧਾਰ ਤੇ ਇੱਕ ਯੋਜਨਾਬੱਧ ਕਾਰਜਪ੍ਰਣਾਲੀ ਦੀ ਪਾਲਣਾ ਕਰਦੇ ਹੋਏ ਕੁਦਰਤੀ ਅਤੇ ਸਮਾਜਿਕ ਸੰਸਾਰ ਦੇ ਗਿਆਨ ਦੇ ਨਤੀਜਿਆਂ, ਨਿਰੀਖਣਾਂ ਅਤੇ ਸਮਝ ਦੀ ਖੋਜ ਅਤੇ ਵਰਤੋਂ ਹੈ। ਵਿਗਿਆਨ ਆਧਾਰਿਤ ਤਕਨੀਕਾਂ ਨੇ ਆਧੁਨਿਕ ਜੀਵਨ ਨੂੰ ਬਦਲ ਦਿੱਤਾ ਹੈ। ਉਨ੍ਹਾਂ ਨੇ ਜੀਵਨ ਪੱਧਰ, ਸਿਹਤ, ਲੋਕ ਭਲਾਈ ਅਤੇ ਸੁਰੱਖਿਆ ਵਿੱਚ ਪ੍ਰਭਾਵਸ਼ਾਲੀ ਸੁਧਾਰ ਕੀਤੇ ਹਨ। ਆਧੁਨਿਕ ਸਮਾਜ ਵਿੱਚ ਵਿਗਿਆਨ ਅਤੇ ਤਕਨਾਲੋਜੀ ਇੰਨੀ ਆਮ ਹੈ ਕਿ ਵਿਦਿਆਰਥੀਆਂ ਨੂੰ ਵਿਗਿਆਨ ਦੀਆਂ ਮੁੱਖ ਧਾਰਨਾਵਾਂ, ਉਲਝਣਾਂ ਅਤੇ ਉਪਯੋਗਾਂ ਵਿੱਚ ਚੰਗੀ



ਕੁਲਦੀਪ ਚੰਦ
91-9417563054

ਸਿੱਖਿਆ ਦੀ ਲੋੜ ਹੁੰਦੀ ਹੈ। ਵਿਗਿਆਨ ਮਨੁੱਖ ਦੇ ਜੀਵਨ ਵਿੱਚ ਇੱਕ ਮਹੱਤਵਪੂਰਣ ਭੂਮਿਕਾ ਨਿਭਾਉਂਦਾ ਹੈ। ਅਸੀਂ ਆਪਣੇ ਰੋਜ਼ਾਨਾ ਜੀਵਨ ਵਿੱਚ ਬਹੁਤ ਸਾਰੀਆਂ ਮਸ਼ੀਨਾਂ ਦੀ ਵਰਤੋਂ ਕਰਦੇ ਹਾਂ ਜੋ ਵਿਗਿਆਨ ਦੇ ਸਰਲ ਤਰੀਕੇ ਨਾਲ ਕੰਮ ਕਰਦੀਆਂ ਹਨ। ਕੰਪਿਊਟਰ, ਸੈਟੇਲਾਈਟ, ਐਕਸ-ਰੇ, ਰੇਡੀਅਮ, ਪਲਾਸਟਿਕ ਸਰਜਰੀ, ਫੋਨ, ਬਿਜਲੀ, ਇੰਟਰਨੈੱਟ, ਫੋਟੋਗ੍ਰਾਫੀ ਆਦਿ ਵਿਗਿਆਨਕ ਕਾਢਾਂ ਸਾਡੇ ਲਈ ਬਹੁਤ ਲਾਭਦਾਇਕ ਸਾਬਤ ਹੋਈਆਂ ਹਨ। ਵਿਗਿਆਨ ਦੀ ਬਦੌਲਤ ਹੀ ਅੱਜ ਅਸੀਂ ਬੀਮਾਰੀਆਂ ਦਾ ਬਿਹਤਰ ਢੰਗ ਨਾਲ ਮੁਕਾਬਲਾ ਕਰ ਸਕਦੇ ਹਾਂ। ਇਸ ਨਾਲ ਸਾਡੀ ਜ਼ਿੰਦਗੀ ਆਸਾਨ ਹੋ ਗਈ ਹੈ ਅਤੇ ਸਾਡੀ ਉਮਰ ਵੱਧ ਗਈ ਹੈ। ਅਸੀਂ ਇੱਕ ਥਾਂ ਤੋਂ ਦੂਜੀ ਥਾਂ ਜਾਣ ਲਈ ਆਵਾਜਾਈ ਦੇ ਕਈ ਸਾਧਨਾਂਦੀ ਵਰਤੋਂ ਕਰਦੇ ਹਾਂ ਜੋ ਕਿ ਵਿਗਿਆਨਕ ਖੋਜਾਂ ਤੇ ਆਧਾਰਿਤ ਹਨ। ਜੀਵਨ ਦਾ ਕੋਈ ਖੇਤਰ ਅਜਿਹਾ ਨਹੀਂ ਹੈ ਜਿੱਥੇ ਵਿਗਿਆਨ ਨੇ ਸਾਡੀ ਮੱਦਦ ਨਾ ਕੀਤੀ ਹੋਵੇ। ਲਗਭਗ ਹਰ ਦਿਨ ਜਾਂ ਤਾਂ ਨਵੀਆਂ ਕਾਢਾਂ ਦੀ ਰਿਪੋਰਟ ਕੀਤੀ ਜਾ ਰਹੀ ਹੈ ਜਾਂ ਮੌਜੂਦਾ ਵਿੱਚ ਸੁਧਾਰ ਕੀਤਾ ਜਾ ਰਿਹਾ ਹੈ। ਵਿਗਿਆਨ ਨੇ ਕੰਮ ਨੂੰ ਤੇਜ਼, ਸੁਰੱਖਿਅਤ ਅਤੇ ਹੋਰ ਵੀ ਪ੍ਰਭਾਵਸ਼ਾਲੀ ਅਤੇ ਕੁਸ਼ਲ ਬਣਾਇਆ ਹੈ।ਬੇਸ਼ੱਕ ਵਿਗਿਆਨ ਦੀਆਂ ਕਾਢਾਂ ਅਤੇ ਤਰੱਕੀ ਨੇ ਧਰਮ ਅਧਾਰ ਤੇ ਫੈਲਾਏ ਜਾ ਰਹੇ ਪਾਖੰਡਵਾਦ ਨੂੰ ਰੋਕਣ ਲਈ ਅਹਿਮ ਭੂਮਿਕਾ ਨਿਭਾਈ ਹੈ ਪਰ ਸਮੇਂ-ਸਮੇਂ ਤੇ ਅਜੇ ਵੀ ਕਈ ਵਾਰ ਅਜਿਹੀਆਂ ਪਾਖੰਡਵਾਦੀ ਘਟਨਾਵਾਂ ਵੇਖਣ ਨੂੰ ਨਜਰ ਆਂਦੀਆਂ ਹਨ। ਹਰ ਸਾਲ ਭਾਰਤ ਦੇ ਲੱਗਭੱਗ ਸਾਰੇ ਰਾਜ ਵੱਖ-ਵੱਖ ਤਰੀਕਿਆਂ ਨਾਲ ਰਾਸ਼ਟਰੀ ਵਿਗਿਆਨ ਦਿਵਸ ਮਨਾਉਂਦੇ ਹਨ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਵਿਗਿਆਨ ਦੇ ਵੱਖ-ਵੱਖ ਮੁਕਾਬਲੇ ਅਤੇ ਕੁਇਜ਼ ਕਰਵਾਏ ਜਾਂਦੇ ਹਨ। ਪੰਜਾਬ ਵਿੱਚ ਵੀ ਨੋਡਲ ਏਜੰਸੀ ਪੰਜਾਬ ਰਾਜ ਵਿਗਿਆਨ ਅਤੇ ਤਕਨਾਲੋਜੀ ਕੌਂਸਲ, ਚੰਡੀਗੜ੍ਹ ਵਲੋਂ ਭਾਰਤ ਸਰਕਾਰ ਦੇ ਸਹਿਯੋਗ ਨਾਲ ਹਰ ਸਾਲ 28 ਫਰਵਰੀਜਾਂ ਇਸ ਦੇ ਆਸ-ਪਾਸ ਰਾਸ਼ਟਰੀ ਵਿਗਿਆਨ ਦਿਵਸ ਮਨਾਇਆਂ ਜਾਂਦਾ ਹੈ ਅਤੇ ਸੰਸਥਾਵਾਂ, ਯੂਨੀਵਰਸਿਟੀਆਂ, ਕਾਲਜਾਂ, ਸਕੂਲਾਂ ਅਤੇ ਸਵੈ-ਸੇਵੀ ਸੰਸਥਾਵਾਂ ਦੁਆਰਾ ਗਤੀਵਿਧੀਆਂ ਰਾਹੀਂ ਵਿਦਿਆਰਥੀਆਂ ਵਿੱਚ ਵਿਗਿਆਨ ਨੂੰ ਹਰਮਨ ਪਿਆਰਾ ਬਣਾਉਣਾ ਇਸਦਾ ਮੁੱਖ ਉਦੇਸ਼ ਹੈ। ਹਰ ਸਾਲ ਰਾਜ ਭਰ ਵਿੱਚ ਲੈਕਚਰ, ਵਿਦਿਆਰਥੀ ਮੁਕਾਬਲੇ, ਮਾਡਲ ਬਣਾਉਣ, ਪ੍ਰਦਰਸ਼ਨੀਆਂ, ਕੁਇਜ਼ ਅਤੇ ਹੋਰ ਗਤੀਵਿਧੀਆਂ ਦਾ ਆਯੋਜਨ ਕੀਤਾ ਜਾਂਦਾ ਹੈ।ਸਾਨੂੰ ਵਿਗਿਆਨ ਦੀ ਮਹੱਤਤਾ ਅਤੇ ਰਾਸ਼ਟਰੀ ਵਿਗਿਆਨ ਦਿਵਸ ਸਬੰਧੀ ਜਾਣਕਾਰੀ ਆਮ ਲੋਕਾਂ ਤੱਕ ਪਹੁੰਚਾਣ ਲਈ ਕੰਮ ਕਰਨਾ ਚਾਹੀਦਾ ਹੈ।

## ਭਾਈਬੰਦ

ਗੱਲ ਤੇਤੀ ਕੁ ਸਾਲ ਪੁਰਾਣੀ ਹੈ। ਮੈਂ ਵਿਦੇਸ਼ਭਰਮਣ ਕਰਦਾ ਕਨੇਡਾ ਪਹੁੰਚ ਗਿਆ। ਕਈ ਤਰ੍ਹਾਂ ਦੇ ਲੋਕ ਮਿਲੇ। ਉਦੋਂ ਪੰਜਾਬੀ, ਅੱਜ ਵਾਂਗ ਬਸਤੀਆਂ ਬਣਾ ਕੇ ਨਹੀਂ ਰਹਿੰਦੇ ਸਨ । ਇਕ ਦੂਜੇਨੂੰ ਭਾਈਬੰਦ ਕਹਿੰਦੇ ਸਨ। ਇਹੋ ਜਿਹੇ ਇਕਭਾਈਬੰਦ ਕੋਲ , ਮੇਰਾ ਮਿੱਤਰ ਲੈ ਗਿਆ । ਆਮ ਚਾਹ ਕੋਕ ਦੀ ਸੇਵਾ ਤੋਂ ਬਾਅਦ ਭਾਈਬੰਦ ਕਹਿਦਾ, 'ਚਲੋ ਬੇਸਮੈਂਟ ਚ ਚੱਲ ਕੇ ਬਾਈ ਨੂੰ ਕੁਝ ਤਾਜ਼ਾਕਰਦੇ ਹਾਂ'।

ਪੌੜੀਆਂ ਉਤਰ ਕੇ ਸਾਹਮਣੇ ਇਕ ਜੁਗਾੜ ਕੋਲ ਖਲ੍ਹੋ ਗਏ, ਭਾਇਬੰਦ ਦਾ ਤਰਕ ਸੀ ਕਿ ਇਥੇਦੀਆਂ ਪਰੀਆਂ ਬਹੁਤ ਮਹਿੰਗੀਆਂ ਹੁੰਦੀਆਂ ਤੇਦੇਸੀ ਵਰਗੀ ਕਿੱਕ ਵੀ ਨਹੀਂ ਮਾਰਦੀਆਂ। ਇਸ ਲਈ ਇਹ ਕੰਮ ਖੁਦ ਹੀ ਕਰ ਲਈਦਾ, ਨਾਲੇ ਇੱਥੇ ਅੰਗੂਰਾਂ ਦਾ ਜੂਸ ਕੱਢਿਆ ਕੱਢਾਇਆ ਮਿਲ ਜਾਂਦਾ। ਵਿਚ ਪਾਉਣ ਲਈ ਮੇਵੇ ਵੀ ਸਸਤੇ ਤੇਵਧੀਆ ਮਿਲਦੇ ਨੇ ।

ਇਸਤੋਂ ਬਾਅਦ ਕੀ ਹੋਇਆ, ਇਸਨੂੰ ਛੱਡੋ ।

ਆਹ ਥੋੜੇ ਦਿਨ ਪਹਿਲੋਂ ਇਕ ਫੋਨ ਆਇਆ, ਉਸਨੇ ਬੜੀ ਅਪਣੱਤ ਨਾਲ ਗੱਲ ਸ਼ੁਰੂ ਕੀਤੀ, ਪਰਮੈਨੂੰ ਯਾਦ ਨਾ ਆਇਆ, ਮੈਂ ਵੈਸੇ ਵੀ ਭੁਲੱਕੜ ਜਿਹਾ ਹਾਂ । ਉਸਨੇ ਕਈ ਗੱਲਾਂ ਕੀਤੀਆਂ, ਪਰਮੇਰੇ ਖਾਨੇ ਨਾ ਪਈ। ਫੇਰ ਉਸਨੇ ਆਖਰੀ ਤੀਰਛੱਡਿਆ, 'ਮੈਂ ਬੇਸਮੈਂਟ ਵਾਲਾ ਭਾਈਬੰਦ '।

ਹੁਣ ਅੱਗੇ ਤੁਸੀਂ ਆਪੇ ਸਮਝ ਲਵੋ ।



**-ਜਨਮੇਜਾ ਸਿੰਘ ਜੌਹਲ**
janmeja@gmail.com

# ਕੌਮਾਂਤਰੀ ਮਾਤ ਭਾਸ਼ਾ ਨੂੰ ਸਮਰਪਿਤ 'ਪੰਜਾਬੀ ਮਾਂ ਬੋਲੀ' ਮੇਰੇ ਦਿਲ ਦੀ ਹੂਕ- ਲੇਖਕ ਡਾ. ਸੰਤੋਖ ਸੁੱਖੀ

ਸਾਹਿਤਕ ਰਚਨਾਵਾਂ ਸਾਹਿਤਕਾਰਾਂ ਦੇ ਦਿਲਾਂ ਦੀ ਆਵਾਜ਼ ਅਤੇ ਸਮਾਜ ਦਾ



ਗੀਤਕਾਰ ਡਾ ਸੰਤੋਖ ਸੁੱਖੀ




ਸ਼ੀਸ਼ਾ ਹੁੰਦੀਆਂ ਹਨ।ਕੱਚ ਘਰੜ ਲੇਖਣੀ ਤੋਂ ਹੱਟ ਕੇ ਜਦੋਂ ਕੋਈ ਸੁਝਵਾਨ ਲੇਖਕ ਨਿੱਗਰ ਅਤੇ ਗੁਣਾਤਮਕ ਸਾਹਿਤਕ ਸਿਰਜਣਾ ਕਰਦਾ ਹੈ ਤਾਂ ਇਹ ਰਚਨਾ ਪਾਠਕਾਂ ਅਤੇ ਸਰੋਤਿਆਂ ਦਿਲ ਦੀਆਂ ਡੂੰਘਾਈਆਂ ਤਕ ਅਸਰ ਕਰਦੀ ਹੈ ਅਤੇ ਚਿਰ ਸਥਾਈ ਲੋਕਾਂ ਦੇ ਜ਼ਿਹਨ ਚ ਘਰ ਬਣਾਈ ਰੱਖਣ ਚ ਕਾਮਯਾਬ ਰਹਿੰਦੀ ਹੈ। ਇਸੇ ਤਰ੍ਹਾਂ ਦੀ ਪੰਜਾਬੀ ਮਾਂ ਬੋਲੀ ਦੇ ਸਪੂਤ ਡਾ. ਸੰਤੋਖ ਸੁੱਖੀ ਨੇ ਕੌਮਾਂਤਰੀ ਮਾਤ ਭਾਸ਼ਾ ਦਿਵਸ ਨੂੰ ਸਮਰਪਿਤ " ਪੰਜਾਬੀ ਮਾਂ ਬੋਲੀ" ਦੀ ਸਿਰਜਣਾ ਨਾਲ ਨਵੇਂ ਦਿਸਹੱਦੇ ਸਿਰਜੇ ਹਨ।

ਮਾਂ ਬੋਲੀ ਪੰਜਾਬੀ ਪ੍ਰਤੀ ਲਿਖੇ ਮੁਹੱਬਤ ਦੇ ਇਜ਼ਹਾਰ ਅਤੇ ਅਹਿਸਾਸ ਨੂੰ ਸ਼ਬਦਾਂ ਦੀ ਵਲਗਣ ਵਿਚ ਮਹਿਫੂਜ਼ ਰੱਖ ਕੇ ਵਰਣਨ ਕਰਨਾ ਮੇਰੇ ਲਈ ਬੇਹੱਦ ਮੁਸ਼ਕਲ ਕੰਮ ਹੈ। ਡਾ. ਸੁੱਖੀ ਦੀਆਂ ਰਚਨਾਵਾਂ ਚੋਂ ਸੱਭਿਆਚਾਰਕ ਕਦਰਾਂ ਕੀਮਤਾਂ, ਪਰਿਵਾਰਕ ਰਿਸ਼ਤਿਆਂ ਦੀਆਂ ਸਾਂਝੀਵਾਲੀ ਪੇਚੀਦਗੀਆਂ, ਸਮਾਜਿਕ ਦੁਸ਼ਵਾਰੀਆਂ, ਬੇਗਾਨੀਆਂ, ਕੁਰੀਤੀਆਂ ਤੋਂ ਇਲਾਵਾ ਮਾਂ ਬੋਲੀ ਪੰਜਾਬੀ ਪ੍ਰਤੀ ਹੇਰਵੇ ਦਾ ਅਹਿਸਾਸਾਂ ਦਾ ਵਰਣਨ ਹੁੰਦਾ ਹੈ। ਉਹਨਾਂ ਦੀ ਲਿਖਤ " ਮਾਂ ਬੋਲੀ ਪੰਜਾਬੀ" ਨੂੰ ਸੂਫੀ ਗਾਇਕ ਮਾਣਕ ਅਲੀ ਨੇ ਸੁਰੀਲੀ ਅਤੇ ਦਿਲ ਟੁੰਬਵੀਂ ਆਵਾਜ਼ ਚ ਗਾਉਣਾ ਬੇਹੱਦ ਮਾਣ ਵਾਲੀ ਗੱਲ ਅਤੇ ਉਹਨਾਂ ਦੀ ਸਾਹਿਤ ਪ੍ਰਤੀ ਸੁਹਿਰਦਤਾ ਅਤੇ ਪ੍ਰਤੀਬੱਧਤਾ ਨੂੰ ਪ੍ਰਗਟਾਉਂਦਾ ਹੈ।ਇਸ ਪੰਜਾਬੀ ਬੋਲੀ ਨੂੰ ਸਮਰਪਿਤ ਇਸ ਗੀਤ ਨੂੰ ਸੰਗੀਤ ਦੀਆਂ ਮਨਮੋਹਕ ਧੁਨਾਂ ਚ ਨੌਜਵਾਨ ਸੰਗੀਤਕਾਰ ਤੋਚੀ ਬਾਈ ਪਟਿਆਲਾ ਨੇ ਪ੍ਰੋਇਆ ਹੈ।ਇਸ ਗੀਤ ਦੀ ਵੀਡੀਓ ਰਾਹੁਲ ਬਾਜਵਾ ਦੀ ਡਾਇਰੈਕਸ਼ਨ ਅਤੇ ਪੇਸ਼ਕਸ਼ ਹੈ।



ਇੰਜੀਨੀਅਰ ਸਤਨਾਮ ਸਿੰਘ ਮੱਟੂ
91-97797-08257

ਡਾ. ਸੁੱਖੀ ਦਾ ਕਹਿਣਾ ਹੈ ਕਿ ਇਹ ਗੀਤ ਮੇਰੇ ਦਿਲ ਦੀ ਹੂਕ ਹੈ।ਗਾਇਕ ਮਾਣਕ ਅਲੀ ਨੇ ਬਹੁਤ ਰੂਹ ਨਾਲ ਗਾਇਆ ਹੈ ਅਤੇ ਸੰਗੀਤਕਾਰ ਨੇ ਵੀ ਸੰਗੀਤਕ ਧੁਨਾਂ ਨੂੰ ਵਧੀਆ ਰੰਗਤ ਦਿੱਤੀ ਹੈ।ਦੇਸ਼ ਵਿਦੇਸ਼ ਤੋਂ ਇਸ ਗੀਤ ਨੂੰ ਭਰਵਾਂ ਹੁੰਗਾਰਾ ਮਿਲਣ ਰਿਹਾ ਹੈ।

# ਪ੍ਰਧਾਨ ਮੰਤਰੀ ਦੇ ਨਾਂ ਇਕ ਪੱਤਰ

**ਸਰਦਾਰ ਹਰਜਿੰਦਰ ਸਿੰਘ ਧਾਮੀ,**
**ਪ੍ਰਧਾਨ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ,**
**ਵਾਹਿਗੁਰੂ ਜੀ ਕਾ ਖਾਲਸਾ।**
**ਵਾਹਿਗੁਰੂ ਜੀ ਕੀ ਫ਼ਤਿਹ।**

ਵਿਸ਼ਾ:- ਨਵੇ ਸਾਲ (ਸੰਮਤ 555) ਦਾ ਕੈਲੰਡਰ।

ਸਰਦਾਰ ਹਰਜਿੰਦਰ ਸਿੰਘ ਧਾਮੀ ਜੀ, ਜਿਵੇਂ ਕਿ ਆਪ ਜੀ ਜਾਣਦੇ ਹੀ ਹੋ ਕਿ 13 ਫਰਵਰੀ 2023 ਈ:, ਦਿਨ ਸੋਮਵਾਰ ਨੂੰ ਆਪ ਜੀ ਵੱਲੋਂ, ਧਰਮ ਪ੍ਰਚਾਰ ਕਮੇਟੀ ਦੁਆਰਾ ਛਾਪਿਆ ਗਿਆ ਕੈਲੰਡਰ (ਸੰਮਤ 555) ਜਾਰੀ ਕੀਤਾ ਗਿਆ ਸੀ। ਉਸ ਕੈਲੰਡਰ ਸਬੰਧੀ ਬੇਨਤੀ ਇਹ ਹੈ ਕਿ;



(1) ਇਸ ਕੈਲੰਡਰ ਮੁਤਾਬਕ, ਨਵੇਂ ਸਾਲ ਦਾ ਆਰੰਭ 1 ਚੇਤ 14 ਮਾਰਚ ਨੂੰ ਹੋ ਰਿਹਾ ਹੈ। ਇਸ ਕੈਲੰਡਰਦੇ ਮਹੀਨਿਆਂ ਦੇ ਆਰੰਭ ਦੀਆਂ ਤਾਰੀਖਾਂ (ਸੰਗਰਾਂਦਾਂ) ਦੀ ਪੜਤਾਲ ਕਰਨ ਉਪਰੰਤ ਸਹਿਜੇ ਹੀ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਹ ਕੈਲੰਡਰ ਦ੍ਰਿਕ ਗਿਣਤ ਸਿਧਾਂਤ ਮੁਤਾਬਕ ਤਿਆਰ ਕੀਤਾ ਗਿਆ ਹੈ। ਜਦੋਂ ਕਿ ਗੁਰੂ ਕਾਲ ਵਾਲਾ ਕੈਲੰਡਰ ਸੂਰਜੀ ਸਿਧਾਂਤ ਮੁਤਾਬਕ ਹੁੰਦਾ ਸੀ। ਜਿਸ ਮੁਤਾਬਕ ਨਵੇਂ ਸਾਲ ਦਾ ਆਰੰਭ ਇਕ ਚੇਤ, 15 ਮਾਰਚ ਨੂੰ ਹੋਵੇਗਾ। ਪ੍ਰਧਾਨ ਜੀ ਦੇਸ-ਵਿਦੇਸ਼ ਦੀਆਂ ਸੰਗਤਾਂ ਇਹ ਜਾਣਨਾ ਚਾਹੁੰਦੀਆਂ ਹਨ ਕਿ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਗੁਰੂ ਕਾਲ ਵਾਲਾ ਕੈਲੰਡਰ (ਸੂਰਜੀ ਸਿਧਾਂਤ) ਕਿਉ ਤਿਆਗਿਆ ਹੈ? ਉਸ ਕੈਲੰਡਰ (ਸੂਰਜੀ ਸਿਧਾਂਤ) ਵਿੱਚ ਕੀ ਦੋਸ਼ ਸੀ ਜਿਹੜਾ ਤੁਸੀਂ ਉਸ ਨੂੰ ਛੱਡ ਕੇ, ਨਵੇਂ ਸਿਧਾਂਤ (ਦ੍ਰਿਕ ਗਿਣਤ ਸਿਧਾਂਤ) ਮੁਤਾਬਕ ਕੈਲੰਡਰ ਛਾਪਿਆ ਹੈ?

(2) ਨਵੇ ਸਾਲ ਦੇ ਕੈਲੰਡਰ ਵਿਚ ਹੋਲਾ ਮਹੱਲਾ ਦਰਜ ਨਹੀਂ ਹੈ। ਇਸ ਦਾ ਕੀ ਕਾਰਨ ਹੈ? ਕੀ ਇਹ ਛਾਪੇ ਖ਼ਾਨੇ ਦੀ ਗਲਤੀ ਹੈ ਜਾਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਹੋਲਾ ਮਹੱਲਾ ਮਨਾਉਣਾ ਬੰਦ ਕਰ ਦਿੱਤਾ ਹੈ?

(3) ਨਵੇਂ ਸਾਲ ਦੇ ਇਸ ਕੈਲੰਡਰ ਵਿੱਚ, 'ਸਿਰਜਣਾ ਦਿਹਾੜਾ ਸ੍ਰੀ ਅਕਾਲ ਤਖਤ ਸਾਹਿਬ' 25 ਜੇਠ ਦਾ ਦਰਜ ਹੈ। ਜਦੋਂ ਮੈਂ ਪਿਛਲੇ ਇਕ ਦਹਾਕੇ ਦੇ ਕੈਲੰਡਰ (ਸੰਮਤ 543-554) ਵੇਖੇ ਤਾਂ ਹਰ ਸਾਲ ਇਹ ਦਿਹਾੜਾ 18 ਹਾੜ ਦਾ ਦਰਜ ਸੀ। ਇਹ ਦਿਹਾੜਾ 18 ਹਾੜ ਤੋਂ ਬਦਲ ਕੇ 25 ਜੇਠ ਕਰਨ ਦਾ ਕੀ ਕਾਰਨ ਹੈ? ਇਸ ਸਾਲ ਕਿਹੜੀ ਨਵੀਂ ਖੋਜ ਆਈ ਹੈ ਜੋ ਇਸ ਇਤਿਹਾਸਕ ਦਿਹਾੜੇ ਦਾ ਪ੍ਰਵਿਸ਼ਟਾ ਬਦਲ ਦਿੱਤਾ ਗਿਆ ਹੈ? ਜੇ ਕੋਈ ਨਵੀਂ ਖੋਜ ਆਈ ਹੈ ਤਾਂ ਉਹ ਖੋਜ ਜਾਂ ਕਿਸੇ ਸਬ-ਕਮੇਟੀ ਨੇ ਅਜੇਹਾ ਕਰਨ ਦੀ ਸ਼ਿਫਾਰਸ਼ ਕੀਤੀ ਹੈ ਤਾਂ ਉਸ ਕਮੇਟੀ ਦੀ ਰਿਪੋਰਟ ਸੰਗਤਾਂ ਨਾਲ ਸਾਂਝੀ ਕੀਤੀ ਜਾਵੇ।

ਸਤਿਕਾਰ ਯੋਗ ਪ੍ਰਧਾਨ ਜੀ, ਨਿਮਰਤਾ ਸਹਿਤ ਬੇਨਤੀ ਹੈ ਕਿ ਨਿੱਜੀ ਤੌਰ ਤੇ ਦਖ਼ਲ ਦੇ ਕੇ, ਨਵੇਂ ਸਾਲ ਦੇ ਕੈਲੰਡਰ ਸਬੰਧੀ ਆਪ ਜੀ ਦੇ ਧਿਆਨ ਵਿੱਚ ਲਿਆਂਦੇ ਗਏ ਨੁਕਤਿਆਂ ਸਬੰਧੀ, ਮੰਗੀ ਗਈ ਜਾਣਕਾਰੀ ਸਾਂਝੀ ਕਰਨ ਦੀ ਕ੍ਰਿਪਾਲਤਾ ਕਰਨੀ ਜੀ।

ਸਤਿਕਾਰ ਸਹਿਤ

**ਸਰਵਜੀਤ ਸਿੰਘ ਸੈਕਰਾਮੈਂਟੋ**
**11 ਫੱਗਣ ਸੰਮਤ 554 ਨਾਨਕਸ਼ਾਹੀ**

# ਵਿਸ਼ਵ ਪੰਜਾਬੀ ਮਾਂ ਬੋਲੀ ਦਿਹਾੜੇ ਤੇ ਵਿਸ਼ੇਸ਼



ਗੁਰਿੰਦਰਜੀਤ ਸਿੰਘ
"ਨੀਟਾ ਮਾਛੀਕੇ"
559-333-5776

ਵਿਸ਼ਵ ਮਾਂ ਬੋਲੀ ਦਿਹਾੜਾ ਸਾਰਿਆ ਨੂੰ ਮੁਬਾਰਕ ਹੋਵੇ। ਹਰ ਕਿਸੇ ਨੂੰ ਆਪਣੀ ਮਾਂ ਬੋਲੀ ਨਾਲ ਪਿਆਰ ਹੋਣਾ ਚਾਹੀਦਾ। ਸਾਨੂੰ ਵੀ ਘਰ ਵਿੱਚ ਬੱਚਿਆ ਨਾਲ ਪੰਜਾਬੀ ਬੋਲਣੀ ਚਾਹੀਦੀ ਹੈ, ਬੱਚਿਆਂ ਨੂੰ ਪੰਜਾਬੀ ਸਿਖਾਓ। ਕਿਉਕੇ ਕਿਸੇ ਵੀ ਹੋਰ ਬੋਲੀ ਨੂੰ ਸਿੱਖਣ ਲਈ ਮਾਂ ਬੋਲੀ ਆਉਣੀ ਬਹੁਤ ਜ਼ਰੂਰੀ ਹੈ। ਜੋ ਗੱਲਾਂ-ਬਾਤਾਂ ਦੁੱਖ ਸੁੱਖ ਆਪਣੀ ਮਾਂ ਬੋਲੀ ਵਿੱਚ ਕਰਨ ਦਾ ਨਜ਼ਾਰਾ ਆਉਂਦਾ, ਹੋਰ ਕਿਸੇ ਬੋਲੀ ਵਿੱਚ ਉਹ ਗੱਲ ਨੀਂ ਬਣਦੀ। ਇਸ ਵਿਸ਼ੇਸ਼ ਦਿਹਾੜੇ ਤੇ ਮਾਂ ਬੋਲੀ ਸਬੰਧੀ ਕੁਝ ਕੁ ਜਾਣਕਾਰੀ ਤੁਹਾਡੇ ਨਾਲ ਸਾਂਝੀ ਕਰਨੀ ਚਾਹਾਂਗਾ।




ਪੰਜਾਬੀ ਇੱਕ ਇੰਡੋ-ਆਰੀਅਨ ਬੋਲੀ ਹੈ ਜੋ ਪੰਜਾਬੀ ਲੋਕਾਂ ਦੁਆਰਾ ਬੋਲੀ ਜਾਂਦੀ ਹੈ ਅਤੇ ਪੰਜਾਬੀ ਬੋਲਣ ਵਾਲੇ ਲੋਕ ਪਾਕਿਸਤਾਨ ਅਤੇ ਭਾਰਤ ਦੇ ਪੰਜਾਬ ਖੇਤਰ ਦੇ ਮੂਲ ਨਿਵਾਸੀ ਹਨ। ਪੰਜਾਬੀ ਦੁਨੀਆਂ ਵਿੱਚ 9ਵੀਂ ਸਭ ਤੋਂ ਵੱਧ ਬੋਲੀ ਜਾਣ ਵਾਲੀ ਬੋਲੀ ਹੈ। ਪੰਜਾਬੀ ਪਾਕਿਸਤਾਨ ਵਿੱਚ ਸਭ ਤੋਂ ਵੱਧ ਬੋਲੀ ਜਾਣ ਵਾਲੀ ਬੋਲੀ ਹੈ ਅਤੇ ਭਾਰਤ ਵਿੱਚ 11ਵੀਂ ਸਭ ਤੋਂ ਵੱਧ ਬੋਲੀ ਜਾਣ ਵਾਲੀ ਬੋਲੀ ਹੈ, ਅਤੇ ਭਾਰਤੀ ਉਪ ਮਹਾਂਦੀਪ ਵਿੱਚ ਤੀਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਮੂਲ ਬੋਲੀ ਹੈ। ਪੰਜਾਬੀ ਇੰਗਲੈਂਡ ਵਿੱਚ ਤੀਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਬੋਲੀ ਹੈ ਅਤੇ ਕੈਨੇਡਾ ਵਿੱਚ ਪੰਜਵੀਂ ਸਭ ਤੋਂ ਵੱਧ ਬੋਲੀ ਜਾਣ ਵਾਲੀ ਮੂਲ ਬੋਲੀ ਹੈ। ਸੰਯੁਕਤ ਅਰਬ ਅਮੀਰਾਤ, ਅਮਰੀਕਾ, ਫਰਾਂਸ, ਆਸਟ੍ਰੇਲੀਆ, ਨਿਊਜ਼ੀਲੈਂਡ, ਇਟਲੀ ਅਤੇ ਨੀਦਰਲੈਂਡ ਵਿੱਚ ਵੀ ਇਸਦੀ ਮਹੱਤਵਪੂਰਨ ਮੌਜੂਦਗੀ ਹੈ।

ਪੂਰੀ ਦੁਨੀਆਂ ਵਿੱਚ ਲਗਭਗ 113 ਮਿਲੀਅਨ ਲੋਕ ਪੰਜਾਬੀ ਬੋਲਦੇ ਹਨ। ਪਾਕਿਸਤਾਨ ਵਿੱਚ 80.05 ਮਿਲੀਅਨ ਲੋਕ ਪੰਜਾਬੀ ਬੋਲਦੇ ਹਨ। ਪੰਜਾਬੀ ਪਾਕਿਸਤਾਨ ਦੇ ਪੰਜਾਬ ਸੂਬੇ ਦੀ ਸੂਬਾਈ ਬੋਲੀ ਹੈ ਅਤੇ ਇਸ ਨੂੰ ਰਾਸ਼ਟਰੀ ਪੱਧਰ 'ਤੇ ਅਧਿਕਾਰਤ ਦਰਜਾ ਨਹੀਂ ਦਿੱਤਾ ਗਿਆ ਹੈ। ਭਾਰਤ ਵਿੱਚ, ਪੰਜਾਬੀ 31.1 ਮਿਲੀਅਨ ਲੋਕਾਂ ਦੁਆਰਾ ਬੋਲੀ ਜਾਂਦੀ ਹੈ (2011 ਤੱਕ) ਅਤੇ ਪੰਜਾਬ ਰਾਜ ਵਿੱਚ ਇਸਦਾ ਅਧਿਕਾਰਤ ਦਰਜਾ ਹੈ। ਇਹ ਬੋਲੀ ਇੱਕ ਮਹੱਤਵਪੂਰਨ ਵਿਦੇਸ਼ੀ ਡਾਇਸਪੋਰਾ ਵਿੱਚ ਬੋਲੀ ਜਾਂਦੀ ਹੈ, ਖਾਸ ਕਰਕੇ ਕੈਨੇਡਾ, ਅਮਰੀਕਾ ਅਤੇ ਯੂਨਾਈਟਿਡ ਕਿੰਗਡਮ ਵਿੱਚ।

ਪਾਕਿਸਤਾਨ ਵਿੱਚ, ਪੰਜਾਬੀ ਸ਼ਾਹਮੁਖੀ ਲਿਪੀ ਦੀ ਵਰਤੋਂ ਕਰਕੇ ਲਿਖੀ ਜਾਂਦੀ ਹੈ, ਜਦੋਂ ਕਿ ਭਾਰਤ ਵਿੱਚ ਗੁਰਮੁਖੀ ਦੀ ਵਰਤੋਂ ਕੀਤੀ ਜਾਂਦੀ ਹੈ। ਪੰਜਾਬ ਦੇ ਵੱਖੋ ਵੱਖ ਇਲਾਕਿਆਂ ਵਿੱਚ ਕਈ ਸ਼ਬਦਾ-ਲਫਜ਼ਾਂ ਦੇ ਬੋਲਣ ਦਾ ਥੋੜਾ ਬਹੁਤ ਅੰਤਰ ਹੈ।

# ਪੰਜਾਬ ਦਾ ਦਲਿਤ ਸਮਾਜਿਕ ਅਤੇ ਆਰਥਿਕ ਮਾਰ ਦਾ ਸ਼ਿਕਾਰ



ਸੁੱਚਾ ਰਾਮ ਲੱਧੜ
(ਸਾਬਕਾ ਆਈਏਐੱਸ)
94175-00610

ਇਕ ਸਰਵੇ ਮੁਤਾਬਕ ਪੰਜਾਬ ਵਿਚ ਡੇਢ ਲੱਖ ਪੰਚਾਇਤਾਂ ਕੋਲ ਵਾਹੀਯੋਗ ਜ਼ਮੀਨ ਹੈ। ਸੰਨ 1994 ਦੇ ਐਕਟ ਮੁਤਾਬਕ ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਹਰ ਪਿੰਡ ਦੀ ਵਾਹੀਯੋਗ ਜ਼ਮੀਨ ਦਾ ਇਕ ਤਿਹਾਈ ਹਿੱਸਾ ਹਰ ਸਾਲ ਦੇਣਾ ਲਾਜ਼ਮੀ ਹੈ। ਕਿਉਂਕਿ ਹਕੀਕਤ ਵਿਚ ਇਸ ਐਕਟ ਦੀ ਪਾਲਣਾ ਨਹੀਂ ਸੀ ਹੋ ਰਹੀ, ਸੋ ਸੰਗਰੂਰ ਜ਼ਿਲ੍ਹੇ ਦੇ ਕੁਝ ਪਿੰਡਾਂ ਵਿਚ ਆਪਣੇ ਹੱਕਾਂ ਲਈ ਦਲਿਤਾਂ ਵੱਲੋਂ ਸੰਘਰਸ਼ ਵਿੱਢਿਆ ਗਿਆ। ਕੁਝ ਲੜਾਈ-ਝਗੜੇ ਵੀ ਹੋਏ ਅਤੇ ਪਰਚੇ-ਖਰਚੇ ਵੀ ਹੋਏ। ਲੋਕੀਂ ਫੱਟੜ ਵੀ ਹੋਏ ਤੇ ਜੇਲ੍ਹ ਵੀ ਗਏ। ਪੰਜਾਬ ਸਰਕਾਰ ਨੇ ਪੀੜਤ ਲੋਕਾਂ ਨੂੰ ਰਾਹਤ ਪਹੁੰਚਾਉਣ ਦੀ ਮਨਸ਼ਾ ਨਾਲ 17 ਫਰਵਰੀ 2017 ਨੂੰ ਦਲਿਤਾਂ ਦੇ ਕਨੂੰਨਨ ਹੱਕ ਦੇਣ ਲਈ ਕੁਝ ਹਦਾਇਤਾਂ ਜਾਰੀ ਕੀਤੀਆਂ ਸਨ। ਇਨ੍ਹਾਂ ਹਦਾਇਤਾਂ ਦਾ ਅਸਰ ਵੀ ਹੋਇਆ ਤੇ ਪਿਛਲੇ ਪੰਜ ਸਾਲ ਅਮਨ-ਅਮਾਨ ਨਾਲ ਗੁਜ਼ਰੇ। ਜੇਕਰ ਪਿਛੋਕੜ 'ਤੇ ਝਾਤ ਮਾਰੀ ਜਾਵੇ ਤਾਂ ਦਲਿਤ ਅੱਜ ਵੀ ਸਾਂਝੀਵਾਲਤਾ ਦੀ ਕਹੀ ਜਾਣ ਵਾਲੀ ਧਰਤੀ 'ਤੇ ਜਾਤ-ਪਾਤ, ਜ਼ੋਰ-ਜ਼ੁਲਮ, ਅਨਿਆਂ ਅਤੇ ਨਾ-ਬਰਾਬਰੀ ਦਾ ਸ਼ਿਕਾਰ ਹਨ। ਜਦੋਂ ਜ਼ੁਲਮ ਕਰਨ ਵਾਲਿਆਂ ਨੂੰ ਸਰਕਾਰ ਦੀ ਸ਼ਹਿ ਹੋਵੇ ਤਾਂ ਜ਼ੁਲਮ ਅਕਹਿ ਅਤੇ ਅਸਹਿ ਹੋ ਜਾਂਦਾ ਹੈ। ਫਿਰ ਸੁਣਵਾਈ ਕਿਧਰੇ ਨਹੀਂ ਹੁੰਦੀ।



ਇਹੀ ਹਾਲ ਪੰਜਾਬ ਦਾ ਹੋ ਰਿਹਾ ਹੈ। ਸਰਕਾਰ ਬਦਲਣ ਨਾਲ ਸਿਰਫ਼ ਚਿਹਰੇ ਬਦਲਦੇ ਹਨ, ਦਲਿਤਾਂ ਦੀ ਹੋਣੀ ਨਹੀਂ ਬਦਲਦੀ। ਸਦੀਆਂ ਤੋਂ ਪੰਜਾਬ ਦਾ ਦਲਿਤ ਸਮਾਜਿਕ ਅਤੇ ਆਰਥਿਕ ਮਾਰ ਦਾ ਸ਼ਿਕਾਰ ਰਿਹਾ ਹੈ। ਸੰਨ 1900 ਵਿਚ ਪੰਜਾਬ ਲੈਂਡ ਐਲੀਨੇਸ਼ਨ ਐਕਟ ਪਾਸ ਹੋਇਆ ਸੀ ਜਿਸ ਤਹਿਤ ਜੋ ਖੇਤੀਬਾੜੀ ਕਬੀਲੇ ਨਹੀਂ ਸਨ, ਨੂੰ ਜ਼ਮੀਨ ਖ਼ਰੀਦਣ 'ਤੇ ਪਾਬੰਦੀ ਲਾ ਦਿੱਤੀ ਗਈ। ਦਲਿਤਾਂ ਦੀ ਰੋਜ਼ੀ-ਰੋਟੀ ਪਿੰਡਾਂ ਵਿਚ ਕਿਸਾਨ ਨਾਲ ਕੰਮ ਕਰਨਾ ਸੀ ਅਤੇ ਉਹ ਖੇਤੀਬਾੜੀ ਨਾਲ ਜੁੜੇ ਧੰਦਿਆਂ ਤੋਂ ਆਪਣਾ ਪੇਟ ਪਾਲਦਾ ਸੀ ਪਰ ਅਨਪੜ੍ਹਤਾ ਅਤੇ ਸੰਗਠਿਤ ਨਾ ਹੋਣ ਕਾਰਨ ਆਪਣੇ ਹਿੱਤਾਂ ਦੀ ਰਾਖੀ ਨਾ ਕਰ ਸਕਿਆ। ਪੂਰੇ ਭਾਰਤ ਵਿਚ ਪੰਜਾਬ (ਹਿਮਾਚਲ, ਹਰਿਆਣਾ, ਪੂਰਬੀ ਤੇ ਪੱਛਮੀ ਪਾਕਿਸਤਾਨ) ਹੀ ਅਜਿਹਾ ਸੂਬਾ ਸੀ ਜਿੱਥੇ ਦਲਿਤ ਜ਼ਮੀਨ ਨਹੀਂ ਸੀ ਖ਼ਰੀਦ ਸਕਦਾ। ਸਦੀਆਂ ਦੇ ਅਨਿਆਂ ਨੇ ਦਲਿਤ ਸਮਾਜ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਉਨ੍ਹਾਂ ਵਿਚ ਸਾਧਨ ਹੀਣਤਾ ਅਤੇ ਆਰਥਿਕ ਕਮਜ਼ੋਰੀ ਦੇ ਨਾਲ-ਨਾਲ ਛੂਆ-ਛਾਤ ਨੇ ਉਨਾਂ ਦਾ ਲੱਕ ਤੋੜ ਕੇ ਰੱਖ ਦਿੱਤਾ। ਜਾਤ-ਪਾਤ ਦੀ ਬੁਰਾਈ ਨੇ ਤਰੱਕੀ ਦੇ ਸਾਰੇ ਰਸਤੇ ਬੰਦ ਕਰ ਦਿੱਤੇ। ਪੰਜਾਬ ਦੀ 35% ਦਲਿਤ ਵਸੋਂ ਕੋਲ ਸਿਰਫ਼ 3.2% ਜ਼ਮੀਨ ਹੈ। ਪੂਰੇ ਭਾਰਤ ਵਿਚ ਇਹ ਅੰਕੜਾ 8.6% ਹੈ। ਜਦਕਿ 61000 ਤੋਂ ਉੱਪਰ ਪੰਜਾਬ ਦੇ ਕਿਸਾਨਾਂ ਕੋਲ ਲੈਂਡ ਸੀਲਿੰਗ (17.5 ਸਟੈਂਡਰਡ ਏਕੜ ਅਤੇ 52 ਬੈਰਨ ਏਕੜ) ਤੋਂ ਉੱਪਰ ਜ਼ਮੀਨ ਉਪਲਬਧ ਹੈ। ਉਂਜ ਹੁਣ ਸਿੰਚਾਈ ਸਾਧਨਾਂ ਕਾਰਨ ਪੰਜਾਬ ਵਿਚ ਕੋਈ ਵੀ ਬੈਰਨ ਲੈਂਡ ਨਹੀਂ ਰਹੀ। ਇਸ ਲਈ ਦੁਬਾਰਾ ਲੈਂਡ ਸੀਲਿੰਗ ਐਕਟ ਅਤੇ ਸਰਵੇ ਦੀ ਲੋੜ ਹੈ। ਪੰਜਾਬ ਵਿਚ ਪੰਚਾਇਤੀ ਰਾਜ ਐਕਟ ਦੀ ਪਰਵਾਹ ਕੋਈ ਨਹੀਂ ਕਰਦਾ। ਜਦੋਂ ਅਫ਼ਸਰ ਅਤੇ ਸਿਆਸੀ ਲੋਕ ਖ਼ੁਦ ਜ਼ਮੀਨਾਂ 'ਤੇ ਕਬਜ਼ੇ ਕਰਨ ਲੱਗ ਪੈਣ ਤਾਂ ਕਮਜ਼ੋਰ ਦਲਿਤਾਂ ਦੀ ਗੱਲ ਕੌਣ ਸੁਣੇਗਾ। (ਇਹ ਸੱਚਾਈ ਤੱਥਾਂ ਸਮੇਤ ਚੰਦਰ ਸ਼ੇਅਰ ਕਮੇਟੀ ਨੇ ਹਾਈ ਕੋਰਟ ਨੂੰ ਦਿੱਤੀ ਹੈ)। ਪੰਚਾਇਤ ਮਹਿਕਮੇ ਦੀ ਅਹਿਮੀਅਤ ਇਸ ਗੱਲ ਤੋਂ ਵੀ ਲਾਈ ਜਾ ਸਕਦੀ ਹੈ ਕਿ ਅੱਜ ਤਕ ਇਕ ਵੀ ਦਲਿਤ ਇਸ ਮਹਿਕਮੇ ਦਾ ਮੰਤਰੀ ਨਹੀਂ ਲੱਗ ਸਕਿਆ। ਦਲਿਤਾਂ ਨੂੰ ਪੰਚਾਇਤੀ ਜ਼ਮੀਨ ਦਾ ਬਣਦਾ ਹਿੱਸਾ ਨਾ ਮਿਲਣ ਦੇ ਕਈ ਕਾਰਨ ਹਨ : ਪਹਿਲਾ ਕਾਰਨ ਹੈ ਕਿ ਬੇਜ਼ਮੀਨੇ ਹੋਣ ਕਾਰਨ ਖੇਤੀਬਾੜੀ ਉਨ੍ਹਾਂ ਦਾ ਪੁਸ਼ਤੈਨੀ ਧੰਦਾ ਨਹੀਂ ਹੈ। ਖ਼ਾਸ ਕਰਕੇ ਹਰੇ ਇਨਕਲਾਬ ਤੋਂ ਬਾਅਦ ਦਲਿਤਾਂ ਨੂੰ ਠੇਕੇ 'ਤੇ ਜਾਂ ਬਟਾਈ 'ਤੇ ਵੀ ਜ਼ਮੀਨ ਵਾਹੁਣ ਲਈ ਨਹੀਂ ਮਿਲਦੀ।

ਇਸ ਲਈ ਟਰੈਕਟਰ ਆਦਿ ਸੰਦਾਂ ਲਈ ਉਨ੍ਹਾਂ ਕੋਲ ਸਰਮਾਇਆ ਨਹੀਂ ਹੈ। ਇਕ ਸਾਲ ਲਈ ਪੰਚਾਇਤ ਦੀ ਜ਼ਮੀਨ ਮਿਲ ਵੀ ਜਾਵੇ ਤਾਂ ਅਗਲੇ ਸਾਲ ਦਾ ਭਰੋਸਾ ਨਹੀਂ ਕਿ ਜ਼ਮੀਨ ਮਿਲੇਗੀ ਵੀ ਕਿ ਨਹੀਂ। ਦੂਸਰਾ ਕਾਰਨ ਹੈ ਕਿ ਦਲਿਤਾਂ ਦੇ ਹਿੱਸੇ ਦੀ ਜ਼ਮੀਨ ਦੀ ਬੋਲੀ ਦਲਿਤ ਨੂੰ ਮੂਹਰੇ ਰੱਖ ਕੇ ਕੋਈ ਗ਼ੈਰ-ਦਲਿਤ ਦੇ ਰਿਹਾ ਹੁੰਦਾ ਹੈ। ਪੈਸੇ ਗ਼ੈਰ-ਦਲਿਤ ਦਿੰਦੇ ਹਨ ਪਰ ਬੋਲੀ ਦਲਿਤ ਦੇ ਨਾਂ 'ਤੇ ਟੁੱਟਦੀ ਹੈ। ਸਿਰਫ਼ ਕਾਗਜ਼ੀ ਕਾਰਵਾਈ ਹੁੰਦੀ ਹੈ। ਤੀਸਰਾ ਅਹਿਮ ਕਾਰਨ ਹਉਮੈ ਦਾ ਹੈ, ਪਿੰਡਾਂ ਵਿਚ ਜਿੱਥੇ ਗੁਰਦੁਆਰੇ ਜਾਤ ਆਧਾਰਤ ਹਨ, ਸ਼ਮਸ਼ਾਨਘਾਟ ਵੱਖਰੇ ਹਨ , ਰਿਹਾਇਸ਼ੀ ਮੁਹੱਲੇ ਵੱਖਰੇ ਹਨ, ਉੱਥੇ ਦਲਿਤ ਜ਼ਮੀਨ ਵਾਹ ਕੇ ਉੱਚ ਜਾਤੀਆਂ ਦੀ ਬਰਾਬਰੀ ਕਰਨ, ਇਹ ਗੱਲ ਪਿੰਡਾਂ ਦੇ ਕਈ ਅਖੌਤੀ ਜਾਤ ਅਭਿਮਾਨੀ ਲੋਕਾਂ ਨੂੰ ਹਜ਼ਮ ਨਹੀਂ ਹੁੰਦੀ।

ਇਹ ਸੱਚਾਈ ਭਾਵੇਂ ਇੱਕੀਵੀਂ ਸਦੀ ਦੇ ਪੰਜਾਬ ਵਿਚ ਪੜ੍ਹੇ-ਲਿਖੇ ਲੋਕਾਂ ਨੂੰ ਅਜੀਬ ਲੱਗੇ ਪਰ ਹੈ ਤਲਖ਼ ਹਕੀਕਤ। ਨਹੀਂ ਤਾਂ ਸੰਗਰੂਰ ਜ਼ਿਲ੍ਹੇ ਦੇ ਪਿੰਡਾਂ ਵਿਚ ਲੜਾਈ ਕਿਉਂ ਹੁੰਦੀ, ਜੋ ਹੱਕ ਕਾਨੂੰਨ ਦਿੰਦਾ ਹੈ ਉਸ ਨੂੰ ਪ੍ਰਾਪਤ ਕਰਨ ਲਈ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀਆਂ ਕਿਉਂ ਬਣਦੀਆਂ? ਦਲਿਤ ਸਿਰਫ਼ ਵੋਟ ਬੈਂਕ ਹਨ। ਚੋਣਾਂ ਮੌਕੇ ਉਨ੍ਹਾਂ ਨੂੰ ਅਸਮਾਨੀ ਵਾਅਦੇ ਕੀਤੇ ਜਾਂਦੇ ਹਨ। ਅਗਲੀ ਸਰਕਾਰ ਦੇ ਸਹੁੰ ਚੁੱਕਣ ਤੋਂ ਪਹਿਲਾਂ ਨਾ ਸਿਰਫ਼ ਇਹ ਵਾਅਦੇ ਭੁਲਾ ਦਿੱਤੇ ਜਾਂਦੇ ਹਨ ਬਲਕਿ ਪਹਿਲਾਂ ਦਿੱਤੇ ਲਾਭ ਵੀ ਵਾਪਸ ਲੈ ਲਏ ਜਾਂਦੇ ਹਨ। ਸਮਾਜਿਕ ਤੌਰ 'ਤੇ ਪੱਛੜੇ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੀ ਸਰਕਾਰ ਨੇ ਧਿਰ ਬਣ ਕੇ ਉਸ ਦੇ ਹੱਕਾਂ ਦੀ ਰੱਖਿਆ ਕਰਨੀ ਹੁੰਦੀ ਹੈ ਪਰ ਸਰਕਾਰ ਖ਼ੁਦ ਹੀ ਮਤਰੇਆ ਸਲੂਕ ਕਰਨਾ ਸ਼ੁਰੂ ਕਰ ਦੇਵੇ ਤਾਂ ਕੀ ਕੀਤਾ ਜਾਵੇ।

ਦਲਿਤਾਂ ਦੇ ਹੱਕਾਂ ਦੀ ਰਾਖੀ ਲਈ 21 ਫਰਵਰੀ 2017 ਨੂੰ ਮਹਿਕਮੇ ਨੇ ਕੁਝ ਹਦਾਇਤਾਂ ਜਾਰੀ ਕੀਤੀਆਂ ਸਨ ਤਾਂ ਜੋ ਐਕਟ ਦਾ ਸਹੀ ਲਾਭ ਦਲਿਤਾਂ ਨੂੰ ਮਿਲ ਸਕੇ : ਪਹਿਲੀ ਹਦਾਇਤ ਇਹ ਸੀ ਕਿ ਇਕ ਤਿਹਾਈ ਪੰਚਾਇਤੀ ਜ਼ਮੀਨ ਦੀ ਬੋਲੀ ਅਲੱਗ ਸਥਾਨ, ਸਮੇਂ ਅਤੇ ਮਿਤੀ 'ਤੇ ਹੋਵੇਗੀ। ਦੂਸਰਾ- ਉਸ ਬੋਲੀ ਦੌਰਾਨ ਕੋਈ ਗ਼ੈਰ-ਦਲਿਤ ਹਾਜ਼ਰ ਨਹੀਂ ਹੋਵੇਗਾ। ਤੀਸਰਾ-ਉਸ ਬੋਲੀ ਵਿਚ ਉਹ ਦਲਿਤ ਵਿਅਕਤੀ ਜੋ ਕਿਸੇ ਜ਼ਿਮੀਂਦਾਰ ਨਾਲ ਸੀਰੀ ਦਾ ਕੰਮ ਕਰਦਾ ਹੈ, ਬੋਲੀ ਨਹੀਂ ਦੇ ਸਕਦਾ।

ਚੌਥਾ- ਦਲਿਤ ਪਰਿਵਾਰ ਨੂੰ ਬੋਲੀ ਇਕ ਸਾਲ ਦੀ ਬਜਾਏ ਤਿੰਨ ਸਾਲ ਲਈ ਦਿੱਤੀ ਜਾ ਸਕਦੀ ਹੈ। ਪੰਜਵਾਂ-ਬੇਨਾਮੀ ਬੋਲੀ ਜੇਕਰ ਕਿਸੇ ਗ਼ੈਰ ਦਲਿਤ ਵੱਲੋਂ ਦਿੱਤੀ ਸਾਬਿਤ ਹੁੰਦੀ ਹੈ ਤਾਂ ਅਜਿਹੀ ਬੋਲੀ ਰੱਦ ਸਮਝੀ ਜਾਵੇਗੀ। ਬੋਲੀ ਦੀ ਰਕਮ ਜ਼ਬਤ ਕਰ ਲਈ ਜਾਵੇਗੀ। ਫ਼ਸਲ ਵੀ ਜ਼ਬਤ ਕੀਤੀ ਜਾਵੇਗੀ ਅਤੇ ਬੋਲੀ ਦੇਣ ਵਾਲੇ ਤੇ ਜ਼ਿੰਮੇਵਾਰ ਗ਼ੈਰ-ਦਲਿਤ 'ਤੇ ਪੰਜ ਸਾਲ ਲਈ ਪਾਬੰਦੀ ਲਾਈ ਜਾਵੇਗੀ। ਇਸ ਤਰ੍ਹਾਂ ਦੇ ਕੇਸਾਂ ਦੀ ਪੜਤਾਲ ਕੁਲੈਕਟਰ ਦੀ ਅਗਵਾਈ ਹੇਠ ਬਣੀ ਇਕ ਬਹੁ-ਮੈਂਬਰੀ ਕਮੇਟੀ ਕਰੇਗੀ। ਦਲਿਤਾਂ ਦੇ ਹੱਕਾਂ ਦੀ ਰਾਖੀ ਲਈ ਜ਼ਿਲ੍ਹਾ ਪੱਧਰ ਦਾ ਇਕ ਸੰਗਠਨ ਡੀਡੀਪੀਓ ਦੀ ਅਗਵਾਈ ਹੇਠ ਬਣਨਾ ਲਾਜ਼ਮੀ ਕੀਤਾ ਗਿਆ। ਇਨ੍ਹਾਂ ਹਦਾਇਤਾਂ ਦਾ ਇਸ਼ਤਿਹਾਰ ਵਿਚ ਛਪਣਾ ਵੀ ਲਾਜ਼ਮੀ ਕਰ ਦਿੱਤਾ ਗਿਆ ਤਾਂ ਜੋ ਆਮ ਜਨਤਾ ਨੂੰ ਕੋਈ ਸ਼ੱਕ ਨਾ ਰਹੇ। ਕੀ ਪਹਿਲੀ ਸਰਕਾਰ ਜ਼ਿੰਮੇਵਾਰ ਹੈ ਜਾਂ ਅਫ਼ਸਰਸ਼ਾਹੀ? ਇਹ ਵੇਖਣਾ ਹੋਵੇਗਾ। ਦਲਿਤ ਸਿਆਸੀ ਲੋਕਾਂ 'ਚ ਆਪਣੇ ਵਰਗ ਦੇ ਹਿੱਤਾਂ ਨੂੰ ਸੁਰੱਖਿਅਤ ਰੱਖਣ ਦੀ ਭਾਵਨਾ ਨਜ਼ਰ ਨਹੀਂ ਆ ਰਹੀ। ਸ਼ਾਇਦ ਉਹ ਨਿੱਜੀ ਹਿੱਤਾਂ ਨੂੰ ਤਰਜੀਹ ਦਿੰਦੇ ਹਨ ਤੇ ਚੁੱਪ ਹਨ। ਬਾਬਾ ਸਾਹਿਬ ਅੰਬੇਡਕਰ ਦੇ ਸ਼ਬਦ ਕਿਸੇ ਪੈਗੰਬਰ ਤੋਂ ਘੱਟ ਨਹੀਂ ਜਾਪਦੇ, "ਸੰਵਿਧਾਨ ਜਿੰਨਾ ਮਰਜ਼ੀ ਚੰਗਾ ਹੋਵੇ ਜੇ ਲਾਗੂ ਕਰਨ ਵਾਲੇ ਲੋਕ ਚੰਗੇ ਨਾ ਹੋਏ ਤਾਂ ਚੰਗਾ ਸੰਵਿਧਾਨ ਵੀ ਮਾੜਾ ਸਾਬਿਤ ਹੋਵੇਗਾ।"


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook
rajasweetsandcatering
Follow us on Twitter
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੈਂਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
**530-824-5134**

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
**650-642-0697**

**3525 Highway 99, West Corning, CA 96021**
Across the Street from TA Truck Stop





# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust